# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 6 | Issue 39 | 04 October to 10 October 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# ਲਾਸ ਵੇਗਸ 'ਚ ਸੰਗੀਤ ਸਮਾਰੋਹ 'ਤੇ ਗੋਲੀਬਾਰੀ ਨਾਲ 59 ਮੌਤਾਂ; 500 ਤੋਂ ਵੱਧ ਲੋਕ ਜ਼ਖ਼ਮੀ

## *ਬੰਦੂਕਧਾਰੀ ਨੇ ਹੋਟਲ ਦੀ 32ਵੀਂ ਮੰਜ਼ਿਲ ਤੋਂ ਵਰ੍ਹਾਈਆਂ ਗੋਲੀਆਂ*

ਲਾਸ ਏਂਜਲਸ/ਬਿਊਰੋ ਨਿਊਜ਼ : ਅਮਰੀਕੀ ਸ਼ਹਿਰ ਲਾਸ ਵੇਗਸ ਵਿੱਚ ਇਕ ਭਿਆਨਕ ਹਮਲੇ ਦੌਰਾਨ ਇਕ ਬੰਦੂਕਧਾਰੀ ਨੇ ਸੰਗੀਤ ਸਮਾਗਮ ਵਿੱਚ ਅੰਨ੍ਹੇਵਾਹ ਗੋਲੀਆਂ ਚਲਾ ਕੇ ਘੱਟੋ-ਘੱਟ 59 ਲੋਕਾਂ ਨੂੰ ਮਾਰ ਦਿੱਤਾ ਅਤੇ ਸੈਂਕੜੇ ਹੋਰਨਾਂ ਨੂੰ ਜ਼ਖ਼ਮੀ ਕਰ ਦਿੱਤਾ। ਇਹ ਫਾਇਰਿੰਗ ਰਾਹੀਂ ਲੋਕਾਂ ਦੀ ਜਾਨ ਲੈਣ ਦਾ ਆਧੁਨਿਕ ਅਮਰੀਕੀ ਇਤਿਹਾਸ ਦਾ ਹੁਣ ਤੱਕ ਦਾ ਸਭ ਤੋਂ ਭਿਆਨਕ ਹਮਲਾ ਮੰਨਿਆ ਜਾ ਰਿਹਾ ਹੈ। ਘਟਨਾ ਵਿੱਚ ਮਾਰੇ ਗਏ ਜਾਂ ਜ਼ਖ਼ਮੀ ਹੋਏ ਲੋਕਾਂ ਵਿੱਚ ਕੋਈ ਭਾਰਤੀ ਸ਼ਾਮਲ ਨਹੀਂ ਹੈ।

ਅਮਰੀਕੀ ਪੁਲੀਸ ਨੇ ਕਿਹਾ ਕਿ ਹਮਲਾਵਰ ਗੰਨਮੈਨ ਦੀ ਪਛਾਣ ਨੇਵਾਦਾ ਸੂਬੇ ਦੇ ਵਾਸੀ ਸਟੀਫਨ ਪੈਡੌਕ (64 ਸਾਲ) ਵਜੋਂ ਹੋਈ ਹੈ, ਜਿਸ ਨੇ ਸੰਗੀਤਕ ਸਮਾਗਮ ਵਾਲੀ ਥਾਂ ਨੇੜਲੇ ਹੋਟਲ-ਜੂਆਖ਼ਾਨੇ ਮਾਂਡਲੇ ਬੇਅ ਦੀ 32ਵੀਂ ਮੰਜ਼ਲ ਤੋਂ ਗੋਲੀਆਂ ਚਲਾਈਆਂ। ਜਦੋਂ ਸਵੈਟ ਟੀਮ ਫਾਇਰਿੰਗ ਵਾਲੀ ਥਾਂ 'ਤੇ ਪੁੱਜੀ ਤਾਂ

**ਬਾਕੀ ਸਫ਼ਾ 31 'ਤੇ**



ਹਮਲੇ ਵਿੱਚ ਜ਼ਖ਼ਮੀ ਹੋਏ ਵਿਅਕਤੀ ਨੂੰ ਚੁੱਕ ਕੇ ਲਿਜਾਂਦੇ ਹੋਏ ਉਸ ਦੇ ਜਾਣਕਾਰ।

### ਹਮਲਾਵਰ ਪੈਡੌਕ ਸੀ ਰਿਟਾਇਰਡ ਅਕਾਊਂਟੈਂਟ



ਲਾਸ ਵੇਗਸ : ਹਮਲਾਵਰ ਸਟੀਫਨ ਕਰੇਗ ਪੈਡੌਕ (64) ਇਕ ਸੇਵਾ-ਮੁਕਤ ਅਕਾਊਂਟੈਂਟ ਸੀ। ਉਹ ਮੈਸਟੀਕ ਵਿੱਚ ਇਕ ਗੋਲਫ਼ ਕੋਰਸ ਵਿੱਚ ਰਹਿੰਦਾ ਸੀ ਅਤੇ ਇਸ ਤੋਂ ਪਹਿਲਾਂ ਉਸ ਦਾ ਹਿੰਸਾ ਦਾ ਕੋਈ ਰਿਕਾਰਡ ਨਹੀਂ ਸੀ। ਉਸ ਦਾ ਨਾਂ ਇਸ ਹੌਲਨਾਕ ਘਟਨਾ

**ਬਾਕੀ ਸਫ਼ਾ 31 'ਤੇ**

# ਅੰਮ੍ਰਿਤਧਾਰੀ ਨੌਜਵਾਨ ਜਗਮੀਤ ਸਿੰਘ ਦੀ ਫਤਹਿ

## *ਕੈਨੇਡਾ ਦੀ ਮੁੱਖ ਵਿਰੋਧੀ ਧਿਰ ਐਨ.ਡੀ.ਪੀ. ਦੇ ਆਗੂ ਦੀ ਚੋਣ ਜਿੱਤ ਕੇ ਮੋਰਚਾ ਮਾਰਿਆ*

## *2019 ਦੀਆਂ ਚੋਣਾਂ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਪਾਰਟੀ ਨਾਲ ਲੈਣਗੇ ਟੱਕਰ*



ਅਪਣੀ ਮਾਂ ਬੀਬੀ ਹਰਮੀਤ ਕੌਰ, ਪਿਤਾ ਸ. ਜਗਤਾਰਨ ਸਿੰਘ, ਚੋਣ ਮੁਹਿੰਮ ਦੀ ਮੈਨੇਜਰ ਮਿਸ਼ੇਲ ਹੇਅ ਅਤੇ ਹੋਰਨਾਂ ਹਮਾਇਤੀਆਂ ਨਾਲ ਚੋਣ ਨਤੀਜਿਆਂ ਦੀਆਂ ਖ਼ਬਰਾਂ ਸੁਨਣ ਵੇਲੇ ਆਪਣੀ ਜਿੱਤ ਦਾ ਜਸ਼ਨ ਮਨਾਉਂਦੇ ਹੋਏ ਜਗਮੀਤ ਸਿੰਘ।

**ਟੋਰਾਂਟੋ/ਬਿਊਰੋ ਨਿਊਜ਼:** ਅੰਮ੍ਰਿਤਧਾਰੀ ਨੌਜਵਾਨ ਵਕੀਲ ਜਗਮੀਤ ਸਿੰਘ ਨੇ ਕੈਨੇਡਾ ਦੀ ਵਿਰੋਧੀ ਧਿਰ ਨਿਊ ਡੈਮੋਕਰੇਟਿਕ ਪਾਰਟੀ (ਐਨ ਡੀ ਪੀ) ਦੇ ਆਗੂ ਦੀ ਚੋਣ ਜਿੱਤ ਕੇ ਇਤਿਹਾਸ ਸਿਰਜ ਦਿੱਤਾ ਹੈ। ਉਹ ਇਸ ਅਹੁਦੇ ਉੱਤੇ ਪੁਜਣ ਵਾਲੇ ਪਹਿਲੇ ਗੈਰ-ਗੋਰਾ (ਨੌਨ-ਵ੍ਹਾਈਟ) ਵਿਅਕਤੀ ਹਨ। ਕੈਨੇਡਾ ਦੇ ਸਿੱਖ ਪਰਿਵਾਰ ਵਿੱਚ ਜਨਮੇ ਜਗਮੀਤ ਸਿੰਘ ਓਂਟਾਰੀਓ ਦੀ ਪ੍ਰੋਵਿਨਸ਼ੀਅਲ ਪਾਰਲੀਮੈਂਟ ਦੇ ਮੈਂਬਰ ਹਨ। ਦੇਸ਼ ਦੀਆਂ ਸੰਨ 2019 ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਪਾਰਟੀ ਨਾਲ ਟੱਕਰ ਲੈਣਗੇ।ਉਨ੍ਹਾਂ ਨੇ ਅਪਣੀ ਪਾਰਟੀ ਦੇ ਮੁਖੀ ਦੀ ਚੋਣ ਲਈ 53.6 ਪ੍ਰਤੀਸ਼ਤ ਵੋਟਾਂ ਪ੍ਰਾਪਤ ਕਰਕੇ ਅਪਣੇ ਤਿੰਨ ਵਿਰੋਧੀਆਂ ਨੂੰ ਹਰਾ ਕੇ ਜਿੱਤ ਹਾਸਲ ਕੀਤੀ।

ਖ਼ੁਸ਼ੀ ਵਿੱਚ ਖੀਵੇ ਹੋਏ ਬੇਹੱਦ ਉਤਸ਼ਾਹੀ ਨੌਜਵਾਨ ਸਿੱਖ ਆਗੂ ਨੇ ਕਿਹਾ, "ਅੱਜ ਤੋਂ ਮੈਂ ਕੈਨੇਡਾ ਦਾ ਅਗਲਾ ਪ੍ਰਧਾਨ ਮੰਤਰੀ ਬਣਨ ਲਈ ਅਪਣੀ ਮੁਹਿੰਮ ਅੱਜ ਤੋਂ ਸ਼ੁਰੂ ਕਰਨ ਦਾ ਐਲਾਨ ਕਰਦਾ ਹਾਂ।"

ਮੁਲਕ ਦੀ ਪ੍ਰਮੁੱਖ ਵਿਰੋਧੀ ਪਾਰਟੀ- ਐਨਡੀਪੀ ਦੇ ਮੁਖੀ ਦੀ ਚੋਣ ਵਿੱਚ ਕੁੱਲ ਚਾਰ ਉਮੀਦਵਾਰ ਸਨ ਅਤੇ ਜਗਮੀਤ ਸਿੰਘ ਨੂੰ 35,266 ਅਤੇ ਬਾਕੀ ਤਿੰਨਾਂ (ਚਾਰਲੀ ਐਂਗਸ 12,705, ਨਿੱਕੀ ਐਸ਼ਟਨ 11374 ਤੇ ਗਾਏ ਕੈਰਨ 6164) ਨੂੰ ਕੁੱਲ ਮਿਲਾ ਕੇ 30,243 ਵੋਟਾਂ ਪਈਆਂ

**ਬਾਕੀ ਸਫ਼ਾ 04 'ਤੇ**

# ਸੈਕਸ ਸਕੈਂਡਲ : ਗ੍ਰਿਫ਼ਤਾਰੀ ਦੇ ਡਰੋਂ ਲੰਗਾਹ ਨੇ ਅਦਾਲਤ ਦਾ ਦਰ ਖੜਕਾਇਆ

## *ਪੰਜਾਬ ਪੁਲੀਸ ਦਾ 'ਫ਼ਰਮਾਨ'- ਜਿੱਥੇ ਦਿਖੇ ਲੰਗਾਹ, ਤੁਰੰਤ ਗ੍ਰਿਫ਼ਤਾਰ ਕਰ ਲਓ*

- **ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਹਟਾਇਆ**
- **ਸ਼੍ਰੋਮਣੀ ਕਮੇਟੀ ਦੀ ਮੈਂਬਰੀ ਵੀ ਛੱਡੀ**

**ਗੁਰਦਾਸਪੁਰ/ਬਿਊਰੋ ਨਿਊਜ਼ :** ਪੰਜਾਬ ਦੇ ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਕੋਲ ਪਹੁੰਚ ਕਰ ਕੇ ਮੰਗ ਕੀਤੀ ਕਿ ਉਸ ਨੂੰ ਆਪਣੇ ਖ਼ਿਲਾਫ਼ ਦਰਜ ਬਲਾਤਕਾਰ ਦੇ ਕੇਸ ਵਿੱਚ 72 ਘੰਟੇ ਲਈ ਪੇਸ਼ਗੀ ਜ਼ਮਾਨਤ ਦਿੱਤੀ ਜਾਵੇ ਤਾਂ ਕਿ ਉਹ ਗੁਰਦਾਸਪੁਰ ਅਦਾਲਤ ਅੱਗੇ ਆਤਮ-ਸਮਰਪਣ ਕਰ ਸਕੇ ਅਤੇ ਪੁਲੀਸ ਦੇ 'ਤਸ਼ੱਦਦ' ਤੋਂ ਬਚ ਜਾਵੇ। ਇਸ ਤੋਂ ਪਹਿਲਾਂ ਲੰਗਾਹ ਨੇ ਚੰਡੀਗੜ੍ਹ ਦੀ ਹੇਠਲੀ ਅਦਾਲਤ ਵਿੱਚ ਆਤਮ ਸਮਰਪਣ ਕੀਤਾ ਸੀ। ਯੂਟੀ ਦੇ ਚੀਫ਼ ਜੁਡੀਸ਼ਲ ਮੈਜਿਸਟਰੇਟ ਦਰਜਾ ਅੱਵਲ (ਜੂਨੀਅਰ ਡਿਵੀਜ਼ਨ) ਹਿਰਦੇਜੀਤ ਸਿੰਘ ਨੇ ਹਾਲਾਂਕਿ ਮੁਲਜ਼ਮ ਦੀ ਆਤਮ ਸਮਰਪਣ ਦੀ ਅਰਜ਼ੀ ਖ਼ਾਰਜ ਕਰਦਿਆਂ ਗ੍ਰਿਫ਼ਤਾਰ ਕਰਨ ਤੋਂ ਨਾਂਹ ਕਰ ਦਿੱਤੀ। ਅਦਾਲਤ ਨੇ ਮੁਲਜ਼ਮ ਨੂੰ ਗੁਰਦਾਸਪੁਰ ਦੇ ਡਿਊਟੀ ਮਜਿਸਟਰੇਟ ਮੂਹਰੇ ਪੇਸ਼ ਹੋਣ ਲਈ ਕਿਹਾ।

**ਬਾਕੀ ਸਫ਼ਾ 23 'ਤੇ**



# 'ਪਾਪਾ ਦੀ ਪਰੀ' ਨੂੰ ਆਖ਼ਰ ਪੁਲੀਸ ਨੇ ਕੀਤਾ 'ਕੈਦ'

**ਚੰਡੀਗੜ੍ਹ/ਬਿਊਰੋ ਨਿਊਜ਼ :** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੀ ਗੋਦ ਲਈ ਧੀ ਹਨੀਪ੍ਰੀਤ ਇੰਸਾ ਨੂੰ 25 ਅਗਸਤ ਨੂੰ ਹਿੰਸਾ ਭੜਕਾਉਣ ਦੇ ਮਾਮਲੇ ਵਿੱਚ ਹਰਿਆਣਾ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ। ਹਨੀਪ੍ਰੀਤ ਦੇ ਕਿਸੇ ਅਣਦੱਸੀ ਥਾਂ ਉਤੇ ਦੋ ਪ੍ਰਾਈਵੇਟ ਟੈਲੀਵਿਜ਼ਨ ਚੈਨਲਾਂ ਦੇ ਪੱਤਰਕਾਰਾਂ ਨਾਲ ਗੱਲਬਾਤ ਕਰਨ ਤੋਂ ਕੁੱਝ ਘੰਟਿਆਂ ਬਾਅਦ ਇਹ ਗ੍ਰਿਫ਼ਤਾਰੀ ਹੋਈ। ਹਰਿਆਣਾ ਦੇ ਡੀਜੀਪੀ ਬੀ.ਐਸ. ਸੰਧੂ ਨੇ ਕਿਹਾ ਕਿ ਪ੍ਰਿਯੰਕਾ ਤਨੇਜਾ (36 ਸਾਲ) ਉਰਫ਼ ਹਨੀਪ੍ਰੀਤ ਨੂੰ ਜ਼ੀਰਕਪੁਰ-ਪਟਿਆਲਾ ਸੜਕ ਤੋਂ ਗ੍ਰਿਫ਼ਤਾਰ ਕੀਤਾ ਗਿਆ। ਵੱਡੇ ਪੱਧਰ ਉਤੇ ਮੁਹਿੰਮ ਚਲਾਉਣ ਦੇ ਬਾਵਜੂਦ ਇਕ ਮਹੀਨੇ ਤੋਂ ਵੱਧ ਸਮੇਂ ਤੋਂ ਹਨੀਪ੍ਰੀਤ ਨੂੰ ਗ੍ਰਿਫ਼ਤਾਰ ਨਾ ਕਰ ਸਕਣ ਕਾਰਨ ਹਰਿਆਣਾ ਪੁਲੀਸ ਨੂੰ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਡੇਰਾ ਮੁਖੀ ਨੂੰ ਜਬਰਜਨਾਹ ਦੇ ਕੇਸ ਵਿੱਚ ਦੋਸ਼ੀ ਠਹਿਰਾਉਣ ਮਗਰੋਂ ਭੜਕੀ ਹਿੰਸਾ ਦੇ ਮਾਮਲੇ ਵਿੱਚ ਸੂਬਾਈ ਪੁਲੀਸ ਨੂੰ ਲੋੜੀਂਦੇ 43 ਵਿਅਕਤੀਆਂ ਦੀ ਸੂਚੀ ਵਿੱਚ ਹਨੀਪ੍ਰੀਤ ਸਿਖ਼ਰ ਉਤੇ ਸੀ। ਪੰਚਕੂਲਾ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੁਲੀਸ ਕਮਿਸ਼ਨਰ ਏ.ਐਸ. ਚਾਵਲਾ ਨੇ ਕਿਹਾ, "ਹਨੀਪ੍ਰੀਤ ਨੂੰ ਪੰਜਾਬ ਵਿੱਚ ਜ਼ੀਰਕਪੁਰ-ਪਟਿਆਲਾ



**ਬਾਕੀ ਸਫ਼ਾ 31 'ਤੇ**


For Advertisements in Quomantry Amritsar Times Please Call :

Jai Singh

510-677-2777
















Punjabi Cultural Society
of Chicago
Proudly Presents
PCS NIGHT
2017
10th Chicago
Bhangra & Gidha
Competition
Saturday, October 14, 2017
7:00pm Sharp
Meadows Club
2950 W. Golf Road, Rolling Meadows, IL 60008
Tickets: $25 • $50 • $100
Front Row Reserved Seats. Children under 10 years Free
(Dinner included with $100 Tickets only)
PUNJABI CULTURAL SOCIETY OF CHICAGO
P. O. BOX 1244 - PALATINE, IL 60078
www.PCSChicago.org
Live Entertainment by
ANITA LERCHE
Punjabi Folk Dancer/Singer
from Denmark

## ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ, ਨਿਊਯਾਰਕ ਵਿਚ ਸਰਬ ਧਰਮ ਸੰਮੇਲਨ 10 ਅਕਤੂਬਰ ਨੂੰ

**ਨਿਊਯਾਰਕ/ਬਿਊਰੋ ਨਿਊਜ਼:** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ ਵਿਚ ਸਰਬਧਰਮ ਸੰਮੇਲਨ 10 ਅਕਤੂਬਰ 2017 ਮੰਗਲਵਾਰ ਨੂੰ ਕਰਵਾਇਆ ਜਾ ਰਿਹਾ ਹੈ। ਨਿਊਯਾਰਕ ਦੇ ਮੇਅਰ ਆਫਿਸ ਅਤੇ ਨਿਊਯਾਰਕ ਪੁਲੀਸ ਡਿਪਾਰਟਮੈਂਟ (NYPD) ਦੇ ਸਹਿਯੋਗ ਨਾਲ ਸਰਬਧਰਮ ਸੰਮੇਲਨ ਨਿਊਯਾਰਕ ਦੇ ਹਰ ਇਕ ਬੋਰੋ ਵਿਚ ਹੋਵੇਗਾ। ਜਿਸ ਅਧੀਨ ਕਵੀਨਜ਼ ਕਾਊਂਟੀ ਵਿਚ ਇਹ ਸੰਮੇਲਨ ਸਿੱਖ ਕਲਚਰਲ ਸੁਸਾਇਟੀ ਵਿਚ 10 ਅਕਤੂਬਰ 2017 ਨੂੰ ਸ਼ਾਮ 6:00 ਵਜੇ ਤੋਂ ਰਾਤੀਂ 9:00 ਵਜੇ ਤੱਕ ਹੋ ਰਿਹਾ ਹੈ ਇਸ ਸੰਮੇਲਨ ਵਿਚ ਸਾਰੇ ਧਰਮਾਂ ਦੀ ਪ੍ਰਤੀਨਿਧਤਾਂ ਕਰਦੇ ਆਗੂ, ਤਕਰੀਬਨ 500 ਦੇ ਕਰੀਬ ਲੋਕ ਸ਼ਾਮਲ ਹੋ ਰਹੇ ਹਨ।

ਸਿੱਖ ਭਾਈਚਾਰੇ ਦੀ ਉੱਘੀ ਸਖ਼ਸ਼ੀਅਤ ਭਾਈ ਗੁਰਦੇਵ ਸਿੰਘ ਕੰਗ (ਕਮਿਸ਼ਨਰ ਹਿਊਮਨ ਰਾਇਟਸ ਆਫ਼ ਨਿਊਯਾਰਕ) ਦੇ ਯਤਨਾਂ ਸਦਕਾ ਇਹ ਪ੍ਰੋਗਰਾਮ ਕਵੀਨਜ਼ ਵਿਚ ਸਿੱਖ ਕਲਚਰਲ ਸੁਸਾਇਟੀ ਵਿਚ ਕੀਤਾ ਜਾ ਰਿਹਾ ਹੈ।

ਸਿੱਖ ਕਲਚਰਲ ਸੁਸਾਇਟੀ ਦੇ ਮੁੱਖ ਸੇਵਾਦਾਰ ਕੁਲਦੀਪ ਸਿੰਘ ਢਿੱਲੋਂ, ਸੈਕਟਰੀ ਭੁਪਿੰਦਰ ਸਿੰਘ ਅਟਵਾਲ, ਚੇਅਰਮੈਨ ਸੁਰਜੀਤ ਸਿੰਘ ਮੂਧਾਲ ਵੱਲੋਂ ਸਮੂਹ ਸੰਗਤ ਨੂੰ ਇਸ ਸਮਾਗਮ ਵਿਚ ਆਪਣੇ ਪਰਿਵਾਰਾਂ ਸਮੇਤ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਇਹ ਇਕ ਬਹੁਤ ਵਧੀਆ ਮੌਕਾ ਮਿਲਿਆ ਹੈ ਤਾਂ ਜੋ ਅਸੀਂ ਹੋਰ ਕਮਿਊਨਿਟੀਆਂ ਦੇ ਲੋਕਾਂ ਨੂੰ ਸਿੱਖ ਧਰਮ ਬਾਰੇ ਹੋਰ ਵੀ ਵਧੀਆਂ ਤਰੀਕੇ ਨਾਲ ਦੱਸ ਸਕੀਏ। ਆਓ ਆਪਾ ਇਸ ਸਮਾਗਮ ਵਿਚ ਸਿੱਖੀ ਦੀ ਪਹਿਚਾਣ ਤੇ ਮਹਾਨਤਾ ਨੂੰ ਦਰਸਾਉਣ ਲਈ ਵੱਧ ਤੋਂ ਵੱਧ ਹਾਜ਼ਰੀ ਭਰੀਏ।

# ਖਾਲਿਸਤਾਨ ਦੀ ਪ੍ਰਾਪਤੀ ਲਈ ਜਾਨਾਂ ਵਾਰਨ ਵਾਲੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀਆਂ






**ਫਰੀਮੌਂਟ/ਬਿਊਰੋ ਨਿਊਜ਼ :**
ਖਾਲਿਸਤਾਨ ਦੀ ਪ੍ਰਾਪਤੀ ਲਈ ਜਾਨਾਂ ਵਾਰਨ ਵਾਲੇ ਮਹਾਨ ਸ਼ਹੀਦਾਂ ਭਾਈ ਬਲਜੀਤ ਸਿੰਘ ਰੱਤੜ-ਛੱਤੜ, ਭਾਈ ਜਸਵਿੰਦਰ ਸਿੰਘ ਰਾਹੋਂ, ਭਾਈ ਹਰੀ ਸਿੰਘ ਰਾਹੋਂ ਤੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਸਮਾਗਮ ਹੋਏ, ਜਿਸ ਵਿਚ ਭਾਰੀ ਗਿਣਤੀ ਵਿਚ ਸੰਗਤਾਂ ਸ਼ਾਮਲ ਹੋਈਆਂ।

ਸ਼ੁੱਕਰਵਾਰ ਨੂੰ ਫਰੀਮੌਂਟ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਥਕ ਜਥੇਬੰਦੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਹੋਈ, ਜਿਸ ਦੀ ਸੰਪੂਰਨਤਾ ਐਤਵਾਰ ਨੂੰ ਹਫਤਾਵਾਰੀ ਦੀਵਾਨ ਵਿਚ ਹੋਈ। ਉਪਰੰਤ ਖਾਲਸਾ ਸਕੂਲ ਦੇ ਬੱਚਿਆਂ ਨੇ ਕੀਰਤਨ ਦੂ ਹਾਜ਼ਰੀ ਭਰੀ। ਪ੍ਰਸਿੱਧ ਰਾਗੀ ਜਥੇ ਭਾਈ ਗੁਰਪ੍ਰੀਤ ਸਿੰਘ ਬਠਿੰਡਾ ਵਾਲਿਆਂ ਦੇ ਰਾਗੀ ਜਥੇ ਨੇ ਜੋਸ਼ੀਲੀ ਲੈਅ-ਬੱਧ ਰਾਗ ਵਿਦਿਆ ਰਾਹੀਂ ਇਲਾਹੀ ਬਾਣੀ ਦੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।



ਪੰਥ ਦੇ ਪ੍ਰਸਿੱਧ ਕਥਾਕਾਰ ਭਾਈ ਗੁਰਭੇਜ ਸਿੰਘ ਖਾਲਸਾ ਨੇ ਕਥਾ ਕਰਦਿਆਂ ਸਿੱਖ ਸ਼ਹੀਦੀ ਬਾਰੇ ਵਿਚਾਰ ਪੇਸ਼ ਕਰਦਿਆਂ ਸ਼ਹੀਦੀ ਪਰੰਪਰਾ, ਸਿੱਖ ਇਤਿਹਾਸ ਦੀ ਰੌਸ਼ਨੀ ਵਿਚ ਸ਼ਹੀਦਾਂ ਦੇ ਸੁਪਨੇ, ਨਿਸ਼ਾਨੇ ਤੇ ਸ਼ਹੀਦਾਂ ਦੇ ਪਰਿਵਾਰਾਂ ਬਾਰੇ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕਰਦਿਆਂ ਸ਼ਹੀਦਾਂ ਦੇ ਸਤਿਕਾਰ ਤੇ ਉਨ੍ਹਾਂ ਦੇ ਨਿਸ਼ਾਨੇ ਉਤੇ ਪਹਿਰਾ ਦੇਣ ਲਈ ਜ਼ੋਰ ਦਿੱਤਾ।

ਖਾਲਿਸਤਾਨ ਦੇ ਸ਼ਹੀਦ ਪਰਿਵਾਰਾਂ ਵੱਲੋਂ ਬਲਵਿੰਦਰਪਾਲ ਸਿੰਘ ਖਾਲਸਾ ਨੇ ਸ਼ਹਾਦਤ ਦੇਣ ਵਾਲੇ ਭਾਈ ਬਲਜੀਤ ਸਿੰਘ, ਭਾਈ ਜਸਵਿੰਦਰ ਸਿੰਘ ਤੇ ਉਨ੍ਹਾਂ ਦੇ ਸਾਥੀ ਭਾਈ ਹਰੀ ਸਿੰਘ ਬਾਰੇ ਵਿਸ਼ੇਸ਼ ਚਰਚਾ ਕਰਦਿਆਂ ਕਿਹਾ ਕਿ ਸ਼ਹੀਦੀ ਦੀ ਬਖਸ਼ਿਸ਼ ਗੁਰੂ ਸਾਹਿਬ ਦੀ ਬਖਸ਼ਿਸ਼ ਨਾਲ ਹੁੰਦੀ ਹੈ ਤੇ ਇਹ ਹਰ ਇਕ ਦੇ ਹਿੱਸੇ ਨਹੀਂ ਆਉਂਦੀ। ਇਹ ਕੋਈ ਵਿਰਲੇ ਹੀ ਹੁੰਦੇ ਹਨ ਜੋ ਇਸ ਮੁਕਾਮ ਉਤੇ ਪਹੁੰਚਦੇ ਹਨ। ਇਹ ਸ਼ਹੀਦੀਆਂ ਰੰਗ ਲਿਆਉਣਗੀਆਂ ਤੇ ਇਕ ਦਿਨ ਸਿੱਖ ਕੌਮ ਨੂੰ ਖਾਲਿਸਤਾਨ ਦੀ ਪ੍ਰਾਪਤੀ ਹੋਵੇਗੀ। ਉਨ੍ਹਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿਸ਼ੇਸ ਤੌਰ 'ਤੇ ਸ਼ਹੀਦੀ ਸਮਾਗਮਾਂ ਦੀ ਮਹਾਨ ਪਰੰਪਰਾ ਨੂੰ ਜਾਰੀ ਰਖਣ ਲਈ ਧੰਨਵਾਦ ਵੀ ਕੀਤਾ। ਉਪਰੰਤ ਸੁਪਰੀਮ ਕੌਂਸਲ ਦੇ ਮੈਂਬਰ ਭਾਈ ਜਸਦੇਵ ਸਿੰਘ ਨੇ ਸ਼ਹਾਦਤ ਬਾਰੇ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ।

ਵਿਚਾਰਾਂ ਦੀ ਸਮਾਪਤੀ ਉਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਹੀਦ ਭਾਈ ਬਲਜੀਤ ਸਿੰਘ ਦੇ ਭੈਣ ਜੀ ਤੇ ਸ਼ਹੀਦ ਭਾਈ ਜਸਵਿੰਦਰ ਸਿੰਘ ਦੇ ਭਰਾ ਭਾਈ ਬਲਵਿੰਦਰਪਾਲ ਸਿੰਘ ਨੂੰ ਸਿਰੋਪਾ ਸਾਹਿਬ ਦੀ ਬਖਸ਼ਿਸ਼ ਨਾਲ ਸਨਮਾਨਿਤ ਕੀਤਾ ਗਿਆ। ਕਥਾਕਾਰ ਭਾਈ ਗੁਰਭੇਜ ਸਿੰਘ ਖਾਲਸਾ ਨੂੰ ਵੀ ਕਥਾ ਦੀ ਸਮਾਪਤੀ ਉਤੇ ਪ੍ਰਬੰਧਕ ਕਮੇਟੀ ਵੱਲੋਂ ਸਿਰੋਪਾ ਸਾਹਿਬ ਦੀ ਬਖਸ਼ਿਸ਼ ਨਾਲ ਸਨਮਾਨਿਤ ਕੀਤਾ ਗਿਆ। ਸ਼ਹੀਦੀ ਸਮਾਗਮ ਦੀ ਸਮਾਪਤੀ ਉਤੇ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਖਾਲਸਾ ਨੇ ਰੱਬੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਗੁਰਦੁਆਰਾ ਸਾਹਿਬ ਦੇ ਮੈਦਾਨ ਵਿਚ ਖਾਲਿਸਤਾਨੀ ਝੰਡੇ-ਨਿਸ਼ਾਨ ਸਾਹਿਬ ਹਵਾ ਵਿਚ ਲਹਿਰਾ ਕੇ ਚੜ੍ਹਦੀ ਕਲਾ ਦਾ ਪ੍ਰਭਾਵ ਦੇ ਰਹੇ ਸਨ।






ਉੱਘੇ ਅਤੇ ਹਰਮਨਪਿਆਰੇ ਪੰਜਾਬੀ ਗਾਇਕ ਸਤਿੰਦਰ ਸਰਤਾਜ ਦਾ ਬੀਤੇ ਦਿਨ ਪੱਛਮੀ ਆਸਟਰੇਲੀਆ ਦੀ ਪਾਰਲੀਮੈਂਟ ਪਰਥ ਵਿਖੇ ਸਨਮਾਨ ਕੀਤਾ ਗਿਆ। ਪਾਰਲੀਮੈਂਟ ਦੇ ਸਪੀਕਰ ਡੇਵਿਡ ਮਾਈਕਲ ਨੇ ਸਰਤਾਜ ਨੂੰ ਮੋਮੈਂਟੋ ਭੇਟ ਕੀਤਾ । ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ ਕਿ ਦ ਬਲੈਕ ਪ੍ਰਿੰਸ ਫਿਲਮ ਦੇ ਨਾਇਕ ਦਾ ਸਨਮਾਨ ਕਰਕੇ ਉਨ੍ਹਾਂ ਨੂੰ ਭਾਰੀ ਖੁਸ਼ੀ ਮਹਿਸੂਸ ਹੋ ਰਹੀ ਹੈ ਅਤੇ ਸਾਨੂੰ ਪੰਜਾਬੀ ਭਾਈਚਾਰੇ ਨਾਲ ਕੰਮ ਕਰਕੇ ਹਮੇਸ਼ਾਂ ਬਹੁਤ ਉਤਸ਼ਾਹ ਮਿਲਦਾ ਹੈ। ਵਰਨਣਯੋਗ ਹੈ ਕਿ ਸਤਿੰਦਰ ਸਰਤਾਜ ਅਪਣੇ ਗਾਇਕੀ ਦੇ ਪ੍ਰੋਗਰਾਮਾਂ ਅਤੇ ਦ ਬਲੈਕ ਪ੍ਰਿੰਸ ਫਿਲਮ ਦੇ ਸ਼ੋਆਂ ਦੇ ਸਬੰਧ 'ਚ ਪਿਛਲੇ ਮਹੀਨੇ ਤੋਂ ਆਸਟਰੇਲੀਆ ਤੇ ਨਿਊਜ਼ੀਲੈਂਡ ਦੇ ਦੌਰੇ ਉੱਤੇ ਆਏ ਹੋਏ ਹਨ।

# ਜਗਮੀਤ ਸਿੰਘ ਦੇ ਐਨ.ਡੀ.ਪੀ. ਦੇ ਲੀਡਰ ਚੁਣੇ ਜਾਣ 'ਤੇ ਸਿਮਰਨਜੀਤ ਸਿੰਘ ਮਾਨ ਤੇ ਸੁਖਮਿੰਦਰ ਸਿੰਘ ਹੰਸਰਾ ਵਲੋਂ ਸਿੱਖ ਜਗਤ ਨੂੰ ਵਧਾਈ

**ਟੋਰਾਂਟੋ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕੌਮੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਜਗਮੀਤ ਸਿੰਘ ਦੇ ਐਨ.ਡੀ.ਪੀ. ਲੀਡਰ ਚੁਣੇ ਜਾਣ 'ਤੇ ਸਮੁੱਚੇ ਸਿੱਖ ਜਗਤ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਵਿੱਚ ਲਿਬਰਲ ਪਾਰਟੀ ਨੇ ਸਿੱਖ ਮੈਂਬਰਾਂ ਨੂੰ ਚੋਟੀ ਦੇ ਮਹਿਕਮੇ ਦੇ ਕੇ ਨਿਵਾਜਿਆ ਹੈ ਜਿਸ ਨਾਲ ਕੈਨੇਡੀਅਨ ਭਾਈਚਾਰੇ ਵਿੱਚ ਸਿੱਖਾਂ ਦਾ ਅਕਸ ਚਮਕਿਆ ਹੈ। ਉਨ੍ਹਾਂ ਜਗਮੀਤ ਸਿੰਘ, ਉਨ੍ਹਾਂ ਦੇ ਪਰਿਵਾਰ ਅਤੇ ਸਮੁੱਚੇ ਕੈਨੇਡੀਅਨ ਸਿੱਖ ਭਾਈਚਾਰੇ ਨੂੰ ਵਧਾਈ ਦਿੱਤੀ। ਸ੍ਰ. ਮਾਨ ਨੇ ਕਿਹਾ, "ਜਿਥੇ ਸਰਬੱਤ ਦਾ ਭਲਾ ਮੰਗਣ ਵਾਲੀ ਸਿੱਖ ਕੌਮ ਦੇ ਵਾਰਿਸ, ਗੁਰੂ ਦੇ ਇਸ ਸਿਧਾਂਤ ਦਾ ਪੱਲਾ ਫੜ ਕੇ ਬਾਹਰਲੇ ਮੁਲਕਾਂ ਵਿੱਚ ਤਰੱਕੀਆਂ ਕਰ ਰਹੇ ਹਨ ਉਥੇ ਪੰਜਾਬ ਦੀ ਸਿੱਖ ਲੀਡਰਸ਼ਿਪ ਭਗਵਾਂਕਰਨ ਦੀ ਬੁੱਕਲ ਵਿੱਚ ਸੁੱਤੀ ਪਈ ਹੈ।"



ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਕੈਨੇਡਾ ਈਸਟ ਦੇ ਪ੍ਰਧਾਨ ਸੁਖਮਿੰਦਰ ਸਿੰਘ ਹੰਸਰਾ ਨੇ ਕਿਹਾ, "ਐਨਡੀਪੀ ਪਾਰਟੀ ਦੀ ਲੀਡਰਸ਼ਿਪ ਦੀ ਦੌੜ ਵਿੱਚ ਬਾਕੀ ਉਮੀਦਵਾਰਾਂ ਦੇ ਮੁਕਾਬਲੇ ਜਗਮੀਤ ਸਿੰਘ ਕਾਫੀ ਦੇਰ ਬਾਅਦ ਸ਼ਾਮਲ ਹੋਏ ਸਨ, ਪਰ ਥੋੜ੍ਹੇ ਸਮੇਂ ਅੰਦਰ ਹੀ ਉਨ੍ਹਾਂ ਨੇ ਆਪਣੇ ਵਿਰੋਧੀ ਉਮੀਦਵਾਰਾਂ ਨੂੰ ਅਹਿਸਾਸ ਕਰਵਾ ਦਿੱਤਾ ਕਿ ਉਹ ਹੁਣ ਰੋਕਿਆ ਵੀ ਨਹੀਂ ਰੁਕੇਗਾ। ਕੈਨੇਡਾ ਦੀ ਮੁੱਖਧਾਰਾ ਦਾ ਮੀਡੀਆ ਵੀ ਜਗਮੀਤ ਸਿੰਘ ਦੀ ਹਿੰਮਤ, ਲਿਆਕਤ, ਰਾਜਨੀਤਕ ਸੂਝਬੂਝ ਅਤੇ ਉਸ ਦੇ ਕੱਪੜੇ ਪਹਿਨਣ ਦੇ ਸਟਾਇਲ ਤੋਂ ਕਾਇਲ ਸੀ ਅਤੇ ਜਗਮੀਤ ਸਿੰਘ ਨੂੰ ਲਗਾਤਾਰ ਪ੍ਰਤੀਬਿੰਬ ਵਾਂਗ ਪ੍ਰਚਾਰਦਾ ਆ ਰਿਹਾ ਸੀ।"

## ਸ਼੍ਰੋਮਣੀ ਕਮੇਟੀ ਕਰੇਗੀ ਜਗਮੀਤ ਸਿੰਘ ਦਾ ਭਾਰਤ ਫੇਰੀ ਦੌਰਾਨ ਸਨਮਾਨ

**ਪਟਿਆਲਾ/ਬਿਊਰੋ ਨਿਊਜ਼ :**ਕੈਨੇਡਾ ਵਿੱਚ ਨਿਊ ਡੈਮੋਕਰੈਟਿਕ ਪਾਰਟੀ (ਐਨ.ਡੀ.ਪੀ.) ਆਗੂ ਲਈ ਹੋਈ ਵੋਟਿੰਗ ਵਿੱਚ ਸਭ ਤੋਂ ਵੱਧ ਵੋਟਾਂ ਹਾਸਲ ਕਰਨ ਵਾਲੇ ਸਿੱਖ ਆਗੂ ਜਗਮੀਤ ਸਿੰਘ ਦੇ ਚੁਣੇ ਜਾਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਜਗਮੀਤ ਸਿੰਘ ਦਾ ਭਾਰਤ ਫੇਰੀ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਰਵਾਇਤ ਅਨੁਸਾਰ ਸਨਮਾਨ ਕੀਤਾ ਜਾਵੇਗਾ। ਪ੍ਰੋ. ਬਡੂੰਗਰ ਨੇ ਕਿਹਾ ਕਿ ਜਗਮੀਤ ਸਿੰਘ ਅੱਜ ਦੀ ਨੌਜਵਾਨ ਪੀੜ੍ਹੀ ਦੇ ਸਿੱਖੀ ਸਰੂਪ ਵਿੱਚ ਅੱਗੇ ਵਧਣ ਲਈ ਪ੍ਰੇਰਨਾ ਸਰੋਤ ਵਜੋਂ ਸਾਹਮਣੇ ਆਏ ਹਨ। ਪ੍ਰੋ. ਬਡੂੰਗਰ ਨੇ ਜਗਮੀਤ ਸਿੰਘ ਨੂੰ ਭਾਰਤ ਸਰਕਾਰ ਵੱਲੋਂ ਵੀਜ਼ਾ ਨਾ ਦੇਣਾ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਵਿਦੇਸ਼ ਮੰਤਰੀ ਅਤੇ ਗ੍ਰਹਿ ਵਿਭਾਗ ਨੂੰ ਪੱਤਰ ਭੇਜ ਕੇ ਜਗਮੀਤ ਸਿੰਘ ਨੂੰ ਵੀਜ਼ਾ ਦਿੱਤੇ ਜਾਣ ਦੀ ਸਿਫਾਰਿਸ਼ ਕੀਤੀ ਜਾਵੇਗੀ।

## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵਲੋਂ ਜਗਮੀਤ ਸਿੰਘ ਦੇ ਕਨੇਡਾ ਦੀ ਐਨ.ਡੀ.ਪੀ ਦਾ ਪ੍ਰਧਾਨ ਚੁਣੇ ਜਾਣ ਵਧਾਈ

**ਸ਼ਿਕਾਗੋ/ਮੱਖਣ ਸਿੰਘ ਕਲੇਰ:** ਕਨੇਡਾ ਦੇ ਨੌਜਵਾਨ ਸਿੱਖ ਜਗਮੀਤ ਸਿੰਘ ਦੇ ਐਨ ਡੀ ਪੀ ਪਾਰਟੀ ਮੁਖੀ ਚੁਣੇ ਜਾਣ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵਲੋਂ ਸਮੂਹ ਕਨੇਡਾ ਨਿਵਾਸੀਆਂ ਨੂੰ ਵਿਧਾਈ ਦਿੱਤੀ ਗਈ ਹੈ। ਪਾਰਟੀ ਦੇ ਕਨਵੀਨਰ ਬੂਟਾ ਸਿੰਘ ਖੜੌਦ, ਪ੍ਰਧਾਨ ਸੁਰਜੀਤ ਸਿੰਘ ਕਲਾਰ, ਕੌਮੀ ਜਨਰਲ ਸਕੱਤਰ ਜੀਤ ਸਿੰਘ ਆਲੋਅਰਖ, ਪੈਨਲ ਮੈਂਬਰ ਰੁਪਿੰਦਰ ਸਿੰਘ ਬਾਠ, ਪੈਨਲ ਮੈਂਬਰ ਮੱਖਣ ਸਿੰਘ ਕਲੇਰ, ਸਪੋਕਸ ਪਰਸਨ ਸਰਬਜੀਤ ਸਿੰਘ, ਯੂਥ ਪ੍ਰਧਾਨ ਅਮਨਦੀਪ ਸਿੰਘ, ਜਨਰਲ ਸਕੱਤਰ ਅਮਰਜੀਤ ਸਿੰਘ ਨੇ ਇੱਥੇ ਜਾਰੀ ਇੱਕ ਅਪਣੇ ਸਾਂਝੇ ਪ੍ਰੈਸ ਬਿਆਨ ਰਾਹੀਂ ਕਿਹਾ ਕਿ ਜਗਮੀਤ ਸਿੰਘ ਦੀ ਜਿੱਤ ਨੂੰ ਰੋਕਣ ਵਾਸਤੇ ਭਾਰਤੀ ਏਜੰਸੀਆਂ ਨੇ ਆਪਣਾ ਅੱਡੀ ਚੋਟੀ ਦਾ ਜੋਲਾਇਆ ਹੋਇਆ ਸੀ। ਚੋਣ ਨਤੀਜਿਆਂ ਨੇ ਭਾਰਤੀ ਏਜੰਸੀਆਂ ਦੇ ਮਨਸੂਬੇ ਚੱਕਨਾਚੂਰ ਕਰ ਦਿੱਤੇ ਹਨ ਤੇ ਉਨਾਂ ਦੇ ਮੂੰਹ ਤੇ ਕਰਾਰੀ ਚਪੇੜ ਵੀ ਵਜ ਗਈ ਹੈ।

## ਅੰਮ੍ਰਿਤਧਾਰੀ ਨੌਜਵਾਨ ਜਗਮੀਤ ਸਿੰਘ ਦੀ ਫਤਹਿ

***ਸਫ਼ਾ ਇਕ ਦਾ ਬਾਕੀ***

ਹਨ। ਉਹ ਕੈਨੇਡਾ ਦੀ ਸਿਆਸੀ ਪਾਰਟੀ ਵਿੱਚ ਪਹਿਲੇ ਅੰਮ੍ਰਿਤਧਾਰੀ ਆਗੂ ਹਨ। ਪੇਸ਼ੇ ਵਜੋਂ ਵਕੀਲ ਜਗਮੀਤ ਸਿੰਘ (38) ਸਾਲ 2011 ਵਿੱਚ ਓਂਟਾਰੀਓ ਦੀ ਸੂਬਾਈ ਸਿਆਸਤ ਵਿੱਚ ਆਏ ਤੇ ਪਹਿਲੀ ਵਾਰ 2015 ਵਿੱਚ ਸੂਬਾਈ ਐਨਡੀਪੀ ਦੇ ਡਿਪਟੀ ਲੀਡਰ ਬਣੇ। ਬਰੈਂਪਟਨ ਤੋਂ ਐਮਐਲਏ ਜਗਮੀਤ ਸਿੰਘ ਨੇ ਪਾਰਟੀ ਆਗੂ ਟੌਮ ਮੁਲਕੇਅਰ ਵੱਲੋਂ ਅਹੁਦਾ ਛੱਡਣ ਕਾਰਨ ਇਸੇ ਸਾਲ ਕੌਮੀ ਸਿਆਸਤ ਵਿਚ ਕੁੱਦਣ ਦਾ ਫ਼ੈਸਲਾ ਕੀਤਾ ਸੀ। ਉਨ੍ਹਾਂ ਦੇ ਪਿਤਾ ਡਾਕਟਰ ਹਨ ਅਤੇ ਭਰਾ ਗੁਰਰਤਨ ਲਾਅ ਫਰਮ ਚਲਾਉਂਦੇ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਜਗਮੀਤ ਸਿੰਘ ਨੂੰ ਵਧਾਈ ਦਿੰਦਿਆਂ ਟਵੀਟ ਕੀਤਾ ਕਿ ਉਹ ਜਲਦੀ ਹੀ ਮੁਲਕ ਦੇ ਲੋਕਾਂ ਲਈ ਰਲਮਿਲ ਕੇ ਕੰਮ ਕਰਨ ਲਈ ਆਸਵੰਦ ਹਨ।

ਪਾਰਟੀ ਦੇ ਸਾਬਕਾ ਨੀਤੀਵਾਨ ਰਾਬਿਨ ਮੈਕਲਾਕਲਨ ਮੁਤਾਬਕ ਜਗਮੀਤ ਸਿੰਘ ਦੀ ਮੁਹਿੰਮ ਸਿਆਸੀ ਮੁਹਾਂਦਰਾ ਬਦਲ ਸਕਦੀ ਹੈ ਅਤੇ ਉਹ ਮੁਲਕ ਦੇ ਪ੍ਰਧਾਨ ਮੰਤਰੀ ਵੀ ਬਣ ਸਕਦੇ ਹਨ। ਅੰਗਰੇਜ਼ੀ ਤੇ ਫਰੈਂਚ ਭਾਸ਼ਾਵਾਂ ਵਿੱਚ ਮਾਹਰ ਜਗਮੀਤ ਸਿੰਘ ਵਾਤਾਵਰਨ, ਬਰਾਬਰੀ ਅਤੇ ਮੁਲਕ ਦੀ ਦੂਜੇ ਦੇਸ਼ਾਂ ਨਾਲ ਵਪਾਰ ਦੀਆਂ ਚੰਗੀਆਂ ਨੀਤੀਆਂ 'ਤੇ ਧਿਆਨ ਦੇਣਾ ਚਾਹੁੰਦੇ ਹਨ। ਉਨ੍ਹਾਂ ਲਈ ਹੁਣ 2019 ਦੀਆਂ ਚੋਣਾਂ ਅਹਿਮ ਹਨ ਅਤੇ ਪਾਰਟੀ ਵਿੱਚ ਰੂਹ ਫੂਕ ਕੇ ਇਸ ਨੂੰ ਕੌਮੀ ਪੱਧਰ 'ਤੇ ਉਭਾਰਨਾ ਉਨ੍ਹਾਂ ਲਈ ਮੁੱਖ ਚੁਣੌਤੀ ਹੈ।

ਕੈਨੇਡਾ ਵਿੱਚਲੀ ਸਿੱਖ ਘੱਟ ਗਿਣਤੀ ਨਾਲ ਸਬੰਧ ਰੱਖਣ ਵਾਲੇ ਅਤੇ ਖ਼ੂਬਸੂਰਤ ਰੰਗਾਂ ਵਾਲੀਆਂ ਦਸਤਾਰਾਂ ਸਜਾਉਣ ਦੇ ਸ਼ੌਕੀਨ ਜਗਮੀਤ ਸਿੰਘ ਲਈ ਦੇਸ਼ ਦੀ ਮੁੱਖ ਫੈਡਰਲ ਪਾਰਟੀ ਦਾ ਆਗੂ ਚੁਣੇ ਜਾਣ ਬਾਅਦ ਅਗਲਾ ਪੈਂਡਾ ਕਾਫ਼ੀ ਚੁਣੌਤੀਆਂ ਭਰਿਆ ਹੋਵੇਗਾ।

ਉਨ੍ਹਾਂ ਨੂੰ ਅ3ਪਣੀ ਨਿਊ ਡੈਮੋਕਰੇਟਿਕ ਪਾਰਟੀ, ਜਿਸ ਨੇ 2015 ਦੀਆਂ ਚੋਣਾਂ ਵਿੱਚ 59 ਸੀਟਾਂ ਗਵਾਈਆਂ, ਦਾ ਇੱਕ ਤਰ੍ਹਾਂ ਨਾਲ ਪੁਨਰਗਠਨ ਕਰਨਾ ਹੋਵੇਗਾ। ਕੈਨੇਡਾ ਦੀ 338 ਮੈਂਬਰੀ ਪਾਰਲੀਮੈਂਟ ਵਿੱਚ ਨਿਊ ਡੈਮੋਕਰੇਟਿਕ ਪਾਰਟੀ ਦੇ ਇਸ ਸਮੇਂ ਸਿਰਫ਼ 44 ਮੈਂਬਰ ਹਨ ਤੇ ਇਹ ਤੀਜੇ ਸਥਾਨ ਉੱਤੇ ਹੈ। ਇਸ ਪਾਰਟੀ ਨੇ ਕਦੇ ਵੀ ਸਰਕਾਰ ਨਹੀਂ ਬਣਾਈ। ਸਾਲ 2011 ਦੀਆਂ ਚੋਣਾਂ ਵਿੱਚ ਨਿਊ ਡੈਮੋਕਰੇਟਿਕ ਪਾਰਟੀ ਨੇ ਕਾਫ਼ੀ ਸੀਟਾਂ ਜਿੱਤ ਕੇ ਕੈਨੇਡਾ ਦੀ ਕੌਮੀ ਰਾਜਨੀਤੀ ਵਿੱਚ ਅਪਣੀ ਅਹਿਮ ਥਾਂ ਬਣਾਈ ਸੀ ਪਰ ਚਾਰ ਸਾਲ ਬਾਅਦ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਪਾਰਟੀ ਹੱਥੋਂ ਕਰਾਰੀ ਹਾਰ ਖਾਣੀ ਪਈ।

ਜਗਮੀਤ ਸਿੰਘ ਨੇ ਆਪਣੀ ਚੋਣ ਮੁਹਿੰਮ ਦੌਰਾਨ ਕਿਹਾ ਸੀ ਕਿ ਉਹ ਵਾਤਾਵਰਣ ਦੀ ਸੰਭਾਲ, ਕੈਨੇਡਿਆਈ ਮੂਲ ਦੇ ਸਥਾਨਕ ਲੋਕਾਂ ਨਾਲ ਸੁਖਾਵੇਂ ਸਬੰਧਾਂ ਦੀ ਬਹਾਲੀ ਅਤੇ ਚੋਣ ਸੁਧਾਰਾਂ ਨੂੰ ਮੁੱਖ ਮੁੱਦੇ ਬਣਾਉਣਗੇ।

ਆਪਣੀ ਕੇਸਕੀਨੁਮਾ ਕੇਸਰੀ, ਨੀਲੀ ਤੇ ਹੋਰਨਾਂ ਰੰਗਾਂ ਦੀ ਖ਼ੂਬਸੂਰਤ ਦਸਤਾਰ ਸਮੇਤ ਸੋਹਣੇ ਸੂਟ (ਕੋਟ-ਪੈਂਟ) ਪਹਿਨਣ ਕਾਰਨ ਜਗਮੀਤ ਸਿੰਘ ਬਹੁ ਚਰਚਿਤ ਅਤੇ ਹਰਮਨ ਪਿਆਰੇ ਚਲੇ ਆ ਰਹੇ ਹਨ। ਇਸ ਸਾਲ ਦੇ ਸ਼ੁਰੂ ਵਿੱਚ ਅਮਰੀਕੀ ਰਸਾਲੇ 'ਗਲੋਬ' ਨਾਲ ਇੱਕ ਇੰਟਰਵਿਊ ਦੌਰਾਨ ਉਨ੍ਹਾਂ ਕਿਹਾ ਸੀ ਕਿ ਉਸ ਦਾ ਪਹਿਰਾਵਾ ਅਕਸਰ ਖ਼ਾਸ ਖਿੱਚ ਦਾ ਕੇਂਦਰ ਬਣਦਾ ਹੈ।

ਆਪਣੀ ਚੋਣ ਮੁਹਿੰਮ ਦੌਰਾਨ ਉਨ੍ਹਾਂ ਨੇ ਆਪਣੇ ਵਿਰੋਧੀਆਂ ਦੇ ਮੁਕਾਬਲੇ ਕਿਤੇ ਵੱਧ ਚੋਣ ਫੰਡ ਇਕੱਠਾ ਕਰਕੇ ਸੰਕੇਤ ਦਿੱਤਾ ਕਿ ਉਹ ਕੈਨੇਡਾ ਦੇ ਮੁਖੀ ਦੀ ਚੋਣ ਲੜਨ ਲਈ ਇਸ ਤੋਂ ਵੀ ਵੱਧ ਸਫ਼ਲਤਾ ਹਾਸਲ ਕਰਨਗੇ।

ਸੰਨ 1979 ਵਿੱਚ ਓਂਟਾਰੀਓ ਦੇ ਸਕਾਬਰੌਅ ਸ਼ਹਿਰ ਵਿੱਚ ਪਰਵਾਸੀ ਪੰਜਾਬੀ ਮਾਪਿਆਂ ਘਰ ਜਨਮੇ ਜਗਮੀਤ ਸਿੰਘ ਨਿਊਫਾਊਂਡਲੈਂਡ, ਲੈਬਰਾਡੋਰ ਅਤੇ ਵਿੰਡਸਰ ਵਿੱਚ ਪਲੇ ਤੇ ਵੱਡੇ ਹੋਏ। ਉਨ੍ਹਾਂ ਨੇ ਯੂਨੀਵਰਸਿਟੀ ਆਫ਼ ਵੈਸਟਰਨ ਓਂਟਾਰੀਓ ਤੋਂ ਬਾਇਆਲੋਜੀ ਵਿੱਚ ਬੈਚਲਰ ਕੀਤੀ ਅਤੇ ਸਾਲ 2005 ਵਿੱਚ ਯੌਰਕ ਯੂਨੀਵਰਸਿਟੀ ਦੇ ਓਸਗੁੱਡੇ ਹਾਲ ਲਾਅ ਸਕੂਲ ਤੋਂ ਵਕਾਲਤ ਦੀ ਡਿਗਰੀ ਪ੍ਰਾਪਤ ਕੀਤੀ। ਉਨ੍ਹਾਂ ਨੇ ਰਾਜਨੀਤੀ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਗਰੇਟਰ ਟੋਰਾਂਟੋ ਏਰੀਏ ਵਿੱਚ ਕਰਿਮੀਨਲ ਡੀਫੈਂਸ ਲਾਇਅਰ ਵਜੋਂ ਕੰਮ ਕੀਤਾ। ਕੈਨੇਡਾ ਦੀ ਕੁਲ ਵਸੋਂ ਵਿੱਚ ਸਿੱਖ 1.4 ਪ੍ਰਤੀਸ਼ਨ ਹਨ। ਇਸ ਵਕਤ ਦੇਸ਼ ਦਾ ਰਖਿਆ ਮੰਤਰੀ ਸਿੱਖ ਸੱਜਣ ਸਿੰਘ ਹੈ।

# ਜਗਮੀਤ ਸਿੰਘ ਦੇ ਪਿੰਡ ਠੀਕਰੀਵਾਲਾ ਵਿੱਚ ਜਸ਼ਨਾਂ ਦਾ ਮਾਹੌਲ



ਜਗਮੀਤ ਸਿੰਘ ਦੇ ਐੱਨਡੀਪੀ ਮੁਖੀ ਬਣਨ 'ਤੇ ਅਰਦਾਸ ਲਈ ਇਕੱਤਰ ਹੋਏ ਪਿੰਡ ਠੀਕਰੀਵਾਲ ਵਾਸੀ।

**ਬਰਨਾਲਾ:** ਜਗਮੀਤ ਸਿੰਘ ਦੇ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਮੁਖੀ ਚੁਣੇ ਜਾਣ 'ਤੇ ਉਨ੍ਹਾਂ ਦੇ ਪਿੰਡ ਠੀਕਰੀਵਾਲਾ ਵਿੱਚ ਖ਼ੁਸ਼ੀ ਦਾ ਮਾਹੌਲ ਹੈ। ਵੱਡੀ ਗਿਣਤੀ ਵਿਚ ਇਕੱਠੇ ਹੋਏ ਲੋਕਾਂ ਨੇ ਇਸ ਵੱਡੀ ਜਿੱਤ 'ਤੇ ਜਸ਼ਨ ਮਨਾਇਆ। ਪਿੰਡ ਵਾਸੀਆਂ ਨੇ ਪਿੰਡ ਸੇਵਾ ਸਿੰਘ ਠੀਕਰੀਵਾਲਾ ਦੇ ਮੁੱਖ ਗੁਰਦੁਆਰੇ ਵਿੱਚ ਅਰਦਾਸ ਕੀਤੀ। ਜਗਮੀਤ ਸਿੰਘ ਦਾ ਜਨਮ ਭਾਵੇਂ ਕੈਨੇਡਾ ਵਿੱਚ ਹੋਇਆ ਹੈ, ਪਰ ਫ਼ੌਜ ਵਿਚੋਂ ਸੇਵਾਮੁਕਤੀ ਮਗਰੋਂ ਉਨ੍ਹਾਂ ਦੇ ਦਾਦਾ ਸ਼ਮਸ਼ੇਰ ਸਿੰਘ ਪਿੰਡ ਵਿਚ ਰਹਿੰਦੇ ਸਨ। ਇਸ ਮੌਕੇ ਪਿੰਡ ਦੇ ਐਵਰਗਰੀਨ ਕਲੱਬ, ਸੁਖਮਨੀ ਸੇਵਾ ਸੁਸਾਇਟੀ ਤੇ ਨੌਜਵਾਨ ਸਭਾ ਦੇ ਮੈਂਬਰਾਂ ਨੇ ਵੀ ਜਿੱਤ 'ਤੇ ਖ਼ੁਸ਼ੀ ਮਨਾਈ।

## ਬਰਤਾਨੀਆ : ਪ੍ਰਾਇਮਰੀ ਸਕੂਲ ਦੇ ਪੰਜਾਬੀ ਲੜਕੇ ਨੂੰ ਕੜਾ ਪਾਉਣ ਤੋਂ ਰੋਕਿਆ

**ਲੰਡਨ/ਬਿਊਰੋ ਨਿਊਜ਼ :** ਬਰਤਾਨੀਆ ਦੇ ਟਿਪਟਨ ਵਿਚ ਸਮਰ ਹਿੱਲ ਪ੍ਰਾਇਮਰੀ ਸਕੂਲ ਦੇ 8 ਸਾਲਾ ਸਿੱਖ ਲੜਕੇ ਕਾਦੇਨ ਸਿੰਘ ਨੂੰ ਸਕੂਲ ਵਲੋਂ ਕੜਾ ਪਹਿਨਣ ਤੋਂ ਰੋਕਿਆ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਜੇ ਉਹ ਕੜਾ ਨਹੀਂ ਉਤਾਰਦਾ ਤਾਂ ਉਸ ਨੂੰ ਸਕੂਲ ਵਿਚੋਂ ਕੱਢ ਦਿੱਤਾ ਜਾਵੇਗਾ। ਕਾਦੇਨ ਆਪਣੇ ਮਾਪਿਆਂ ਨਾਲ ਇਸ ਇਲਾਕੇ ਵਿਚ ਨਵਾਂ ਆਇਆ ਹੈ ਅਤੇ ਉਸ ਨਾਲ ਪਹਿਲਾਂ ਕਦੇ ਵੀ ਕਿਸੇ ਸਕੂਲ ਵਿਚ ਅਜਿਹਾ ਨਹੀਂ ਵਾਪਰਿਆ। ਕਾਦੇਨ ਦੇ ਪਿਤਾ 29 ਸਾਲਾ ਸੂਨੇ ਨੇ ਕਿਹਾ ਕਿ ਉਹ ਇਸ ਦੇ ਖ਼ਿਲਾਫ਼ ਸੰਘਰਸ਼ ਕਰੇਗਾ। ਉਨਾਂ ਕਿਹਾ ਕਿ ਉਹ ਲਗਪਗ 30 ਸਾਲ ਦਾ ਹੋ ਗਿਆ ਹੈ ਉਸ ਨਾਲ ਕਦੇ ਵੀ ਅਜਿਹਾ ਨਹੀਂ ਵਾਪਰਿਆ ਅਤੇ ਨਾ ਹੀ ਉਸ ਦੇ ਬੇਟੇ ਨਾਲ ਕਿਸੇ ਸਕੂਲ ਵਿਚ ਅਜਿਹੀ ਕੋਈ ਮੁਸ਼ਕਲ ਆਈ ਹੈ। ਇਕ ਅਧਿਆਪਕ ਉਸ ਨੂੰ ਕੜਾ ਉਤਾਰਨ ਲਈ ਮਜਬੂਰ ਨਹੀਂ ਕਰ ਸਕਦਾ, ਮੈਂ ਆਪਣੇ ਬੇਟੇ ਨੂੰ ਕਿਹਾ ਹੈ ਕਿ ਜੇ ਅਜਿਹਾ ਹੁੰਦਾ ਹੈ ਤਾਂ ਕਹਿ ਦੇਣਾ ਉਹ ਉਤਾਰ ਨਹੀਂ ਸਕਦਾ। ਸੂਨੇ ਨੇ ਕਿਹਾ ਕਿ ਕਾਦੇਨ ਇਹ ਕੜਾ ਸਿਰਫ਼ ਧਾਰਮਿਕ ਤੌਰ 'ਤੇ ਪਹਿਨਦਾ ਹੈ ਨਾ ਕਿ ਕਿਸੇ ਫੈਸ਼ਨ ਲਈ। ਸਮਰਹਿੱਲ ਪ੍ਰਾਇਮਰੀ ਸਕੂਲ ਦੀ ਮੁੱਖ ਅਧਿਆਪਕਾ ਕੈਰੀ ਰੌਚੈਸਟਰ ਨੇ ਕਿਹਾ ਕਿ ਸਾਡੇ ਸਕੂਲ ਦੇ ਵਰਦੀ ਨਿਯਮ ਅਨੁਸਾਰ ਬੱਚਿਆਂ ਨੂੰ ਗਹਿਣੇ ਪਹਿਨਣ ਦੀ ਆਗਿਆ ਨਹੀਂ ਹੈ।



ਸਿਰਫ਼ ਜਿਨਾਂ ਬੱਚਿਆਂ ਦੇ ਕੰਨ ਵਿੰਨੇ ਹੋਏ ਹਨ ਉਹ ਕੰਨਾਂ ਵਿਚ ਸਟੱਡ ਪਾ ਸਕਦੇ ਹਨ। ਕਾਦੇਨ ਦੇ ਮਾਪਿਆਂ ਨੇ ਸਤੰਬਰ ਵਿਚ ਸਕੂਲ ਸ਼ੁਰੂ ਕਰਨ ਤੋਂ ਪਹਿਲਾਂ ਸਕੂਲ ਦੇ ਇਨਾਂ ਨਿਯਮਾਂ ਨੂੰ ਲਿਖਤੀ ਰੂਪ ਵਿਚ ਸਵੀਕਾਰਿਆ ਹੈ ਪਰ ਇਹ ਇਕ ਧਾਰਮਿਕ ਮੁੱਦਾ ਹੋਣ ਕਰਕੇ ਅਸੀਂ ਕੇਦਾਨ ਦੇ ਮਾਪਿਆਂ ਨਾਲ ਦੁਬਾਰਾ ਮੁਲਾਕਾਤ ਕਰ ਰਹੇ ਹਾਂ। ਦੂਜੇ ਪਾਸੇ ਸਿੱਖ ਫੈਡਰੇਸ਼ਨ ਯੂ. ਕੇ. ਨੇ ਕਿਹਾ ਹੈ ਕਿ ਕੜਾ ਕੋਈ ਗਹਿਣਾ ਨਹੀਂ ਹੈ ਇਹ ਸਿੱਖ ਧਰਮ ਦੀ ਨਿਸ਼ਾਨੀ ਹੈ ਜਿਸ ਨੂੰ ਹਰ ਸਿੱਖ ਪਹਿਨਦਾ ਹੈ। ਭਾਈ ਅਮਰੀਕ ਸਿੰਘ ਗਿੱਲ ਨੇ ਕਿਹਾ ਕਿ ਕੜਾ ਸਿੱਖੀ ਦੀ ਅਜਿਹੀ ਪਹਿਚਾਣ ਹੈ ਜਿਸ ਨੂੰ ਅੰਮ੍ਰਿਤਧਾਰੀ ਅਤੇ ਗ਼ੈਰ-ਅੰਮ੍ਰਿਤਧਾਰੀ ਵੀ ਬੜੇ ਮਾਣ ਨਾਲ ਪਹਿਨਦੇ ਹਨ।

# '47 ਦੀ ਵੰਡ ਦੇ ਦਰਦ ਨੂੰ ਪੇਸ਼ ਕਰਦੇ ਨਾਟਕ 'ਕਰਮਾਂ ਵਾਲੀ' ਦਾ ਸਫਲ ਮੰਚਨ

## ਸੁਨੀਤਾ ਧੀਰ ਦੀ ਨਿਰਦੇਸ਼ਨਾਂ 'ਚ ਸਥਾਨਕ ਕਲਾਕਾਰਾਂ ਨੇ ਵੀ ਲਿਆ ਹਿੱਸਾ



ਵਿਜੇ ਸਿੰਘ, ਗਿਰਜਾ ਸ਼ੰਕਰ ਤੇ ਛੋਟਾ ਬੱਚਾ ਖੁਸ਼ੀਆ



ਬੱਲੂ ਸਿੰਘ ਤੇ ਰੂਬੀ ਸਰਾਂ ਨਾਟਕ 'ਕਰਮਾ ਵਾਲੀ' ਦੇ ਇਕ ਦ੍ਰਿਸ਼ 'ਚ



ਸੂਤਰਧਾਰ ਕਿਰਦਾਰ ਵਜੋਂ ਸੁਨੀਤਾ ਧੀਰ

**ਯੂਨੀਅਨ ਸਿਟੀ/ਬਿਊਰੋ ਨਿਊਜ਼ :**
1947 ਦੀ ਵੰਡ ਦੇ ਦਰਦ ਨੂੰ ਪੇਸ਼ ਕਰਦਾ ਕਸ਼ਮੀਰੀ ਲਾਲ ਯਾਰਕ ਦੇ ਨਾਵਲ 'ਤੇ ਆਧਾਰਤ ਨਾਟਕ 'ਕਰਮਾਂ ਵਾਲੀ' ਇੱਥੇ ਲੋਗਨ ਹਾਈ ਸਕੂਲ ਦੇ ਥੀਏਟਰ ਵਿਚ ਖੇਡਿਆ ਗਿਆ। ਇਸ ਦਾ ਨਿਰਦੇਸ਼ਨ ਪੰਜਾਬੀ ਫਿਲਮਾਂ ਅਤੇ ਰੰਗ ਮੰਚ ਦੀ ਉੱਘੀ ਸ਼ਖ਼ਸੀਅਤ ਸੁਨੀਤਾ ਧੀਰ ਨੇ ਕੀਤਾ। ਇਹ ਨਾਟਕ ਪੀਪਲਜ਼ ਥੀਏਟਰ ਐਸੋਸੀਏਸ਼ਨ ਪਟਿਆਲਾ ਅਤੇ ਗੁਰੂ ਐਂਟਰਟੇਨਮੈਂਟ ਐਂਡ ਮੀਡੀਆ ਲਾਸ ਏਂਜਲਸ ਵਲੋਂ ਮਿਹਰ ਮਾਹਲ ਦੇ ਸਹਿਯੋਗ ਨਾਲ ਕਰਵਾਇਆ ਗਿਆ। ਦਰਸ਼ਕਾਂ ਨੇ ਇਸ ਦਾ ਆਨੰਦ ਮਾਣਿਆ। ਇਸ ਨਾਟਕ ਵਿਚ ਰੰਗ ਮੰਚ ਦੀਆਂ ਉੱਘੀਆਂ ਹਸਤੀਆਂ ਸੁਨੀਤਾ ਧੀਰ, ਗਿਰਿਜਾ ਸ਼ੰਕਰ ਤੇ ਬਿੱਲੂ ਨੇ ਅਭਿਨੈ ਕੀਤਾ, ਉਥੇ ਸਥਾਨਕ ਕਲਾਕਾਰਾਂ ਨੂੰ ਵੀ ਸਟੇਜ 'ਤੇ ਆਪਣੀ ਕਲਾ ਦਿਖਾਉਣ ਦਾ ਮੌਕਾ ਮਿਲਿਆ।

ਇਸ ਨਾਟਕ ਨੂੰ ਰਵਾਨਗੀ ਦੇਣ ਲਈ ਸੁਨੀਤਾ ਧੀਰ ਨੇ ਸੂਤਰਧਾਰ ਵਜੋਂ 'ਕਰਮਾਂ ਵਾਲੀ' ਦਾ ਹੀ ਰੋਲ ਅਦਾ ਕੀਤਾ ਜਦੋਂ ਕਿ ਨਾਟਕ ਵਿਚ ਇਸੇ ਕਿਰਦਾਰ ਨੂੰ ਰੂਬੀ ਸਰਾਂ ਨੇ ਬਹੁਤ ਵਧੀਆ ਢੰਗ ਨਾਲ ਨਿਭਾਇਆ। ਗਿਰਿਜਾ ਸ਼ੰਕਰ ਦੀ ਹਾਜ਼ਰੀ ਭਾਵੇਂ ਨਾਟਕ ਦੇ ਆਖਰੀ ਪਲਾਂ ਵਿਚ ਸੀ ਪਰ ਅਦਾਕਾਰੀ 'ਚ ਗੁਜ਼ਾਰੀ ਸਾਰੀ ਉਮਰ ਕਰਕੇ ਉਸ ਨੇ ਨਾਟਕ ਵਿਚਲੇ ਸਿੱਖ ਕਿਰਦਾਰ ਨੂੰ ਇੰਨ ਬਿੰਨ '47 ਦੇ ਦ੍ਰਿਸ਼ ਵਾਂਗ ਚਿਤਰ ਦਿੱਤਾ। ਨਾਟਕ ਵਿਚ ਮੁਸਲਮਾਨ ਬੱਚੇ ਖੁਸ਼ੀਏ ਦਾ ਵਿਛੋੜਾ ਪਰਿਵਾਰ ਲਈ ਤਾਂ ਅਸਹਿ ਸੀ ਪਰ ਉਸ ਨੂੰ ਇਕ ਗੁਰੂ ਘਰ ਦਾ ਗ੍ਰੰਥੀ ਕਿਵੇਂ ਸੰਭਾਲਦਾ ਤੇ ਪਰਵਰਿਸ਼ ਕਰਦਾ ਹੈ, ਨਾਟਕ ਰਾਹੀਂ ਇਹੀ 'ਸਾਂਝੀ ਵਾਲਤਾ' ਦਾ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਤਕਰੀਬਨ ਡੇਢ ਘੰਟੇ ਦੇ ਇਸ ਨਾਟਕ ਵਿਚ ਦਰਸ਼ਕਾਂ ਦੀ ਇਕਾਗਰਤਾ ਬਣੀ ਰਹੀ। ਸੰਗੀਤ ਵਿਚ ਕੁਝ ਰਵਾਇਤੀ ਗੀਤਾਂ ਨੂੰ ਪੇਸ਼ ਕਰਨਾ ਚੰਗਾ ਲੱਗਾ ਤੇ ਇਕ ਯੁੱਗੜੇ ਬੀਤ ਜਾਣ ਵਾਲੀ ਕਹਾਣੀ ਨੂੰ ਅਮਰੀਕਾ ਵਰਗੇ ਮੁਲਕ ਵਿਚ ਪੰਜਾਬੀਆਂ ਅੱਗੇ ਪੇਸ਼ ਕਰਨਾ, ਵੰਡੀਆਂ ਪਾਉਂਦੇ ਮਨੁੱਖ ਨੂੰ ਇਕੱਠੇ ਹੋਣ ਦਾ ਸੰਕੇਤ ਸੀ। ਨਾਟਕ ਵਿਚ ਬਿੱਲੂ ਸਿੰਘ, ਮਾਸਟਰ ਰਿੰਕੂ, ਵਿਜੈ ਸਿੰਘ, ਬਲਜੀਵਨ ਅਤੇ ਪੌਪੀ ਸਿੰਘ ਦੇ ਕਿਰਦਾਰਾਂ ਨੂੰ ਦਰਸ਼ਕਾਂ ਨੇ ਬਹੁਤ ਪਸੰਦ ਕੀਤਾ। ਮੇਜਰ ਮਾਹਲ ਨੇ ਸਹਿਯੋਗੀਆਂ ਅਤੇ ਆਏ ਹੋਏ ਦਰਸ਼ਕਾਂ ਦਾ ਧੰਨਵਾਦ ਕਰਦਿਆਂ ਅਗਲੇ ਵਰ੍ਹਿਆਂ ਵਿਚ ਵੀ ਅਜਿਹੇ ਨਾਟਕ ਪੇਸ਼ ਕਰਨ ਦਾ ਵਾਅਦਾ ਕੀਤਾ।

### ਸਭਨਾਂ ਸਪਾਂਸਰਾਂ ਤੇ ਸਹਿਯੋਗੀਆਂ ਦਾ ਧੰਨਵਾਦ

ਪੀਪਲਜ਼ ਥੀਏਟਰ ਐਸੋਸ਼ੀਏਸ਼ਨ ਪਟਿਆਲਾ, ਗੁਰੂ ਐਂਟਰਟੇਨਮੈਂਟ ਐਂਡ ਮੀਡੀਆ ਐੱਲਏ, ਸਿੱਖ ਗੁਰਦੁਆਰਾ ਸੈਨ ਫਰਾਂਸਿਸਕੋ ਅਤੇ ਐਸ ਜੀ ਐਸ ਐਫ਼ ਅਤੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਐਸੋਸੀਏਸ਼ਨ (GENCO) ਦੀ ਤਰਫੋਂ ਮੇਹਰ ਮਾਹਲ ਨੇ ਕਮਰਾਂਵਾਲੀ ਨਾਟਕ ਦੇ ਸਪਾਂਸਰਾਂ ਪ੍ਰੀਤਮ ਸਿੰਘ ਗਰੇਵਾਲ, ਇੰਦਰਜੀਤ ਸਿੰਘ, ਪੀਐਨਜੀ ਜਿਊਲਰਜ਼, ਮਾਵੀ ਬ੍ਰਦਰਜ਼, ਸਰਦੂਲ ਸਿੰਘ ਸਮਰਾ, ਬੰਬੇ ਗਾਰਡਨ, ਸਵਾਗਤ ਇੰਡੀਆ, ਮਿਕੀ ਸਰਾਂ, ਕਿੰਗਜ਼ ਆਫ ਪੰਜਾਬ ਅਤੇ ਰਵੀ ਬਾਠ ਤੋਂ ਇਲਾਵਾ ਇਸ ਨਾਟਕ ਦੀ ਸਫ਼ਲ ਪੇਸ਼ਕਾਰੀ ਲਈ ਸਹਿਯੋਗ ਦੇਣ ਬਦਲੇ ਗੁਰਦੁਆਰਾ ਸਾਹਿਬ ਸੈਨਹੋਜ਼ੇ, ਗੁਰਦੁਆਰਾ ਸਾਹਿਬ ਫਰੀਮਾਂਟ ਅਤੇ ਗੁਰਦੁਆਰਾ ਸਾਹਿਬ ਮਿਲਪੀਟਸ ਦੀਆਂ ਪ੍ਰਬੰਧਕ ਕਮੇਟੀਆਂ, ਪੰਜਾਬੀ ਮੀਡੀਆ (ਪੰਜਾਬੀ ਰੇਡੀਓ ਯੂ ਐਸ ਏ, ਚੜ੍ਹਦੀ ਕਲਾ, ਰੇਡੀਓ ਪੰਜਾਬ), ਸੁਨੀਤਾ ਧੀਰ, ਗਿਰਿਜਾ ਸ਼ੰਕਰ, ਦਲਬੀਰ ਸੈਨੀ, ਜਗਿੰਦਰ ਬੋਲਾਰੀਆ, ਗੁਰਜੰਟ ਸੰਘਾ, ਕ੍ਰਿਪਾਲ ਅਟਵਾਲ, ਟੋਨੀ ਗਰੇਵਾਲ, ਹਰਜੀਤ ਗਿੱਲ, ਹਰਪ੍ਰਕਾਸ਼ ਢਿੱਲੋਂ, ਰਜਿੰਦਰ ਸ਼ਰਮਾ, ਮਨਪ੍ਰੀਤ ਸਿੰਘ, ਜਗਪਾਲ ਸਿੰਘ, ਜਸਪਾਲ ਸਿੰਘ, ਮੱਖਣ ਮਾਹਲ, ਨਾਟਕ ਦੇ ਕਲਾਕਾਰਾਂ, ਦਰਸ਼ਕਾਂ ਅਤੇ ਹੋਰਨਾਂ ਦਾ ਧੰਨਵਾਦ ਕੀਤਾ ਹੈ।

When tired of all treatments for any disease at any age Try
HOMEOPATHIC
Experienced Consultant Physician since 1973
American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ 4:00 ਵਜੇ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

ACURA
AutoNation Acura
Stevens Creek
4747 Stevens Creek Bl.
Santa Clara, CA 95051
ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।
ਤੁਸੀ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।
ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।

Rashpal Singh Aulakh
Sales Manager
AutoNation Acura Stevens Creek
Santa Clara, CA 95051
ਕਾਲ ਕਰੋ ਜਾਂ ਆ ਕੇ ਮਿਲੋ
Cell : 510.299.4326
Email : aulakhr1@autonation.com

LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ

Pardeep S. Grewal
Attorney At Law
Bankruptcy
☞ Chapter 7 & 13 Bankruptcy
☞ Protect Your Assets- Home, Etc..
☞ Start Fresh- Clear
Family Law • Divorce
Immigration Law
☞ Deportation Cases- BIA Appeals
☞ Ninth Circuit Appeals
☞ Adjustment of Status (Green Card)
☞ Visa Petitions, NVC
ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

## ’84 ਕਤੇਲਆਮ-ਅਭਿਸ਼ੇਕ ਵਰਮਾ ਨੂੰ ਮਿਲੇਗੀ ਵਾਧੂ ਸੁਰੱਖਿਆ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਹਾਈ ਕੋਰਟ ਨੇ ਪੁਲੀਸ ਨੂੰ ਵਿਵਾਦਗ੍ਰਸਤ ਅਸਲਾ ਡੀਲਰ ਅਭਿਸ਼ੇਕ ਵਰਮਾ ਨੂੰ ਵਾਧੂ ਸੁਰੱਖਿਆ ਮੁਹੱਈਆ ਕਰਨ ਲਈ ਕਿਹਾ। 1984 ਦੇ ਸਿੱਖ ਕਤਲੇਆਮ ਦੇ ਇਕ ਕੇਸ ਵਿੱਚ ਗਵਾਹ ਵਰਮਾ ਨੂੰ ਧਮਕੀ ਭਰੀਆਂ ਫੋਨ ਕਾਲਾਂ ਆ ਰਹੀਆਂ ਹਨ।



ਅਦਾਲਤ ਨੇ ਦੱਖਣੀ ਦਿੱਲੀ ਦੇ ਪੁਲੀਸ ਡਿਪਟੀ ਕਮਿਸ਼ਨਰ ਨੂੰ ਆਦੇਸ਼ ਦਿੱਤਾ ਕਿ ਵਰਮਾ, ਉਸ ਦੀ ਪਤਨੀ ਤੇ ਮਾਂ ਦੀ ਨਿੱਜੀ ਸੁਰੱਖਿਆ ਵਿੱਚ 10 ਅਕਤੂਬਰ ਤੱਕ ਦੋ ਹੋਰ ਸੁਰੱਖਿਆ ਮੁਲਾਜ਼ਮ ਲਾਏ ਜਾਣ। ਵਰਮਾ ਦਾ 3 ਤੋਂ 6 ਅਕਤੂਬਰ ਵਿਚਾਲੇ ਪੌਲੀਗ੍ਰਾਫਿਕ ਟੈਸਟ ਹੋਣਾ ਹੈ। ਸੁਣਵਾਈ ਕਰ ਰਹੀ ਅਦਾਲਤ ਦੇ ਹੁਕਮਾਂ ਅਨੁਸਾਰ ਮੌਜੂਦਾ ਸਮੇਂ ਪੁਲੀਸ ਨੇ ਵਰਮਾ ਨੂੰ 24 ਘੰਟਿਆਂ ਲਈ ਇਕ ਸੁਰੱਖਿਆ ਮੁਲਾਜ਼ਮ ਮੁਹੱਈਆ ਕੀਤਾ ਹੋਇਆ ਹੈ।

## ਲੰਡਨ : ਕੇ.ਟੀ.ਵੀ. ਦੇ ਪੇਸ਼ਕਰਤਾ ਅਵਤਾਰ ਸਿੰਘ ਖੰਡਾ ’ਤੇ ਹਮਲਾ

**ਲੰਡਨ/ਬਿਊਰੋ ਨਿਊਜ਼ :** ਯੂ. ਕੇ. ਦੇ ਖਾਲਸਾ ਟੀ. ਵੀ. (ਕੇ.ਟੀ.ਵੀ.) ਦੇ ਪੇਸ਼ਕਰਤਾ ਅਵਤਾਰ ਸਿੰਘ ਖੰਡਾ ’ਤੇ ਵੈਸਟ ਬ੍ਰਾਮਿਚ ਦੇ ਇਕ ਸ਼ਾਪਿੰਗ ਸੈਂਟਰ ਵਿਚ ਹਮਲਾ ਹੋ ਗਿਆ। ਕੇ.ਟੀ.ਵੀ. ਅਨੁਸਾਰ ਪੁਲਿਸ ਨੇ ਹਮਲਾਵਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਉਸ ਦਾ ਨਾਂਅ ਗੁਰਮਿੰਦਰ ਸਿੰਘ ਦੱਸਿਆ ਜਾ ਰਿਹਾ ਹੈ ਪਰ ਪੁਲਿਸ ਵਲੋਂ ਹਮਲੇ ਦੇ ਕਾਰਨਾਂ ਦੀ ਕੋਈ ਪੁਸ਼ਟੀ ਨਹੀਂ ਕੀਤੀ ਗਈ।



ਪ੍ਰਾਪਤ ਜਾਣਕਾਰੀ ਅਨੁਸਾਰ ਅਵਤਾਰ ਸਿੰਘ ਖੰਡਾ ਟੀ. ਵੀ. ਸਟੇਸ਼ਨ ਤੋਂ ਬਾਅਦ ਕੁਝ ਖ਼ਰੀਦੋ-ਫਰੋਖਤ ਕਰਨ ਲਈ ਸ਼ਾਪਿੰਗ ਸੈਂਟਰ ਗਏ ਸਨ, ਜਿੱਥੇ ਕੁਝ ਸਮਾਂ ਬਹਿਸ ਕਰਨ ਉਪਰੰਤ ਹਮਲਾਵਰ ਨੇ ਉਨ੍ਹਾਂ ’ਤੇ ਹਮਲਾ ਕਰ ਦਿੱਤਾ। ਇਸ ਹਮਲੇ ਦੌਰਾਨ ਜ਼ਖ਼ਮੀ ਹੋਣ ਕਾਰਨ ਉਨ੍ਹਾਂ ਨੂੰ ਸਥਾਨਕ ਹਸਪਤਾਲ ‘ਚ ਦਾਖ਼ਲ ਕਰਵਾਇਆ ਗਿਆ ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਜ਼ਿਕਰਯੋਗ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਯੂ.ਕੇ. ਫੇਰੀ ਦੌਰਾਨ ਅਵਤਾਰ ਸਿੰਘ ਖੰਡਾ ਨੂੰ ਭਾਰਤ ਸੌਂਪਣ ਦੀ ਮੰਗ ਕੀਤੀ ਸੀ ਅਤੇ ਉਸ ’ਤੇ ਭਾਰਤੀ ਏਜੰਸੀਆਂ ਵਲੋਂ ਸਿੱਖ ਨੌਜਵਾਨਾਂ ਨੂੰ ਹਥਿਆਰਾਂ ਦੀ ਸਿਖਲਾਈ ਦੇਣ ਦਾ ਦੋਸ਼ ਵੀ ਲਗਾਇਆ ਸੀ। ਭਾਂਵੇਂ ਕਿ ਇਨ੍ਹਾਂ ਖ਼ਬਰਾਂ ਨੂੰ ਅਵਤਾਰ ਸਿੰਘ ਖੰਡਾ ਨੇ ਮੁੱਢੋਂ ਹੀ ਰੱਦ ਕਰਦਿਆਂ ਇਨ੍ਹਾਂ ਇਲਜ਼ਾਮਾਂ ਨੂੰ ਝੂਠੇ ਅਤੇ ਬੇਬੁਨਿਆਦ ਕਿਹਾ ਸੀ। ਅਵਤਾਰ ਸਿੰਘ ਖੰਡਾ ’ਤੇ ਹੋਏ ਹਮਲੇ ਦੀ ਇੰਗਲੈਂਡ ਦੀਆਂ ਪੰਥਕ ਜੱਥੇਬੰਦੀਆਂ ਵਲੋਂ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਗਈ ਹੈ।

## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵਲੋਂ ਪਾਰਟੀ ਦੇ ਟਰੇਸੀ ਯੂਨਿਟ ਦੀਆਂ ਸਾਰੀਆਂ ਨਿਯੁਕਤੀਆਂ ਰੱਦ

**ਨਿਊਯਾਰਕ/ਬਿਊਰੋ ਨਿਊਜ਼:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ.ਐਸ.ਏ. ਨੇ ਪਾਰਟੀ ਦੇ ਟਰੇਸੀ ਯੂਨਿਟ ਦੀ ਮੀਟਿੰਗ ਦੌਰਾਨ ਕੀਤੀਆਂ ਨਿਯੁਕਤੀਆਂ ਨੂੰ ਰੱਦ ਕਰ ਦਿੱਤਾ ਹੈ। ਪਾਰਟੀ ਵਲੋਂ ਜਾਰੀ ਲਿਖਤੀ ਪ੍ਰੈਸ ਬਿਆਨ ਅਨੁਸਾਰ ਅਕਾਲੀ ਦਲ ਦੀਆਂ ਅਮਰੀਕਾ ਭਰ ਵਿੱਚ ਨਿਯੁਕਤੀਆਂ ਕਰਨ ਦਾ ਅਧਿਕਾਰ ਸਿਰਫ ਸਿਰਫ ਤੇ ਪਾਰਟੀ ਪ੍ਰਧਾਨ ਸ.ਸੁਰਜੀਤ ਸਿੰਘ ਕਲਾਰ ਕੋਲ ਹੈ। ਕਿਸੇ ਹੋਰ ਵਿਅਕਤੀ ਕੋਲ ਅਧਿਕਾਰ ਨਹੀਂ ਕਿ ਉਹ ਸ..ਸੁਰਜੀਤ ਸਿੰਘ ਕਲਾਰ ਨੂੰ ਬਿਨਾਂ ਭਰੋਸੇ ਵਿੱਚ ਲਿਆ ਕੋਈ ਨਿਯੁਕਤੀ ਕਰ ਸਕੇ । ਇਸੇ ਤਰ੍ਹਾਂ ਅਮਰੀਕਾ ਵਿੱਚ ਯੂਥ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੀਆਂ ਨਿਯੁਕਤੀਆਂ ਕਰਨ ਦਾ ਅਧਿਕਾਰ ਸਿਰਫ ਸ.ਅਮਨਦੀਪ ਸਿੰਘ ਕੋਲ ਹੈ ਸਿਵਾਏ ਸ.ਅਮਨਦੀਪ ਸਿੰਘ ਤੋਂ ਕੋਈ ਵਿਅਕਤੀ ਯੂਥ ਦੀਆਂ ਨਿਯੁਕਤੀਆਂ ਨਹੀਂ ਕਰ ਸਕਦਾ। ਇਸ ਲਈ ਪਾਰਟੀ ਦੇ ਨਿਊਯਾਰਕ ਦਫਤਰ ਵੱਲੋਂ ਜਨਰਲ ਅਤੇ ਯੂਥ ਦੀਆਂ ਕੀਤੀਆਂ ਇਨਾਂ ਗੈਰ ਸੰਵਿਧਾਨਿਕ ਨਿਯੁਕਤੀਆਂ ਨੂੰ ਰੱਦ ਕੀਤਾ ਜਾਂਦਾ ਹੈ । ਪਾਰਟੀ ਵਲੋਂ ਸਾਰੇ ਕੈਲੇਫੋਰਨੀਆ ਵਾਸੀਆਂ ਨੂੰ ਬੇਨਤੀ ਕੀਤੀ ਗਈ ਹੈ ਕਿ ਬਹੁਤ ਜਲਦ ਕੈਲੇਫੋਰਨੀਆ ਵਿੱਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੀ ਮੀਟਿੰਗ ਕੀਤੀ ਜਾਵੇਗੀ ਉਸ ਮੀਟਿੰਗ ਵਿੱਚ ਸਾਰੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਹਾਜਿਰ ਹੋਣ । ਮੀਟਿੰਗ ਦਾ ਦਿਨ, ਸਮਾਂ ਅਤੇ ਸਥਾਨ ਜਲਦ ਸਭਨਾਂ ਨੂੰ ਦੱਸ ਦਿੱਤਾ ਜਾਵੇਗਾ। ਪਾਰਟੀ ਵਲੋਂ ਇਹ ਅਪੀਲ ਵੀ ਕੀਤੀ ਗਈ ਹੈ ਕਿ ਜੋ ਨਿਯੁਕਤੀਆਂ ਰੱਦ ਕੀਤੀਆਂ ਗਈਆਂ ਹਨ, ਉਨਾਂ ਵੱਲੋਂ ਕੀਤੇ ਜਾ ਰਹੇ ਗੁਮਰਾਹਕੁੰਨ ਪ੍ਰਚਾਰ ਤੋਂ ਸੁਚੇਤ ਰਹਿ ਕੇ ਪਾਰਟੀ ਦੀ ਚੜ੍ਹਦੀ ਕਲਾ ਲਈ ਨਿਊਯਾਰਕ ਦਫਤਰ ਨਾਲ ਸੰਪਰਕ ਰੱਖਿਆ ਜਾਵੇ ।

# ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਨ ਸਬੰਧੀ ਸਮਾਗਮ 12 ਤੇ 18 ਨਵੰਬਰ ਨੂੰ

### *ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਵਲੋਂ ਵੱਡੇ ਪੱਧਰ ’ਤੇ ਤਿਆਰੀਆਂ*

**ਫਰਿਜ਼ਨੋਂ/ਬਿਊਰੋ ਨਿਊਜ਼:**
ਭਾਰਤ ਦੀ ਅਜ਼ਾਦੀ ਦੇ ਸੰਘਰਸ਼ ਵਿਚ ਅਹਿਮ ਯੋਗਦਾਨ ਪਾ ਕੇ ਆਪਣੀ ਜਾਨ ਕੁਰਬਾਨ ਕਰ ਦੇਣ ਵਾਲੇ ਛੋਟੀ ਉਮਰ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦਾ ਸ਼ਹੀਦੀ ਸਮਾਗਮ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇੰਡੋ ਅਮੈਰਿਕਨ ਹੈਰੀਟੇਜ ਫੋਰਜ ਫਰਿਜ਼ਨੋਂ ਵਲੋਂ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸੰਸਥਾ ਦੇ ਮੋਢੀ ਗੁਰਦੀਪ ਸਿੰਘ ਅਣਖੀ ਨੇ ਦੱਸਿਆ ਕਿ ਪਹਿਲਾ ਪ੍ਰੋਗਰਾਮ 12 ਨਵੰਬਰ ਨੂੰ ਕਰਮਨ ਕਮਊਨਟੀ ਹਾਲ ਵਿਖੇ ਬਾਅਦ ਦੁਪਹਿਰ 2:00 ਵਜੇ ਤੋਂ ਸ਼ਾਮੀਂ 5:00 ਵਜੇ ਤੱਕ ਮਨਾਇਆ ਜਾਵੇਗਾ ਅਤੇ ਦੂਜਾ ਸਮਾਗਮ 18 ਨਵੰਬਰ ਨੂੰ ਸਨਫਰਾਂਸਿਸਕੋ ਯੁਗਾਂਤਰ ਆਸ਼ਰਮ ਵਿਖੇ ਕੈਲੇਫੋਰਨੀਆਂ ਦੀਆਂ ਸਮੂਹ ਗਦਰੀ ਬਾਬਿਆਂ ਨੂੰ ਸਮਰਪਿਤ ਸੰਸਥਾਵਾਂ ਦੇ ਸਹਿਯੋਗ ਨਾਲ ਮਨਾਇਆ ਜਾਵੇਗਾ ਜਿਥੇ ਇੰਡੀਅਨ ਕੌਂਸਲੇਟ ਜਨਰਲ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਣਗੇ। ਇਸ ਮੌਕੇ ਉਚ ਕੋਟੀ ਦੇ ਬੁਲਾਰੇ ਪਹੁੰਚ ਕੇ ਸ਼ਹੀਦਾਂ ਪ੍ਰਤੀ ਆਪਣੇ ਵਿਚਾਰ ਪੇਸ਼ ਕਰਕੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨਗੇ।



ਸ.ਅਣਖੀ ਨੇ ਇਹ ਜਾਣਕਾਰੀਵੀ ਦਿੱਤੀ ਕਿ ਇੰਡੋ ਅਮੈਰਿਕਨ ਹੈਰੀਟੇਜ ਫੋਰਜ ਵਲੋਂ ਹਰ ਸਮਾਗਮ ਦੀ ਤਰਾਂ ਬੱਚਿਆਂ ਨੂੰ ਇਹਨਾਂ ਸਮਗਾਮਾਂ ਨਾਲ ਜੋੜ ਕੇ ਇਤਿਹਾਸ ਪ੍ਰਤੀ ਸੁਚੇਤ ਕਰਨ ਲਈ ਸੰਸਥਾ ਵਲੋਂ ਬੱਚਿਆਂ ਦੀਆਂ ਪੇਸ਼ਕਾਰੀਆਂ ਨੂੰ ਵੀ ਅਹਿਮੀਅਤ ਦਿੱਤੀ ਜਾਵੇਗੀ। ਉਹਨਾਂ ਦੱਸਿਆ ਕਿ ਬੱਚਿਆਂ ਵਲੋਂ ਕੋਈ ਵੀ ਤਿਆਰ ਕੀਤੀ ਗਈ ਦੇਸ਼ ਭਗਤੀ ਦੀ ਆਈਟਮ ਨੂੰ ਪੇਸ਼ ਕਰਨ ਲਈ ਪਹਿਲ ਦਿੱਤੀ ਜਾਵੇਗੀ।

ਵਰਨਣਯੋਗ ਹੈ ਕਿ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਜਿਨ੍ਹਾਂ ਵਲੋਂ ਹਰ ਸਾਲ ਫਰਿਜ਼ਨੋਂ ਵਿਚ ਗਦਰੀ ਬਾਬਿਆਂ ਦਾ ਮੇਲਾ ਕਰਵਾਇਆ ਜਾਂਦਾ ਹੈ। ਸ਼ਹੀਦਾਂ ਦੀ ਯਾਦ ਵਿਚ ਸਮਾਗਮ ਕਰਵਾਏ ਜਾਂਦੇ ਹਨ ਜਿਸ ਦੌਰਾਨ ਬੱਚਿਆਂ ਦੇ ਭਾਸ਼ਣ ਮੁਕਾਬਲੇ ਵੀ ਕਰਵਾਏ ਜਾਂਦੇ ਹਨ।

ਦੋਹਾਂ ਸਮਾਗਮਾਂ ਦੀ ਹੋਰ ਜਾਣਕਾਰੀ ਅਤੇ ਬੱਚਿਆਂ ਦੀਆਂ ਆਈਟਮਾਂ ਪੇਸ਼ ਕਰਨ ਲਈ ਸਮਾਂ ਲੈਣ ਲਈ ਲਈ ਸੰਸਥਾ ਨਾਲ 559-618-0156 , 559-287-0822 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਿਆਟਲ ਦੇ ਬਾਬਾ ਬੋਹੜ ਭਾਗ ਸਿੰਘ ਖੇਲਾ ਦਾ ਦੇਹਾਂਤ

**ਸਿਆਟਲ/ਬਿਊਰੋ ਨਿਊਜ਼ :**ਪੰਜਾਬੀ ਭਾਈਚਾਰੇ ਦੀ ਹਰਮਨ ਪਿਆਰੀ ਸ਼ਖ਼ਸੀਅਤ ਅਤੇ ਸਿਆਟਲ ਦੇ ਬਾਬਾ ਬੋਹੜ ਵਜੋਂ ਜਾਣੇ ਜਾਂਦੇ ਭਾਗ ਸਿੰਘ ਖੇਲਾ (90) ਵਿਛੋੜਾ ਦੇ ਗਏ ਹਨ, ਜਿਸ ਕਾਰਨ ਸਿਆਟਲ ਵਿਚ ਮਾਤਮ ਛਾ ਗਿਆ। ਸੰਨ 1948 ਵਿਚ ਬਤੌਰ ਵਿਦਿਆਰਥੀ ਤੇ ਇੰਜਨੀਅਰਿੰਗ ਕਰਕੇ 1960 ਤੋਂ ਲਗਾਤਾਰ ਬੋਇੰਗ ਵਿਚ ਬਤੌਰ ਇੰਜੀਨੀਅਰ ਕੰਮ ਕਰਕੇ ਵਿਲੱਖਣ ਨਾਂਅ ਕਮਾਇਆ ਤੇ ਵਧ-ਚੜ੍ਹ ਕੇ ਪੰਜਾਬੀ ਭਾਈਚਾਰੇ ਦੀ ਸੇਵਾ ਕੀਤੀ। ਸਭ ਤੋਂ ਪਹਿਲਾਂ ਘਰ ਵਿਚ ਬਿਓਰੀਅਨ ਗੁਰਦੁਆਰਾ ਖੋਲ੍ਹਿਆ ਤੇ ਬਾਅਦ ਵਿਚ ਜ਼ਮੀਨ ਖਰੀਦ ਕੇ ਗੁਰਦੁਆਰਾ ਸਿੰਘ ਸਭਾ ਰੈਨਟਨ ਬਣਾਉਣ ਵਿਚ ਵੱਡੀ ਭੂਮਿਕਾ ਨਿਭਾਈ। ਟਰੱਸਟ ਦੇ ਚੇਅਰਮੈਨ ਭਾਗ ਸਿੰਘ ਖੇਲਾ ਬਹੁਤ ਮਿੱਠ ਬੋਲੜੇ, ਨੇਕ ਇਨਸਾਨ ਤੇ ਮਿਹਨਤੀ ਸਨ, ਜਿਨ੍ਹਾਂ ਬੜੀ ਸਾਧਾਰਨ ਜ਼ਿੰਦਗੀ ਗੁਜ਼ਾਰੀ ਤੇ ਸਾਂਝੇ ਕੰਮਾਂ ਵਿਚ ਅੱਗੇ ਲੱਗ ਕੇ ਸੇਵਾ ਕੀਤੀ। ਸਿਆਟਲ ਨਿਵਾਸੀ ਹਮੇਸ਼ਾ ਭਾਗ ਸਿੰਘ ਖੇਲਾ ਨੂੰ ਯਾਦ ਕਰਦੇ ਰਹਿਣਗੇ। ਭਾਗ ਸਿੰਘ ਖੇਲਾ ਦਾ ਸਸਕਾਰ ਸਨਿਚਰਵਾਰ 30 ਸਤੰਬਰ ਨੂੰ ਕੈਂਟ ਵਿਚ 1.30 ਤੋਂ 3.00 ਵਜੇ ਤੱਕ ਹੋਵੇਗਾ ਅਤੇ ਅੰਤਿਮ ਅਰਦਾਸ ਗੁਰਦੁਆਰਾ ਸੱਚਾ ਮਾਰਗ ਸਿਆਟਲ ਵਿਚ 4 ਵਜੇ ਹੋਵੇਗੀ।




ਗੁਰਦੁਆਰਾ ਸੱਚਾ ਮਾਰਗ ਦੇ ਮੁੱਖ ਸੇਵਾਦਾਰ ਹਰਸ਼ਿੰਦਰਸਿੰਘ ਸੰਧੂ ਅਤੇ ਟਰੱਸਟੀ ਰਾਜਬੀਰ ਸਿੰਘ ਸੰਧੂ ਦੀ ਭਾਗ ਸਿੰਘ ਖੇਲਾ ਨਾਲ ਆਖ਼ਰੀ ਯਾਦਗਾਰੀ ਤਸਵੀਰ।

# ਸੈਨਹੋਜ਼ੇ ਪੰਜਾਬੀ ਹੈਰੀਟੇਜ ਕਲੱਬ ਵਲੋਂ ਕਰਵਾਏ ਪ੍ਰੋਗਰਾਮ ‘ਝਾਂਜਰ ਦੀ ਛਣਕਾਰ’ ’ਚ ਔਰਤਾਂ ਨੇ ਪਾਈ ਧਮਾਲ

**ਮਿਲਪੀਟਸ/ਬਿਊਰੋ ਨਿਊਜ਼ :** ਸੈਨਹੋਜ਼ੇ ਪੰਜਾਬੀ ਹੈਰੀਟੇਜ ਕਲੱਬ ਵਲੋਂ ਆਪਣਾ ਪਲੇਠਾ ਪ੍ਰੋਗਰਾਮ ‘ਝਾਂਜਰ ਦੀ ਛਣਕਾਰ’ ਲੰਘੇ ਐਤਵਾਰ ਨੂੰ ਇੰਡੀਅਨ ਕਮਿਊਨਿਟੀ ਸੈਂਟਰ ਮਿਲਪੀਟਸ ਵਿਖੇ ਕਰਵਾਇਆ ਗਿਆ। ਗੁਰਮੀਤ ਕੌਰ ਛੀਨਾ ਦੀ ਅਗਵਾਈ ਹੇਠ ਪੰਜਾਬੀ ਰੇਡੀਓ ਯੂਐਸਏ, ਰੇਡੀਓ ਪੰਜਾਬ, ਚੜ੍ਹਦੀ ਕਲਾ ਰੇਡੀਓ, ਪੰਜਾਬ ਲੋਕ ਰੰਗ ਅਤੇ ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਦੇ ਸਹਿਯੋਗ ਨਾਲ ਸਿਰਫ ਬੀਬੀਆਂ ਦੇ ਮੋਨਰੰਜਨ ਲਈ ਕਰਵਾਏ ਇਸ ਪ੍ਰੋਗਰਾਮ ਵਿਚ ਵੱਡੀ ਗਿਣਤੀ ਵਿਚ ਔਰਤਾਂ ਨੇ ਹਿੱਸਾ ਲਿਆ। ਤੀਆਂ ਦੀ ਤਰਜ਼ ਤੋਂ ਬਿਲਕੁਲ ਹਟਵੇਂ ਢੰਗ ਨਾਲ ਕਰਵਾਏ ਗਏ ਇਸ ਪ੍ਰੋਗਰਾਮ ਵਿਚ ਅਨੇਕਾਂ ਕਿਸਮ ਦੀਆਂ ਸੰਗੀਤਕ ਵੰਨਗੀਆਂ, ਸਕਿੱਟਾਂ ਅਤੇ ਕੋਰੀਓਗ੍ਰਾਫੀ ਦਾ ਵੱਖਰਾ ਹੀ ਮੰਚ ਸਿਰਜਿਆ ਗਿਆ। ਅਜੇ ਭੰਗੜਾ ਅਕੈਡਮੀ ਸੈਨਹੋਜ਼ੇ ਦੇ ਬੱਚਿਆਂ ਨੇ ਭੰਗੜੇ ਅਤੇ ਗਿੱਧੇ ਦੀ ਕਮਾਲ ਦੀ ਪੇਸ਼ਕਾਰੀ ਦਿੱਤੀ। ਜਸਜੀਤ ਕੌਰ ਤੇ ਜਸਪ੍ਰੀਤ, ਜੱਸੀ ਸਰਾਂ ਵਲੋਂ ਮੈਲੋਡੀ ਡਾਂਸ ਤੇ ਬਾਬਿਆਂ ਦੇ ਕਿਰਦਾਰ ’ਤੇ ਵਿਅੰਗ ਕਰਦਾ ਸੋਨੀਆ ਚੇੜਾ ਦਾ ਗੀਤ ਵੀ ਖ਼ੂਬ ਪਸੰਦ ਕੀਤਾ ਗਿਆ। ਜੱਸੀ ਸੰਗੀ ਵਲੋਂ ਸਟੇਜ ਅਤੇ ਸਮੁੱਚੇ ਪ੍ਰੋਗਰਾਮ ਦੀ ਪੇਸ਼ਕਾਰੀ ਦਾ ਪ੍ਰਬੰਧ ਇਸ ਪ੍ਰੋਗਰਾਮ ਨੂੰ ਨਿਵੇਕਲੀ ਦਿੱਖ ਪ੍ਰਦਾਨ ਕਰਨ ਵਿਚ ਸਫਲ ਹੋਇਆ। ਸੁਖਨਿੰਦਰ ਭੰਗਲ, ਬੌਬੀ ਹੋਠੀ, ਜਸਵਿੰਦਰ ਲਖਵੀਰ ਦਾ ਡਾਂਸ, ਜਸਵਿੰਦਰ ਧਨੋਆ ਅਤੇ ਕੁਲਵੰਤ ਕੌਰ ਚਾਹਲ ਵਲੋਂ ਸਭਿਆਚਾਰਕ ਗੀਤਾਂ ਤੇ ਕੋਰੀਓਗ੍ਰਾਫੀ ਇਸ ਪ੍ਰੋਗਰਾਮ ਦੇ ਜਿੰਦ ਜਾਨ ਬਣੇ। ਅਰਚਨਾ ਚੁੱਘ ਅਤੇ ਗੁਰਜੀਤ ਕੌਰ ਨੇ ਵੱਖਰੇ ਹੀ ਅੰਦਾਜ਼ ਵਿਚ ਇਸ ਮੇਲੇ ਨੂੰ ਸੰਗੀਤਕ ਪਾਣ ਦਿੱਤੀ। ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਕੁਲਵੰਤ ਕੌਰ ਸੰਘੇੜਾ, ਜਸਵਿੰਦਰ ਧਨੋਆ,



ਕਸ਼ਮੀਰ ਕੌਰ ਭੌਰਾ ਸ਼ਾਮਲ ਹੋਈਆਂ। ਜਦੋਂ ਕਿ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਨੇ ਪ੍ਰੋਗਰਾਮ ਦਾ ਸਮੁੱਚਾ ਸੰਚਾਲਨ ਬਾਖੂਬੀ ਨਿਭਾਇਆ। ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਸਮੂਹ ਕਲਾਕਾਰਾਂ ਨੂੰ ਤੋਹਫ਼ੇ ਦੇ ਕੇ ਸਨਮਾਨਿਤ ਕੀਤਾ ਗਿਆ।

ਗੁਰਮੀਤ ਕੌਰ ਛੀਨਾ ਨੇ ਦੱਸਿਆ ਕਿ ਉਸ ਨੇ ਸਾਰੀ ਉਮਰ ਪੰਜਾਬ ਦੇ ਲੋਕ ਰੰਗ ਅਤੇ ਸਿਹਤਮੰਦ ਸਭਿਆਚਾਰ ਨੂੰ ਬਚਾਉਣ ਲਈ ਯਤਨ ਕੀਤੇ ਹਨ ਅਤੇ ਔਰਤਾਂ ਨੂੰ ਹਮੇਸ਼ਾ ਹੀ ਵੱਖਰਾ ਸਿਹਤਮੰਦ ਮਨੋਰੰਜਨ ਦਿੱਤਾ ਹੈ ਤੇ ਉਹ ਭਵਿੱਖ ਵਿਚ ਵੀ ਅਜਿਹੇ ਪ੍ਰੋਗਰਾਮ ਕਰਵਾਉਣ ਲਈ ਵਚਨਬੱਧ ਹੋਣਗੇ। ਸਾਰਿਆਂ ਦਾ ਧੰਨਵਾਦ ਕਰਦਿਆਂ ਬੀਬੀ ਛੀਨਾ ਨੇ ਕਿਹਾ ਕਿ ਅਜਿਹਾ ਸਫਲ ਪ੍ਰੋਗਰਾਮ ਕੈਲੀਫੋਰਨੀਆ ਵਿਚ ਸ਼ਾਇਦ ਪਹਿਲੀ ਵਾਰ ਹੋਇਆ ਹੋਵੇ ਜਿਸ ਵਿਚ ਬੀਬੀਆਂ ਨੇ ਆਪਣੇ ਚਾਵਾਂ ਨੂੰ ਖੁੱਲ੍ਹ ਕੇ ਪ੍ਰਦਰਸ਼ਿਤ ਕੀਤਾ ਹੋਵੇ।

# ਸੈਨਹੋਜ਼ੇ ਪੰਜਾਬੀ ਮੇਲੇ ਵਿਚ ਖਿਡਾਰੀਆਂ ਨੇ ਕੀਤਾ ਸ਼ਾਨਦਾਰ ਪ੍ਰਦਰਸ਼ਨ

**ਮਿਲਪੀਟਸ/ਬਿਊਰੋ ਨਿਊਜ਼ :**ਮਿਲੀਪੀਟਸ ਦੇ ਖੁੱਲੇ ਮੈਦਾਨ ਵਿਚ ਸੈਨਹੋਜ਼ੇ ਪੰਜਾਬੀ ਮੇਲਾ ਕਰਵਾਇਆ ਗਿਆ। ਇਸ ਮੌਕੇ ਬਾਸਕਿਟਬਾਲ, ਸਾਕਰ ਅਤੇ ਵਾਲੀਬਾਲ ਦੇ ਮੈਚਾਂ ਅਤੇ ਸਭਿਆਚਾਰਕ ਪ੍ਰੋਗਰਾਮਾਂ ਦਾ ਦਰਸ਼ਕਾਂ ਨੇ ਖੂਬ ਆਨੰਦ ਮਾਣਿਆ। ਸੈਨਹੋਜ਼ੇ ਹੈਰੀਟੇਜ ਕਲੱਬ ਦੇ ਚੇਅਰਮੈਨ ਹਰਦੂਮਣ ਸਿੰਘ ਬਿੱਲਾ ਸੰਘੇੜਾ, ਪ੍ਰਧਾਨ ਜਤਿੰਦਰ ਸਿੰਘ ਭੰਗੂ ਅਤੇ ਸਕੱਤਰ ਜਸਪਾਲ ਸਿੰਘ ਤੇ ਸਮੂਹ ਮੈਂਬਰਾਂ ਦੇ ਉੱਦਮ ਸਦਕਾ ਨਵੀਂ ਪਨੀਰੀ ਨੂੰ ਪੰਜਾਬੀ ਵਿਰਸਾ ਅਤੇ ਸਭਿਆਚਾਰ ਨਾਲ ਜੋੜਣ ਲਈ ਸ਼ਾਨਦਾਰ ਪ੍ਰੋਗਰਾਮ ਸਾਬਤ ਹੋਇਆ। ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੀ ਲੜਕੀ ਸ਼ਕਤੀ ਮਾਣਕ ਨੇ ਸਟੇਜ ਦਾ



ਸੰਚਾਲਨ ਬੜੇ ਸੁਚੱਜੇ ਢੰਗ ਨਾਲ ਕੀਤਾ। ਸਭਿਆਚਾਰਕ ਪ੍ਰੋਗਰਾਮ ਦਾ ਆਰੰਭ ਗਿੱਧੇ ਤੇ ਭੰਗੜੇ ਨਾਲ ਹੋਇਆ। ਗਾਇਕ ਗਿੱਲ ਹਰਦੀਪ ਨੇ ਦਰਸ਼ਕਾਂ ਦੀ ਖ਼ੂਬ ਵਾਹ-ਵਾਹ ਖੱਟੀ। ਸਰੀ ਤੋਂ ਹਰਮਨਦੀਪ ਖੋਸਾ ਨੇ ਖੂਬ ਰੰਗ ਬੰਨ੍ਹਿਆ ਤੇ ਬਜ਼ੁਰਗ ਮਾਤਾਵਾਂ ਨੂੰ ਝੂੰਮਣ ਲਾ ਦਿੱਤਾ। ਸੈਨਹੋਜ਼ੇ ਦੇ ਸਥਾਨਕ ਗਾਇਕ ਐਚ.ਐਸ. ਭਜਨ ਨੇ ਆਪਣੇ ਗੀਤਾਂ ਨਾਲ ਭਰਵੀਂ ਹਾਜ਼ਰੀ ਲਗਵਾਈ। ਪ੍ਰਬੰਧਕਾਂ ਨੇ ਇਸ ਮੇਲੇ ਨੂੰ ਪੰਜਾਬ ਦੇ ਪਿੰਡਾਂ ਦੇ ਮੇਲਿਆਂ ਦਾ ਰੰਗ ਦੇਣ ਦੀ ਪੂਰੀ ਕੋਸ਼ਿਸ਼ ਕੀਤੀ। ਇਸ ਮੌਕੇ ਖੇਡਾਂ ਵਿਚ ਜੇਤੂ ਟੀਮਾਂ ਤੇ ਮਹਿਮਾਨਾਂ ਨੂੰ ਟਰਾਫੀਆਂ ਦੇ ਕੇ ਪ੍ਰਬੰਧਕਾਂ ਵਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚੇਅਰਮੈਨ ਹਰਦੂਮਣ ਸਿੰਘ ਬਿੱਲਾ ਸੰਘੇੜਾ, ਪ੍ਰਧਾਨ ਜਤਿੰਦਰ ਭੰਗੂ ਤੇ ਸਕੱਤਰ ਜਸਪਾਲ ਸਿੰਘ ਤੋਂ ਇਲਾਵਾ ਮੇਲੇ ਦੇ ਪ੍ਰਬੰਧਕਾਂ ਤੇ ਸਪਾਂਸਰਾਂ ਅਮੋਲਕ ਸਿੰਘ ਗਾਖ਼ਲ, ਇਕਬਾਲ ਸਿੰਘ ਮਾਨ, ਰਘਬੀਰ ਸਿੰਘ ਸ਼ੇਰਗਿੱਲ, ਜਸਵੰਤ ਸਿੰਘ ਹੋਠੀ, ਮਹਿੰਦਰ ਮਾਨ, ਚੰਦ ਸਿੰਘ ਸਰਾਂ, ਗੁਰਦੇਵ ਸਿੰਘ ਸੰਧੂ, ਬਘੇਲ ਸਿੰਘ ਜਸਵਾਲ, ਗੁਰਵਿੰਦਰ ਸਿੰਘ ਮਾਵੀ, ਜੈਸੀ ਸਿੰਘ, ਗੁਰਮੀਤ ਕੌਰ ਛੀਨਾ ਦਾ ਵਿਸ਼ੇਸ਼ ਸਨਮਾਨ ਕੀਤਾ। ਸਿਆਟਲ ਤੋਂ ਪਹੁੰਚੇ ਵਿਸ਼ੇਸ਼ ਮਹਿਮਾਨ ਗੁਰਦੀਪ ਸਿੰਘ ਸਿੱਧੂ, ਸੰਨ ਰਾਜ ਤੇ ਗੁਰਚਰਨ ਸਿੰਘ ਢਿੱਲੋਂ ਦਾ ਵਿਸ਼ੇਸ਼ ਸਵਾਗਤ ਤੇ ਸਨਮਾਨ ਕੀਤਾ ਗਿਆ। ਦਰਸ਼ਕਾਂ ਵਿਚ ਬੈਠੇ ਫ਼ੇਅਰਫ਼ੀਲਡ ਗੁਰਦੁਆਰਾ ਦੇ ਸਾਬਕਾ ਸਕੱਤਰ ਅਜੀਤ ਸਿੰਘ ਸੰਧੂ, ਜਸਬੀਰ ਸਿੰਘ ਸੇਖੋਂ, ਰਘਵੀਰ ਸਿੰਘ ਸੇਖੋਂ ਤੇ ਬਿਕਰਮ ਸਿੰਘ ਜੱਜ ਨੇ ਸੈਨਹੋਜ਼ੇ ਪੰਜਾਬੀ ਮੇਲੇ ਦਾ ਸ਼ਾਨਦਾਰ ਪ੍ਰਬੰਧਾਂ ਤੇ ਕਲਾਕਾਰਾਂ ਦੇ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ।

# ਰਾਣਾ ਕਾਹਲੋਂ ਨੂੰ ਸਦਮਾ

## *ਭਰਾ ਕਸ਼ਮੀਰ ਸਿੰਘ ਕਾਹਲੋਂ ਸਵਰਗਵਾਸ , ਸਸਕਾਰ ਤੇ ਅੰਤਮ ਅਰਦਾਸ 7 ਅਕਤੂਬਰ ਨੂੰ*

ਫਰੀਮਾਟ/ਬਿਊਰੋ ਨਿਊਜ਼: ਐਲਾਮੀਡਾ ਕਾਊਂਟੀ ਦੇ ਕਮਿਸ਼ਨਰ ਰਾਣਾ ਕਾਹਲੋਂ ਵੱਲੋਂ ਦੇ ਵੱਡੇ ਭਰਾ ਸ. ਕਸ਼ਮੀਰ ਸਿੰਘ ਕਾਹਲੋਂ 30 ਸਤੰਬਰ ਨੂੰ ਸਵਰਗਵਾਸ ਹੋ ਗਏ ਸਨ। ਉਨ੍ਹਾਂ ਦੇ ਪਿਤਾ ਹਜ਼ਾਰਾ ਸਿੰਘ ਅਤੇ ਮਾਤਾ ਮਲਿਕ ਕੌਰ ਕਾਹਲੋਂ ਦੇ



ਘਰ ਜਨਮੇ ਸ. ਕਸ਼ਮੀਰ ਸਿੰਘ ਅਪਣੇ ਪਿੱਛੇ ਦੋ ਪੁੱਤਰ ਅਮਨ ਅਤੇ ਸ਼ਾਨ ਕਾਹਲੋਂ, ਇਕ ਲੜਕੀ ਤੇ ਜਵਾਈ ਅਮਨਜੀਤ ਢੀਂਡਸਾ ਨੂੰ ਪਿੱਛੇ ਛੱਡ ਗਏ ਹਨ। ਉਨ੍ਹਾਂ ਦੇ ਤਿੰਨ ਪੋਤਰੇ-ਪੋਤਰੀਆਂ ਹਨ। ਉਹ ਸੰਨ 1972 ਤੋਂ ਅਮਰੀਕਾ 'ਚ ਰਹਿੰਦੇ ਸਨ ਤੇ ਛੇ ਭਰਾਵਾਂ 'ਚੋਂ ਤੀਜੇ ਸਨ, ਜੋ ਕਾਲਾ ਅਫਗਾਨਾ ਦੇ ਰਹਿਣ ਵਾਲੇ ਸਨ। ਸ. ਕਸ਼ਮੀਰ ਸਿੰਘ ਕਾਹਲੋਂ ਦਾ ਅੰਤਮ ਸੰਸਕਾਰ ਸ਼ਨਿਰਚਵਾਰ 7 ਅਕਤੂਬਰ ਨੂੰ ਦੁਪਹਿਰ 12:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ Sunset Lawn Cemetery 4701 Marisville BLVD, Sacramento CA 95820 ਵਿਖੇ ਕੀਤਾ ਜਾਵੇਗਾ। ਉਪਰੰਤ ਅੰਤਮ ਅਰਦਾਸ ਗੁਰਦੁਆਰਾ ਵੈਸਟ ਸੈਕਰਾਮੈਂਟੋ ਵਿਖੇ ਬਾਅਦ ਦੁਪਹਿਰ 3.30 ਵਜੇ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਰਾਣਾ ਕਾਹਲੋਂ ਦਾ ਫੋਨ : 510-378-8560

# ਅਮੋਲਕ ਸਿੰਘ ਸਿੱਧੂ (ਭੋਲਾ) ਨੂੰ ਸਦਮਾ

## *ਸਹੁਰੇ ਸ. ਵਰਿੰਦਰ ਸਿੰਘ ਗਰੇਵਾਲ ਦਾ ਦੇਹਾਂਤ, ਅੰਤਿਮ ਸੰਸਕਾਰ 7 ਅਕਤੂਬਰ, ਸ਼ਨੀਵਾਰ ਨੂੰ*

**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :** ਫਰਿਜ਼ਨੋ ਨਿਵਾਸੀ ਉੱਘੇ ਕਾਰੋਬਾਰੀ ਐਨ.ਕੇ.ਆਰ.ਐਸ. ਟਰੱਕਿੰਗ ਵਾਲੇ ਅਮੋਲਕ ਸਿੰਘ ਸਿੱਧੂ (ਭੋਲਾ) ਨੂੰ ਪਿਛਲੇ ਦਿਨੀਂ ਉਸ ਵਕਤ ਭਾਰੀ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਸਹੁਰਾ ਸ. ਵਰਿੰਦਰ ਸਿੰਘ ਗਰੇਵਾਲ (63) ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ।



ਉਨ੍ਹਾਂ ਦਾ ਪਿਛਲਾ ਪਿੰਡ ਜੋਧਾਂ ਜ਼ਿਲ੍ਹਾ ਲੁਧਿਆਣਾ ਵਿੱਚ ਹੈ। ਉਹ ਪਿਛਲੇ 22 ਸਾਲ ਤੋਂ ਅਮਰੀਕਾ ਵਿੱਚ ਅਤੇ 16 ਸਾਲ ਤੋਂ ਫਰਿਜ਼ਨੋ ਵਿਖੇ ਆਪਣੇ ਬੱਚਿਆਂ ਕੋਲ ਰਹਿ ਰਹੇ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ 7 ਅਕਤੂਬਰ, ਸ਼ਨੀਵਾਰ ਨੂੰ ਸਵੇਰੇ 11.00 ਤੋਂ ਦੁਪਿਹਰ 1.00 ਵਜੇ ਦਰਮਿਆਨ ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ ਫਰਿਜ਼ਨੋ (4800 E CLAYTON AVE FRESNO CA 93625) ਵਿਖੇ ਹੋਵੇਗਾ। ਉਪਰੰਤ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ (4827 N PARKWAY DR FRESNO CA 93722) ਵਿਖੇ ਬਾਅਦ ਦੁਪਹਿਰ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਅਮੋਲਕ ਸਿੰਘ ਸਿੱਧੂ (ਭੋਲਾ) ਨਾਲ (559) 709-0089 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਲਾਸ ਵੇਗਸ 'ਚ ਹੋਇਆ ਘਿਨਾਉਣਾ ਹਮਲਾ ਬੇਹੱਦ ਦੁਖਦਾਈ- ਏਜੀਪੀਸੀ

**ਫਰੀਮਾਂਟ/ਬਿਊਰੋ ਨਿਊਜ਼**, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਨੇ ਅਮਰੀਕਾ ਦੇ ਲਾਸ ਵੇਗਸ 'ਚ ਬੀਤੇ ਦਿਨੀਂ ਮਾਂਡਲੇ ਬੇਅ ਕੈਸੀਨੋ ਦੇ ਨੇੜੇ ਇਕ ਸੰਗੀਤ ਸਮਾਗਮ ਦੌਰਾਨ ਹਮਲਾਵਰ ਵੱਲੋ ਅੰਨ੍ਹੇਵਾਹ ਕੀਤੀ ਗੋਲੀਬਾਰੀ ਦੌਰਾਨ ਨਿਰਦੋਸ਼ ਲੋਕਾਂ ਦੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਇਸ ਘਿਨਾਉਣੇ ਹਮਲੇ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕੀਤੀ ਹੈ। ਉਨ੍ਹਾਂ ਵਾਪਰੀ ਇਸ ਮੰਦਭਾਗੀ ਘਟਨਾ 'ਤੇ ਅਫ਼ਸੋਸ ਜਾਹਿਰ ਕਰਦਿਆ ਕਿਹਾ ਕਿ ਸਮੂਹ ਸਿੱਖ ਜਗਤ ਦੁਖ ਦੀ ਇਸ ਘੜੀ 'ਤੇ ਅਮਰੀਕੀ ਪ੍ਰਸ਼ਾਸ਼ਨ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ।

**ਦੁੱਖ ਦੀ ਘੜੀ 'ਚ ਅਮਰੀਕੀ ਪ੍ਰਸ਼ਾਸ਼ਨ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ ਸਮੂਹ ਸਿੱਖ ਜਗਤ**

ਏਜੀਪੀਸੀ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਜਾਰੀ ਇਕ ਸਾਂਝੇ ਬਿਆਨ 'ਚ ਕਿਹਾ ਕਿ ਲੋਕਾਂ 'ਚ ਆਂਤਕ ਤੇ ਦੇਸ਼ ਦੀ ਅਮਨ ਤੇ ਸ਼ਾਂਤੀ ਨੂੰ ਭੰਗ ਕਰਨ ਲਈ ਦਹਿਸ਼ਤਗਰਦਾਂ ਵੱਲੋਂ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਉਕਤ ਹਮਲੇ ਦੌਰਾਨ ਮਾਰੇ ਗਏ 60 ਬੇਕਸੂਰ ਤੇ 515 ਤੋਂ ਵਧੇਰੇ ਜਖ਼ਮੀਆਂ ਜਿਨ੍ਹਾਂ 'ਚ ਬੱਚੇ, ਬਜ਼ੁਰਗ ਵੀ ਸ਼ਾਮਿਲ ਹਨ ਸਬੰਧੀ, ਸਖ਼ਤ ਸ਼ਬਦਾਂ 'ਚ ਆਲੋਚਨਾ ਕਰਦਿਆ ਕਿਹਾ ਕਿ ਅਮਰੀਕੀ ਪ੍ਰਸ਼ਾਸ਼ਨ ਲੋਕਾਂ ਦੇ ਜੀਵਨ ਦੀ ਵਿਵਸਥਾ ਸਥਿਤੀ ਨੂੰ ਯਕੀਨੀ ਬਣਾਉਣ ਲਈ ਹੋਰ ਉਚਿੱਤ ਕਦਮ ਚੁੱਕਣੇ ਪੈਣਗੇ। ਉਨ੍ਹਾਂ ਨੇ ਕਿਹਾ ਕਿ ਅਮਰੀਕਾ ਦੇ ਇਤਿਹਾਸ ਦੀ ਇਹ ਸਭ ਤੋਂ ਮੰਦਭਾਗਾ ਹਮਲਾ ਹੈ। ਉਨ੍ਹਾਂ ਮਾਰੇ ਗਏ ਅਤੇ ਜਖ਼ਮੀ ਹੋਏ ਲੋਕਾਂ ਦੇ ਪਰਿਵਾਰਕ ਮੈਂਬਰਾਂ ਨਾਲ ਹਮਦਰਦੀ ਜਾਹਿਰ ਕਰਦਿਆਂ ਕਿਹਾ ਕਿ ਹਰੇਕ ਪ੍ਰਕਾਰ ਦੀ ਸਹਾਇਤਾ ਲਈ ਸਿੱਖ ਕੌਮ ਉਨ੍ਹਾਂ ਦੇ ਨਾਲ ਖੜ੍ਹੀ ਹੈ। ਜਿਨ੍ਹਾਂ ਦੇ ਸੁੱਖ ਦੁਖ ਦੇ ਸਾਂਝੇ ਭਾਈਵਾਲ ਹਨ। ਏਜੀਪੀਸੀ ਆਗੂਆਂ ਨੇ ਅਮਰੀਕੀ ਸਰਕਾਰ ਵੱਲੋਂ ਹਮੇਸ਼ਾਂ ਕਾਨੂੰਨ ਵਿਵਸਥਾ ਨੂੰ ਮਜ਼ਬੂਤ ਕਰਨ ਲਈ ਚੁੱਕੇ ਜਾਂਦੇ ਕਦਮਾਂ ਦੀ ਸ਼ਲਾਘਾ ਕਰਦਿਆ ਕਿਹਾ ਕਿ ਉਨ੍ਹਾਂ ਨੂੰ ਆਸ ਹੈ ਕਿ ਇਸ ਵਾਰ ਵੀ ਅਮਰੀਕੀ ਪ੍ਰਸ਼ਾਸ਼ਨ ਆਪਣੇ ਨਾਗਰਿਕਾਂ ਦੀ ਸੁਰੱਖਿਆ ਨੂੰ ਉਚਿੱਤ ਕਦਮ ਉਠਾਉਂਦਿਆ ਸੁਰੱਖਿਆ ਪ੍ਰਬੰਧ ਹੋਰ ਮਜ਼ਬੂਤ ਕਰੇਗੀ।

# ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਕਾਵਿ ਪੁਸਤਕ ਦਾ ਲੋਕ ਅਰਪਣ ਐਤਵਾਰ 8 ਅਕਤੂਬਰ ਨੂੰ

**ਯੂਨੀਅਨ ਸਿਟੀ/ਬਿਊਰੋ ਨਿਊਜ਼:**
ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਪ੍ਰਵਾਨਾ ਦੀ ਕਾਵਿ ਪੁਸਤਕ 'ਲੋਕ ਰੰਗ ਸੋਚ' 8 ਅਕਤੂਬਰ ਐਤਵਾਰ ਨੂੰ ਬਾਅਦ ਦੁਪਹਿਰ 3:00 ਵਜੇ Guy Emandele Jr Elementary School 100 Decoto Road Union City 94587 ਵਿਖੇ ਲੋਕ ਅਰਪਣ ਹੋਵੇਗੀ। ਪ੍ਰੋਗਰਾਮ ਵਿਚ ਸਾਹਿਤਕਾਰ ਮਨਜੀਤ ਸੇਖੋਂ ਅਤੇ ਡਾ. ਗੁਰਦਰਪਾਲ ਸਿੰਘ ਦੇ ਕਾਵਿ ਪੁਸਤਕ ਤੇ ਲਿਖੇ ਗਏ ਪਰਚੇ ਸ਼ਾਮਲ ਹੋਣਗੇ। ਪ੍ਰਵਾਨਾ ਵਲੋਂ ਵੀ ਪੰਜਾਬੀ ਮਾਂ ਬੋਲੀ ਦੀ ਉਨਤੀ 'ਤੇ ਵਿਚਾਰ ਦੱਸੇ ਜਾਣਗੇ। ਹਾਜ਼ਰ ਕਵੀਆਂ ਵੱਲੋਂ ਕਵੀ ਦਰਬਾਰ ਸਜਾਇਆ ਜਾਵੇਗਾ। ਹੋਰ ਜਾਣਕਾਰੀ ਸੰਪਰਕ ਕਰੋ 510-415-9377 ਜਾਂ Email: Punjabipoet@gmail.com

# ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ ਸਮਾਗਮ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਖੇ 7 ਤੇ 8 ਅਕਤੂਬਰ ਨੂੰ

**ਨਿਊਯਾਰਕ/ਬਿਊਰੋ ਨਿਊਜ਼:**
ਸੋਢੀ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਪ੍ਰਕਾਸ਼ ਪੁਰਬ 7 ਅਤੇ 8 ਅਕਤੂਬਰ ਨੂੰ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ, ਨਿਊਯਾਰਕ ਵਿਖੇ ਬਹੁਤ ਸ਼ਰਧਾ ਭਾਵਨਾ ਨਾਲ ਵੱਡੇ ਪੱਧਰ ਤੇ ਮਨਾਇਆ ਜਾ ਰਿਹਾ ਹੈ।

ਸਿੱਖ ਕਲਚਰਲ ਸੁਸਾਇਟੀ ਦੇ ਮੁੱਖ ਸੇਵਾਦਾਰ ਕੁਲਦੀਪ ਸਿੰਘ ਢਿੱਲੋਂ ਨੇ ਦਸਿਆ ਕਿ ਇਸ ਦੌਰਾਨ 7 ਅਕਤੂਬਰ ਸ਼ਨੀਵਾਰ ਨੂੰ ਦਿਨ ਭਰ ਦੇ ਦੀਵਾਨ ਸਜਾਏ ਜਾਣਗੇ, ਜਿਸ ਵਿਚ ਰਾਗੀ ਜਥੇ, ਕਥਾਵਾਚਕ ਅਤੇ ਕਵੀਸ਼ਰ ਜੱਥੇ ਸੰਗਤਾਂ ਨੂੰ ਦਿਨ ਭਰ ਗੁਰੂ ਬਚਨਾਂ ਨਾਲ ਨਿਹਾਲ ਕਰਨਗੇ। ਸ਼ਾਮ ਨੂੰ 6:00 ਵਜੇ ਤੋਂ ਰਾਤ 9:00 ਵਜੇ ਤੱਕ ਵਿਸ਼ੇਸ਼ ਆਤਮ ਰਸ ਕੀਰਤਨ ਦਰਬਾਰ ਸਜਾਏ ਜਾਣਗੇ। ਜਿਸ ਉਪਰੰਤ ਜੈਕਾਰਿਆਂ ਦੀ ਗੂੰਜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਫੁੱਲਾਂ ਦੀ ਵਰਖਾ ਕਰਦਿਆਂ ਦਿਨ ਭਰ ਦੇ ਦੀਵਾਨਾਂ ਦੀ ਸਮਾਪਤੀ ਹੋਵੇਗੀ। ਦਿਨ ਭਰ ਗੁਰੂ ਸਾਹਿਬ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

8 ਅਕਤੂਬਰ 2017 ਐਤਵਾਰ ਨੂੰ 'ਸ੍ਰੀ ਗੁਰੂ ਰਾਮਦਾਸ ਵੈਲਫੇਅਰ ਸੁਸਾਇਟੀ ਆਫ਼ ਹਰਿਆਣਾ, ਨਿਊਯਾਰਕ ਵੱਲੋਂ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਸਹਿਯੋਗ ਨਾਲ ਗੁਰੂ ਸਾਹਿਬ ਦਾ ਪ੍ਰਕਾਸ਼ ਪੁਰਬ ਵੱਡੇ ਪੱਧਰ ਤੇ ਮਨਾਇਆ ਜਾ ਰਿਹਾ ਹੈ। ਦਿਨ ਭਰ ਵਿਸ਼ੇਸ਼ ਦੀਵਾਨ ਸਜਾਏ ਜਾਣਗੇ ਤੇ ਸੰਗਤਾਂ ਲਈ ਵਿਸ਼ੇਸ਼ ਤੌਰ 'ਤੇ ਗੁਰਦੁਆਰਾ ਸਾਹਿਬ ਦੇ ਬਾਹਰ ਸਟਾਲ ਲਗਾ ਕੇ ਸੇਵਾ ਕੀਤੀ ਜਾਵੇਗੀ। ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਮੁੱਖ ਸੇਵਾਦਾਰ ਕੁਲਦੀਪ ਸਿੰਘ ਢਿੱਲੋਂ, ਸੈਕਟਰੀ ਭੁਪਿੰਦਰ ਸਿੰਘ ਅਟਵਾਲ, ਚੇਅਰਮੈਨ ਸੁਰਜੀਤ ਸਿੰਘ ਮੂਧਾਲ ਤੇ ਸ੍ਰੀ ਗੁਰੂ ਰਾਮਦਾਸ ਵੈਲਫੇਅਰ ਸੁਸਾਇਟੀ ਆਫ਼ ਹਰਿਆਣਾ ਨਿਊਯਾਰਕ' ਦੇ ਪ੍ਰਧਾਨ ਬੂਟਾ ਸਿੰਘ ਚੀਮਾ ਵੱਲੋਂ ਸਮੂਹ ਸੰਗਤਾਂ ਨੂੰ ਪਰਿਵਾਰਾਂ ਸਮੇਤ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।


Hassle Free Buying and Selling!
Real EstateWe can Help to Buy and Sell Your Home.
Statewide REALTY & MORTGAGE
BRE# 01929644
For People Who Believe In Home!!!!
Real Estate, Loans
ਸੈਕਰਾਮੈਂਟੋ ਜਾਂ ਨਾਲ ਲਗਦੇ ਏਰੀਏ ਵਿਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਦੇ ਲਈ ਕਾਲ ਕਰੋ। ਆਪਣੇ ਘਰ ਦੀ ਕੀਮਤ ਦੀ Free ਅਤੇ Correct ਸਲਾਹ ਲੈਣ ਲਈ ਅੱਜ ਹੀ ਕਾਲ ਕਰੋ।

2161 SQ Feet home Natomas Sacramento
3 BR 2.5 bath with loft available for $389,000

Kulwinder Kaur K.D.
Cell 916-212-0123
e-mail kdkaur9@yahoo.com



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਂਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us



CIS CALIFORNIA IMMIGRATION SERVICES
(Registered & Bonded)
- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES


Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office 4127 Bay Street, Suite 5
Tracy Office 95 W. 11th Street, Suite 205
www.caials.com rosy@caials.com

# ਅਮਰੀਕਾ ਦੇ ਟਰੱਕ ਚਾਲਕਾਂ ਵਲੋਂ ਰੋਸ ਮੁਜ਼ਾਹਰੇ ਸ਼ੁਰੂ

### 8 ਅਕਤੂਬਰ ਤੱਕ ਜਾਰੀ ਰਹਿਣਗੇ ਮੁਜ਼ਾਹਰੇ

**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :** ਵੈਟਰਿਨ ਟਰੱਕਿੰਗ ਐਸੋਸੀਏਸ਼ਨ ਦੇ ਸੱਦੇ 'ਤੇ ਟਰੱਕ ਚਾਲਕਾਂ ਵਲੋਂ ਸੰਘਰਸ਼ ਵਿੱਢਿਆ ਗਿਆ ਹੈ, ਜਿਸ ਤਹਿਤ ਵਾਸ਼ਿੰਗਟਨ ਡੀਸੀ ਅਤੇ ਕੈਲੀਫੋਰਨੀਆ ਦੇ ਕਈ ਸ਼ਹਿਰਾਂ ਵਿੱਚ ਵੱਡੇ ਮੁਜ਼ਾਹਰੇ ਕਰਨ ਜਾ ਰਹੇ ਹਨ। ਇਹ ਮੁਜ਼ਾਹਰੇ 3 ਅਕਤੂਬਰ ਤੋਂ ਸ਼ੁਰੂ ਹੋ ਚੁੱਕੇ ਹਨ ਜੋ 8 ਅਕਤੂਬਰ ਤੱਕ ਜਾਰੀ ਰਹਿਣਗੇ। ਅੱਜ-ਕੱਲ੍ਹ ਇਲੈਕਟ੍ਰੋਨਿਕ ਲਾਗ ਬੁੱਕ ਦਾ ਮੁੱਦਾ ਪੂਰੇ ਅਮਰੀਕਾ ਵਿੱਚ ਭਖਿਆ ਹੋਇਆ ਹੈ। ਇਨ੍ਹਾਂ ਟਰੱਕ ਚਾਲਕਾਂ ਵਲੋਂ 3 ਅਕਤੂਬਰ ਨੂੰ ਵਾਸ਼ਿੰਗਟਨ ਡੀਸੀ ਵਿੱਚ ਵੱਡਾ ਮੁਜ਼ਾਹਰਾ ਕੀਤਾ ਗਿਆ। ਇਸੇ ਤਰ੍ਹਾਂ ਕੈਲੇਫੋਰਨੀਆ ਵਿੱਚ 3 ਅਕਤੂਬਰ ਨੂੰ ਟਰੱਕਰ ਸੈਕਰਾਮੈਂਟੋ ਵਿਖੇ ਕੈਪੀਟਲ ਬਿਲਡਿੰਗ ਦੇ ਸਾਹਮਣੇ ਸਵੇਰੇ 1:00 ਵਜੇ ਤੋਂ ਦੁਪਹਿਰ 2:00 ਵਜੇ ਤਕ ਰੋਸ ਵਿਖਾਵਾ ਕੀਤ ਗਿਆ। 4 ਅਕਤੂਬਰ ਨੂੰ ਲੇਥਰੋਪ ਸ਼ਹਿਰ ਵਿੱਚ ਤੇ 5 ਅਕਤੂਬਰ ਨੂੰ ਫਰਿਜ਼ਨੋ ਸ਼ਹਿਰ ਦੇ ਸਿਟੀ ਹਾਲ ਦੇ ਅੱਗੇ ਭਾਰੀ ਰੋਸ ਮੁਜ਼ਾਹਰਾ ਹੋਇਆ।



ਇਸ ਤੋਂ ਇਲਾਵਾ ਯੂਬਾ ਸਿਟੀ, ਲਾਸ ਏਂਜਲਸ ਅਤੇ ਬੇਕਰਸਫੀਲਡ ਵਿਖੇ ਵੀ ਰੋਸ ਮੁਜ਼ਾਹਰੇ ਹੋ ਰਹੇ ਹਨ। ਜ਼ਿਕਰਯੋਗ ਹੈ ਕਿ ਹੁਣ ਤੱਕ ਅਮਰੀਕਨ ਟਰੱਕਰ ਪੇਪਰ ਲਾਗ ਬੁੱਕ ਵਰਤਦੇ ਆ ਰਹੇ ਹਨ ਪਰ 18 ਦਸੰਬਰ 2017 ਤੋਂ ਇਲੈਕਟਰਾਨਿਕ ਲਾਗ ਡਵਾਇਸ (ਈਐਲਡੀ) ਟਰੱਕਾਂ ਵਿੱਚ ਲਾਜ਼ਮੀ ਹੋ ਗਈ ਹੈ। ਡਰਾਈਵਰਾਂ ਦੇ ਦੱਸਣ ਮੁਤਾਬਕ ਉਨ੍ਹਾਂ ਨੂੰ ਇਹ ਇਲੈਕਟ੍ਰੋਨਿਕ ਲਾਗ ਡਿਵਾਇਸ ਲਾਉਣ ਵਿਚ ਕੋਈ ਦਿੱਕਤ ਨਹੀਂ ਪਰ ਪਹਿਲਾਂ ਮਾਹੌਲ ਅਨੁਕੂਲ

ਬਾਕੀ ਸਫ਼ਾ 32 'ਤੇ

# ਰੋਹਿੰਗੀਆ ਖ਼ਿਲਾਫ਼ ਮੁਹਿੰਮ ਕਾਰਨ ਔਕਸਫੋਰਡ ਨੇ ਸੂ ਕੀ ਦੀ ਤਸਵੀਰ ਹਟਾਈ

**ਲੰਡਨ/ਬਿਊਰੋ ਨਿਊਜ਼ :** ਔਕਸਫੋਰਡ ਯੂਨੀਵਰਸਿਟੀ ਕਾਲਜ ਨੇ ਆਂਗ ਸਾਂ ਸੂ ਕੀ ਦੀ ਪੇਂਟਿੰਗ ਆਪਣੇ ਮੁੱਖ ਦੁਆਰ ਤੋਂ ਹਟਾ ਦਿੱਤੀ ਹੈ। ਰੋਹਿੰਗਿਆ ਮੁਸਲਮਾਨਾਂ ਖ਼ਿਲਾਫ਼ ਵਿੱਢੀ ਗਈ ਮੁਹਿੰਮ ਕਾਰਨ ਮਿਆਂਮਾਰ ਆਗੂ ਦੀ ਹੋ ਰਹੀ ਆਲੋਚਨਾ ਤੋਂ ਬਾਅਦ ਇਹ ਕਾਰਵਾਈ ਕੀਤੀ ਗਈ ਜਾਪਦੀ ਹੈ। ਸੂ ਕੀ ਨੇ ਸੇਂਟ ਹਿਊ'ਜ਼ ਕਾਲਜ ਤੋਂ 1967 ਵਿਚ ਗਰੈਜੂਏਸ਼ਨ ਕੀਤੀ ਸੀ ਅਤੇ 1999 ਵਿਚ ਉਸ ਦੀ ਤਸਵੀਰ ਕਾਲਜ ਦੇ ਮੁੱਖ ਦੁਆਰ 'ਤੇ ਲਾਈ ਗਈ ਸੀ। ਕਲਾਕਾਰ ਚੇਨ ਯਾਨਿੰਗ ਨੇ 1997 ਵਿਚ ਇਹ ਪੇਂਟਿੰਗ ਬਣਾਈ ਸੀ ਅਤੇ ਇਹ ਸੂ ਕੀ ਦੇ ਪਤੀ ਔਕਸਫੋਰਡ ਪ੍ਰੋਫੈਸਰ ਮਾਈਕਲ ਏਰਿਸ ਕੋਲ ਸੀ ਅਤੇ ਉਨ੍ਹਾਂ ਦੀ ਮੌਤ ਮਗਰੋਂ ਇਹ ਤਸਵੀਰ ਕਾਲਜ ਨੂੰ ਦੇ ਦਿੱਤੀ ਗਈ ਸੀ। ਕਾਲਜ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਇਸੇ ਮਹੀਨੇ ਨਵੀਂ ਪੇਂਟਿੰਗ ਮਿਲੀ ਹੈ ਜਿਸ ਨੂੰ ਹੁਣ ਦਰਸਾਇਆ ਜਾਵੇਗਾ ਅਤੇ ਆਂਗ ਸਾਂ ਸੂ ਕੀ ਦੀ ਪੇਂਟਿੰਗ ਨੂੰ ਹਟਾ ਕੇ ਸਟੋਰ ਵਿਚ ਰੱਖ ਦਿੱਤਾ ਗਿਆ ਹੈ। ਪੇਂਟਿੰਗ ਨੂੰ ਹਟਾਉਣ ਬਾਰੇ ਕੋਈ ਕਾਰਨ ਨਹੀਂ ਦੱਸਿਆ ਗਿਆ ਹੈ ਪਰ ਨਵਾਂ ਅਕੈਡਮਿਕ ਵਰ੍ਹਾ ਸ਼ੁਰੂ ਹੋਣ ਤੋਂ ਪਹਿਲਾਂ ਇਸ ਨੂੰ ਖੁੱਡੇ ਲਾਇਆ ਗਿਆ ਹੈ। ਬਰਮਾ ਮੁਹਿੰਮ ਯੂਕੇ ਗਰੁੱਪ ਦੇ ਡਾਇਰੈਕਟਰ ਮਾਰਕ ਫਾਰਮੇਨਰ ਨੇ ਅਖ਼ਬਾਰ ਗਾਰਜੀਅਨ ਨੂੰ ਦੱਸਿਆ ਕਿ ਜੇਕਰ ਆਂਗ ਸਾਂ ਸੂ ਕੀ ਦੀ ਤਸਵੀਰ ਰੋਹਿੰਗਿਆ ਮੁਸਲਮਾਨਾਂ ਖ਼ਿਲਾਫ਼ ਕਾਰਵਾਈ ਤਹਿਤ ਹਟਾਈ ਗਈ ਹੈ ਤਾਂ ਉਨ੍ਹਾਂ ਨੂੰ ਖੁਲ੍ਹ ਕੇ ਸਾਹਮਣੇ ਆਉਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਪੱਤਰ ਲਿਖ ਕੇ ਸੂ ਕੀ ਨੂੰ ਮਨੁੱਖੀ ਹੱਕਾਂ ਦਾ ਸਨਮਾਨ ਕਰਨ ਲਈ ਆਖਣਾ ਚਾਹੀਦਾ ਹੈ।



# ਸੈਕਰਾਮੈਂਟੋ 'ਚ ਸਿਮਰਨਜੀਤ ਸਿੰਘ ਦੇ ਕਤਲ ਦੇ ਮਾਮਲੇ 'ਚ 2 ਭਗੌੜੇ ਮੈਕਸੀਕੋ ਤੋਂ ਗ੍ਰਿਫ਼ਤਾਰ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਸੈਕਰਾਮੈਂਟੋ ਗੈਸ ਸਟੇਸ਼ਨ 'ਤੇ ਬੀਤੀ 25 ਜੁਲਾਈ ਨੂੰ ਗੋਲੀ ਮਾਰ ਕੇ ਕਤਲ ਕੀਤੇ ਸਿੱਖ ਨੌਜਵਾਨ ਸਿਮਰਨਜੀਤ ਸਿੰਘ ਦੇ ਮਾਮਲੇ 'ਚ 2 ਭਗੌੜਿਆਂ ਨੂੰ ਮੈਕਸੀਕੋ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਤੇ ਉਨ੍ਹਾਂ ਉੱਪਰ ਕਤਲ ਦੇ ਦੋਸ਼ ਲਗਾਏ ਗਏ ਹਨ। 24 ਸਾਲਾ ਰੋਡੋਲਫੋ ਜ਼ਵਾਲਾ ਅਤੇ ਨਾਬਾਲਗ ਰਮੋਨ ਜ਼ਵਾਲਾ ਇਸ ਵੇਲੇ ਅਮਰੀਕਾ ਦੀ ਹਿਰਾਸਤ ਵਿਚ ਹਨ। ਇਨ੍ਹਾਂ ਦੋਵਾਂ 'ਤੇ ਸ਼ੱਕੀ ਲਾਇਸੈਂਸ ਨਾਲ ਡਰਾਈਵਿੰਗ ਕਰਨ ਅਤੇ ਸ਼ਰਾਬ ਪੀ ਕੇ ਗੱਡੀ ਚਲਾਉਣ ਦੇ ਦੋਸ਼ ਵੀ ਲਗਾਏ ਗਏ ਹਨ। ਕਤਲ ਦੇ ਇਸ ਮਾਮਲੇ ਵਿਚ ਇਨ੍ਹਾਂ ਦਾ ਤੀਜਾ ਸਾਥੀ ਅਲੈਕਜ਼ੈਂਡਰ ਲੋਪੇਜ਼ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਬੀਤੀ 25 ਜੁਲਾਈ ਨੂੰ ਪੰਜਾਬ ਦੇ ਮੋਹਾਲੀ ਦੇ ਰਹਿਣ ਵਾਲੇ ਸਿਮਰਜੀਤ ਸਿੰਘ ਨੂੰ ਸੈਕਰਾਮੈਂਟੋ ਗੈਸ ਸਟੇਸ਼ਨ ਦੀ ਪਾਰਕਿੰਗ ਵਿਚ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਸਿਮਰਜੀਤ ਸਿੰਘ ਇਸੇ ਗੈਸ ਸਟੇਸ਼ਨ 'ਤੇ ਕੰਮ ਕਰਦਾ ਸੀ ਅਤੇ ਉਸ ਦੀ ਛਾਤੀ ਵਿਚ ਚਾਰ ਗੋਲੀਆਂ ਮਾਰੀਆਂ ਗਈਆਂ ਸਨ। ਉਕਤ ਤਿੰਨਾਂ ਜਣਿਆਂ ਦੀ ਗੈਸ ਸਟੇਸ਼ਨ ਦੇ ਇਕ ਹੋਰ ਵਰਕਰ ਨਾਲ ਬਹਿਸ ਹੋ ਗਈ ਸੀ ਤੇ ਉਹ ਵਰਕਰ ਪੁਲੀਸ ਨੂੰ ਬੁਲਾਉਣ ਲਈ 911 ਕਾਲ ਕਰਨ ਲਈ ਅੰਦਰ ਗਿਆ ਸੀ। ਸਿਮਰਜੀਤ ਸਿੰਘ ਉਸ ਵੇਲੇ ਪਾਰਕਿੰਗ ਵਿਚ ਪਏ ਕੂੜੇ ਦੇ ਡੱਬੇ ਵਿਚ ਖਾਲੀ ਬਾਕਸ ਸੁੱਟਣ ਜਾ ਰਿਹਾ ਸੀ ਕਿ ਉਕਤ ਤਿੰਨਾਂ ਨੇ ਉਸ 'ਤੇ ਗੋਲੀ ਚਲਾ ਦਿੱਤੀ। ਲੋਪੇਜ਼ ਨੂੰ ਤਾਂ ਘਟਨਾ ਤੋਂ ਦੂਜੇ ਦਿਨ ਹੀ ਗ੍ਰਿਫ਼ਤਾਰ ਕਰ ਲਿਆ ਸੀ। ਉਕਤ ਦੋਵੇਂ ਮੈਕਸੀਕੋ ਭੱਜ ਗਏ ਸਨ, ਜਿਨ੍ਹਾਂ ਨੂੰ ਫੜਣ ਲਈ ਸੈਕਰਾਮੈਂਟੋ ਦੀ ਪੁਲੀਸ ਨੇ ਐਫ.ਬੀ.ਆਈ. ਅਤੇ ਮੈਕਸੀਕੋ ਦੀ ਸਰਕਾਰ ਨਾਲ ਮਿਲ ਕੇ ਕੰਮ ਕੀਤਾ। ਇਨ੍ਹਾਂ ਨੂੰ ਫੜਣ ਵਿਚ ਕਾਮਯਾਬ ਹੋਈ। ਸੈਕਰਾਮੈਂਟੋ ਪੁਲੀਸ ਵਿਭਾਗ ਦੇ ਮੁਖੀ ਸਾਰਜੈਂਟ ਟੋਨੀ ਟਰਨਬੁਲ ਨੇ ਦੱਸਿਆ ਇਸ ਮਾਮਲੇ ਵਿਚ ਨਫ਼ਰਤੀ ਹਿੰਸਾ ਦਾ ਕੋਈ ਸੰਕੇਤ ਨਹੀਂ ਹੈ।



ਸਿਮਰਜੀਤ ਸਿੰਘ

# ਕੁਵੈਤ ਦੇ ਅਮੀਰ ਨੇ 22 ਭਾਰਤੀ ਕੈਦੀਆਂ ਨੂੰ ਕੀਤਾ ਰਿਹਾਅ, 97 ਕੈਦੀਆਂ ਦੀ ਸਜ਼ਾ ਘਟਾਈ

**ਦੁਬਈ/ਬਿਊਰੋ ਨਿਊਜ਼ :** ਕੁਵੈਤ ਦੇ ਅਮੀਰ ਨੇ 22 ਭਾਰਤੀ ਕੈਦੀਆਂ ਨੂੰ ਰਿਹਾਅ ਕਰਨ ਦਾ ਹੁਕਮ ਦਿੱਤਾ ਹੈ ਅਤੇ ਅਰਬ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ 97 ਕੈਦੀਆਂ ਦੀ ਸਜ਼ਾ ਘਟਾ ਦਿੱਤੀ ਹੈ। ਇਹ ਜਾਣਕਾਰੀ ਕੁਵੈਤ ਸਿਟੀ ਵਿਚ ਸਥਿਤ ਭਾਰਤੀ ਦੂਤਘਰ ਨੇ ਦਿੱਤੀ ਹੈ। ਭਾਰਤੀ ਦੂਤਘਰ ਵਲੋਂ ਜਾਰੀ ਬਿਆਨ ਅਨੁਸਾਰ ਇਸ ਸੂਚੀ ਵਿਚ 119 ਭਾਰਤੀ ਕੈਦੀ ਸ਼ਾਮਲ ਹਨ ਜਿਨ੍ਹਾਂ ਵਿਚੋਂ 15 ਭਾਰਤੀ ਕੈਦੀਆਂ ਦੀ ਮੌਤ ਦੀ ਸਜ਼ਾ ਘਟਾ ਕੇ ਉਮਰ ਕੈਦ ਵਿਚ ਬਦਲ ਦਿੱਤੀ ਗਈ ਹੈ। ਇਸ ਸੂਚੀ ਵਿਚੋਂ 22 ਕੈਦੀਆਂ ਨੂੰ ਤੁਰੰਤ ਰਿਹਾਅ ਕਰਨ ਲਈ ਕਿਹਾ ਗਿਆ ਹੈ। ਇਸ ਵਿਚ ਦੱਸਿਆ ਗਿਆ ਕਿ 53 ਉਮਰ ਕੈਦ ਪ੍ਰਾਪਤ ਕੈਦੀਆਂ ਦੀ ਸਜ਼ਾ ਘਟਾ ਕੇ 20 ਸਾਲ ਕਰ ਦਿੱਤੀ ਗਈ ਹੈ। 18 ਕੈਦੀਆਂ ਦੀ ਸਜ਼ਾ ਤੀਜਾ ਹਿੱਸਾ ਜਦੋਂ ਕਿ 25 ਕੈਦੀਆਂ ਦੀ ਅੱਧੀ ਸਜ਼ਾ ਘਟਾ ਦਿੱਤੀ ਗਈ ਹੈ।

# ਸ਼੍ਰੋਮਣੀ ਅਕਾਲੀ ਦਲ (ਅ) ਦੇ ਮੈਂਬਰਸ਼ਿਪ ਕਾਰਡ ਨਿਊਯਾਰਕ ਦਫਤਰ ਤੇ ਫਤਿਹਗੜ੍ਹ ਸਾਹਿਬ (ਪੰਜਾਬ) ਮੁੱਖ ਦਫਤਰ 'ਚ ਹੀ ਹੁੰਦੇ ਹਨ ਜਾਰੀ : ਟਿਵਾਣਾ

**ਫਤਿਹਗੜ੍ਹ ਸਾਹਿਬ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਦੀਆਂ ਹਦਾਇਤਾਂ ਉੱਤੇ ਪਾਰਟੀ ਦੇ ਮੁੱਖ ਬੁਲਾਰੇ, ਸਿਆਸੀ ਅਤੇ ਮੀਡੀਆ ਸਲਾਹਕਾਰ ਸ.ਇਕਬਾਲ ਸਿੰਘ ਟਿਵਾਣਾ ਨੇ ਅਮਰੀਕਾ ਦੀ ਜਥੇਬੰਦੀ ਦੇ ਸੀਨੀਅਰ ਆਗੂਆਂ ਵਿਚਾਲੇ ਪੈਦਾ ਹੋਈ ਗਲਤਫਹਿਮੀ 'ਤੇ ਦੁੱਖ ਜ਼ਾਹਰ ਕੀਤਾ ਹੈ। ਉਨ੍ਹਾਂ ਨਾਲ ਹੀ ਸਪਸ਼ਟ ਕੀਤਾ ਕਿ ਅਮਰੀਕਾ ਦੀ ਪਾਰਟੀ ਦੇ ਕਨਵੀਨਰ ਅਤੇ ਚੇਅਰਮੈਨ ਸ. ਬੂਟਾ ਸਿੰਘ ਖੜੌਦ ਹਨ ਅਤੇ ਬਾਕੀ ਸਭ ਅਹੁਦੇਦਾਰ ਸਾਹਿਬਾਨ ਵੀ ਸਤਿਕਾਰਯੋਗ ਹਨ। ਉਹ ਸ. ਬੂਟਾ ਸਿੰਘ ਨਾਲ ਤਾਲਮੇਲ ਰੱਖਦੇ ਹੋਏ ਸਲਾਹ ਮਸ਼ਵਰੇ ਨਾਲ ਕੰਮ ਕਰਨ ਦੇ ਪਾਬੰਦ ਹਨ। ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਪਾਰਟੀ ਦੇ ਮੈਂਬਰਸ਼ਿਪ ਕਾਰਡ ਜਾਂ ਆਈ.ਡੀ.ਕਾਰਡ ਜਾਰੀ ਕਰਨ ਦਾ ਅਧਿਕਾਰੀ ਕੇਵਲ ਨਿਊਯਾਰਕ ਵਿਖੇ ਸਥਾਪਤ ਪਾਰਟੀ ਦਫਤਰ ਅਤੇ ਪੰਜਾਬ (ਭਾਰਤ ਵਿੱਚ) ਕਿਲ੍ਹਾ ਸ. ਹਰਨਾਮ ਸਿੰਘ (ਫਤਿਹਗੜ੍ਹ ਸਾਹਿਬ) ਦੇ ਮੁੱਖ ਦਫਤਰ ਤੋਂ ਇਲਾਵਾ ਕਿਸੇ ਵੀ ਦਫਤਰ ਅਤੇ ਅਹੁਦੇਦਾਰ ਨੂੰ ਇਹ ਕਾਰਡ ਜਾਰੀ ਕਰਨ ਦਾ ਅਧਿਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਸਿੱਖਾਂ ਜਾਂ ਪੰਥਦਰਦੀਆਂ ਨੇ ਕਿਸੇ ਹੋਰ ਪਾਸਿਓਂ ਕਾਰਡ ਪ੍ਰਾਪਤ ਕੀਤੇ ਹਨ, ਅਸੀਂ ਉਨ੍ਹਾਂ ਦੇ ਭਵਿੱਖ ਨੂੰ ਵੀ ਖਤਰੇ ਵਿੱਚ ਨਹੀਂ ਪਾਉਣਾ ਚਾਹੁੰਦੇ ਅਤੇ ਨਾ ਹੀ ਸਾਨੂੰ ਇਹ ਅਧਿਕਾਰ ਹੈ। ਇਸ ਲਈ ਨਵੇਂ ਮੈਂਬਰਸ਼ਿਪ ਕਾਰਡ ਬਣਾਉਣ ਵਾਲੇ ਚਾਹਵਾਨ ਸਿੱਖਾਂ, ਪੰਥ ਦਰਦੀਆਂ ਨੂੰ ਅਪੀਲ ਹੈ ਕਿ ਉਹ ਨਿਊਯਾਰਕ ਦਫਤਰ ਜਾਂ ਫਤਿਹਗੜ੍ਹ ਸਾਹਿਬ ਦੇ ਮੁੱਖ ਦਫਤਰ ਤੋਂ ਹੀ ਆਪਣੇ ਪਹਿਚਾਣ ਪੱਤਰ ਪ੍ਰਾਪਤ ਕਰਨ। ਉਨ੍ਹਾਂ ਬੇਨਤੀ ਕਿਹਾ ਕਿ ਅਮਰੀਕਾ ਦੇ ਸਭ ਅਹੁਦੇਦਾਰ ਅਤਿ-ਸਤਿਕਾਰਯੋਗ ਹਨ ਉਸੇ ਤਰ੍ਹਾਂ ਸ. ਰੇਸ਼ਮ ਸਿੰਘ ਵੀ ਬਹੁਤ ਸਤਿਕਾਰਯੋਗ ਸੀਨੀਅਰ ਮੈਂਬਰ ਹਨ। ਉਨ੍ਹਾਂ ਨੇ ਸਰਬੱਤ ਖਾਲਸਾ ਸਮੇਂ ਅਤੇ ਕਈ ਔਖੇ ਸਮਿਆਂ ਉੱਤੇ ਪਾਰਟੀ ਲਈ ਵੱਡੀ ਘਾਲਣਾ ਘਾਲੀ ਹੈ। 9 ਮਹੀਨੇ ਪੰਜਾਬ ਦੀਆਂ ਜੇਲ੍ਹਾਂ ਵਿੱਚ ਬੰਦੀ ਰਹੇ ਹਨ, ਇਸ ਲਈ ਸਮੁੱਚੀ ਅਮਰੀਕਨ ਜਥੇਬੰਦੀ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਅਹੁਦੇਦਾਰਾਂ ਨੂੰ ਏਕਤਾ ਕਾਇਮ ਰੱਖਣ ਦੀ ਅਪੀਲ ਕੀਤੀ ਗਈ ਹੈ। ਇਸ ਲਈ ਸਭ ਅਹੁਦੇਦਾਰ ਸ. ਬੂਟਾ ਸਿੰਘ ਖੜੌਦ, ਕਨਵੀਨਰ ਅਤੇ ਚੇਅਰਮੈਨ ਅਮਰੀਕਾ ਯੂਨਿਟ ਨਾਲ ਸੰਪਰਕ ਸੰਪਰਕ ਰੱਖਦੇ ਹੋਏ ਆਪਣੀਆਂ ਜ਼ਿੰਮੇਵਾਰੀਆਂ ਸਹਿਯੋਗ ਅਤੇ ਸਮੂਹਕ ਢੰਗ ਨਾਲ ਪੂਰੀਆਂ ਕਰਨ। ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਗੁਰਦਾਸਪੁਰ ਲੋਕ ਸਭਾ ਜ਼ਿਮਨੀ ਚੋਣ ਲਈ ਪਾਰਟੀ ਵਲੋਂ ਬਹੁਤ ਹੀ ਧੜੱਲੇਦਾਰ ਅਤੇ ਕੌਮੀ ਸੋਚ ਦੇ ਮਾਲਕ ਸ. ਕੁਲਵੰਤ ਸਿੰਘ ਮੁਝੈਲ ਦੀ ਜਿੱਤ ਯਕੀਨੀ ਬਣਾਉਣ ਲਈ ਪੂਰਨ ਸਹਿਯੋਗ ਦਿੱਤਾ ਜਾਵੇ।

# ਉਲੰਪੀਅਨ ਸੁਰਿੰਦਰ ਸੋਢੀ ਅਤੇ ਪਵਨ ਟੀਨੂੰ ਦਾ ਸਨਮਾਨ

**ਗਿਲਰੋਏ/ਬਿਊਰੋ ਨਿਊਜ਼:** ਕੈਲੇਫੋਰਨੀਆਂ ਦੀਆਂ ਨਾਮੀ ਹਸਤੀਆਂ ਵਲੋਂ ਜਿੱਥੇ ਸਾਂਝੇ ਰੂਪ ਵਿਚ "ਇਕ ਸ਼ਾਮ ਉਲੰਪੀਅਨ ਸੁਰਿੰਦਰ ਸਿੰਘ ਸੋਢੀ ਅਤੇ ਪਵਨ ਕੁਮਾਰ ਟੀਨੂੰ ਦੇ ਨਾਮ" ਹੇਠ ਕਰਵਾਏ ਗਏ ਪ੍ਰੋਗਰਾਮ ਵਿਚ ਪੰਜਾਬ ਤੋਂ ਪੁੱਜੀਆਂ ਦੋਹਾਂ ਹੀ ਸਖਸ਼ੀਅਤਾਂ ਨੂੰ ਜਿੱਥੇ ਮਾਣ ਸਨਮਾਨ ਦਿੱਤਾ ਗਿਆ ਉੱਥੇ ਰਾਤਰੀ ਭੋਜ ਸਮੇਂ ਉਲੰਪੀਅਨ ਅਤੇ ਰਿਟਾਇਰਡ ਆਈ ਜੀ ਸੁਰਿੰਦਰ ਸਿੰਘ ਸੋਢੀ ਅਤੇ ਪੰਜਾਬ ਦੇ ਸਾਬਕਾ ਪਾਰਲੀਮਾਨੀ ਸਕੱਤਰ ਤੇ ਮੌਜੂਦਾ ਵਿਧਾਇਕ ਪਵਨ ਕੁਮਾਰ ਟੀਨੂੰ ਨਾਲ ਉਨ੍ਹਾਂ ਦੀਆਂ ਖੇਡਾਂ ਅਤੇ ਰਾਜਨੀਤਕ ਖੇਤਰ ਵਿਚ ਪਹਿਲਕਦਮੀਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਇਹ ਦੋਵੇਂ ਸਖਸ਼ੀਅਤਾਂ ਅਮੋਲਕ ਸਿੰਘ ਗਾਖ਼ਲ ਦੇ ਬੇਟੇ ਗੁਰਵਿੰਦਰ ਸਿੰਘ ਗਾਖ਼ਲ ਦੇ ਵਿਆਹ ਸਮਾਗਮਾ ਵਿਚ ਸ਼ਾਮਿਲ ਹੋਣ ਲਈ ਪੰਜਾਬ ਤੋਂ ਉਚੇਚੇ ਤੌਰ ਤੇ ਕੈਲੇਫੋਰਨੀਆਂ ਪੁੱਜੀਆਂ ਸਨ।

ਇਸ ਮੌਕੇ ਤੇ ਬੋਲਦਿਆਂ ਉੱਘੇ ਕਾਰੋਬਾਰੀ ਅਤੇ ਕਬੱਡੀ ਪ੍ਰਮੋਟਰ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਇਹ ਦੋਵੇਂ ਹੀ ਸਖਸ਼ੀਅਤਾਂ ਆਪਣੇ ਸੁਭਾਅ ਅਤੇ ਇਨਸਾਨੀਅਤ ਕਰਕੇ ਬੇਹੱਦ ਸਤਿਕਾਰਯੋਗ ਹਨ ਤੇ ਜਿਨ੍ਹਾਂ ਨੇ ਆਪੋ ਆਪਣੇ ਖੇਤਰ ਵਿਚ ਲੋਕਾਂ ਦੇ ਦਿਲ ਜਿੱਤੇ ਹਨ। ਸੁਰਿੰਦਰ ਸਿੰਘ ਸੋਢੀ ਦਾ ਦੇਸ਼ ਵਿਦੇਸ਼ ਵਸਦੇ ਪੰਜਾਬੀਆਂ 'ਚ ਆਪਣਿਆਂ ਵਾਂਗ ਵਿਚਰਨਾ ਅਤੇ ਹਵਾ ਦੇ ਰੁੱਖ ਦੇ ਉਲਟ ਪਵਨ ਕੁਮਾਰ ਟੀਨੂੰ ਦਾ ਵਿਧਾਇਕ ਚੁਣੇ ਜਾਣਾ ਆਪਣੇ ਆਪ ਵਿਚ ਖਾਸ ਹੈ ਅਤੇ ਇਹਨਾਂ ਦੀ ਪ੍ਰਸਿੱਧੀ ਦਾ ਸਬੂਤ ਹੈ। ਸੁਰਿੰਦਰ ਸੋਢੀ ਨੇ ਕਿਹਾ ਕਿ ਉਲੰਪਿਕ ਜਿੱਤਣ ਤੋਂ ਲੈ ਕੇ ਪ੍ਰਸ਼ਾਸ਼ਕੀ ਅਹੁਦਿਆਂ ਤੱਕ ਉਨ੍ਹਾਂ ਨੇ ਨਿਮਰਤਾ ਨਾਲ ਜ਼ਿੰਦਗੀ ਗੁਜ਼ਾਰੀ ਹੈ ਅਤੇ ਅੱਜ ਦਾ ਮਾਣ ਵੀ ਇਸੇ ਦਾ ਸਿੱਟਾ ਹੈ। ਪਵਨ ਕੁਮਾਰ ਟੀਨੂੰ ਨੇ ਸ. ਗਾਖ਼ਲ ਨੂੰ ਆਪਣਾ ਵੱਡਾ ਭਰਾ ਦੱਸਦਿਆਂ ਆਪਣੇ ਰਾਜਸੀ ਜੀਵਨ ਕਾਲ ਵਿਚ ਪੰਜਾਬ ਦੇ ਭਲੇ ਲਈ ਵਚਨਬੱਧਤਾ ਨੂੰ ਦੁਹਰਾਇਆ। ਸ਼ੀਰਾ ਨਾਹਲ ਤੇ ਉੱਘੇ ਗਾਇਕ ਔਂਚ ਐੱਸ ਭਜਨ ਦੇ ਯਤਨਾਂ ਨਾਲ ਕਰਵਾਏ ਇਸ ਸਨਮਾਨ ਸਮਾਰੋਹ ਨੂੰ ਕੁਲਵੰਤ ਸਿੰਘ ਖਹਿਰਾ, ਮੰਗਲ ਸਿੰਘ ਭੰਡਾਲ ਤੇ ਚਰਨ ਸਿੰਘ ਭੰਡਾਲ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਤੇ ਦਲਵੀਰ ਚਾਹਲ, ਪ੍ਰਿਥੀਪਾਲ ਸਿੰਘ, ਨਰਿੰਦਰ ਰੰਧਾਵਾ, ਬਲਦੇਵ ਪਵਾਰ, ਕੁਲਦੀਪ ਭੰਡਾਲ, ਗੁਰਜੀਤ ਸਿੰਘ ਹੋਠੀ, ਮਨਵੀਰ ਭੌਰਾ, ਜਸਵੀਰ ਪਵਾਰ, ਸੁਖਵੰਤ ਖਹਿਰਾ, ਤਰਨਵੀਰ ਸਿੰਘ, ਜਸਪਿੰਦਰ ਸਿੰਘ, ਗਗਨਜੋਤ ਸਿੰਘ ਤੇ ਹੋਰ ਸਖਸ਼ੀਅਤਾਂ ਹਾਜ਼ਰ ਸਨ। ਮੰਚ ਸੰਚਾਲਨ ਐੱਸ ਅਸ਼ੋਕ ਭੌਰਾ ਨੇ ਕੀਤਾ।



# ਅਮਰੀਕਾ ਦੇ ਸਿਹਤ ਮੰਤਰੀ ਵਲੋਂ ਅਸਤੀਫ਼ਾ, ਬੌਬੀ ਜਿੰਦਲ ਤੇ ਸੀਮਾ ਵਰਮਾ ਅਹੁਦੇ ਦੀ ਦੌੜ ਵਿਚ

**ਵਾਸ਼ਿੰਗਟਨ/ਬਿਊਰੋ ਨਿਊਜ਼ :**ਅਮਰੀਕਾ ਦੇ ਸਿਹਤ ਮੰਤਰੀ ਟਾਮ ਪ੍ਰਾਈਸ ਨੇ ਅਧਿਕਾਰਿਤ ਯਾਤਰਾ 'ਤੇ ਮਹਿੰਗੇ ਨਿੱਜੀ ਜਹਾਜ਼ ਦੀ ਵਰਤੋਂ ਦੇ ਦੋਸ਼ਾਂ ਤਹਿਤ ਅਸਤੀਫ਼ਾ ਦੇ ਦਿੱਤਾ ਹੈ। ਵ੍ਹਾਈਟ ਹਾਊਸ ਨੇ ਆਪਣੇ ਬਿਆਨ ਵਿਚ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪ੍ਰਾਈਸ ਦੇ ਅਸਤੀਫੇ ਨੂੰ ਸਵੀਕਾਰ ਕਰ ਲਿਆ ਹੈ ਅਤੇ ਡਾਨ ਜੇ ਰਾਈਟ ਨੂੰ ਕਾਰਜਵਾਹਕ ਮੰਤਰੀ ਦੇ ਤੌਰ 'ਤੇ ਨਿਯੁਕਤ ਕੀਤਾ ਹੈ। ਉਨ੍ਹਾਂ ਨੇ 29 ਸਤੰਬਰ ਨੂੰ ਸਥਾਨਕ ਸਮੇਂ ਅਨੁਸਾਰ ਰਾਤ 11.59 ਵਜੇ ਆਪਣਾ ਅਹੁਦਾ ਸੰਭਾਲਿਆ ਹੈ। ਟਰੰਪ ਨੇ ਕਿਹਾ ਕਿ 'ਮੈਂ ਖ਼ੁਸ਼ ਨਹੀਂ ਹਾਂ।' ਪ੍ਰਾਈਸ 'ਤੇ ਅਧਿਕਾਰਿਤ ਯਾਤਰਾਵਾਂ ਲਈ ਮਹਿੰਗੇ ਚਾਰਟਡ ਜਹਾਜ਼ ਦੀ ਵਰਤੋਂ ਕਰਨ ਦਾ ਦੋਸ਼ ਸੀ। ਵੀਰਵਾਰ ਨੂੰ ਉਨ੍ਹਾਂ ਨੇ ਇਸ ਲਈ 50,000 ਡਾਲਰ ਦਾ ਇਕ ਚੈੱਕ ਦਿੱਤਾ ਸੀ। ਹਾਲਾਂਕਿ ਮੀਡੀਆ ਰਿਪੋਰਟ ਅਨੁਸਾਰ ਸਰਕਾਰ 'ਤੇ ਇਸ ਪੂਰੇ ਜਹਾਜ਼ ਦਾ ਖਰਚ 10 ਲੱਖ ਡਾਲਰ ਆਇਆ ਸੀ। ਸਿਹਤ ਮੰਤਰੀ ਬਣਨ ਤੋਂ ਪਹਿਲਾਂ ਉਹ ਜਾਰਜੀਆ ਤੋਂ ਰਿਪਬਲਿਕਨ ਸੰਸਦ ਮੈਂਬਰ ਸਨ। ਪ੍ਰਾਈਸ ਨੇ ਆਪਣੇ ਅਸਤੀਫੇ ਵਿਚ ਕਿਹਾ ਕਿ ਮੈਂ ਇਕ ਡਾਕਟਰ ਤੇ ਸਰਕਾਰੀ ਕਰਮਚਾਰੀ ਵਜੋਂ 40 ਸਾਲ ਲੋਕਾਂ ਨੂੰ ਤਰਜੀਹ ਦਿੱਤੀ ਹੈ। ਮੈਨੂੰ ਦੁੱਖ ਹੈ ਕਿ ਹਾਲ ਵਿਚ ਹੋਈਆਂ ਘਟਨਾਵਾਂ ਕਾਰਨ ਇਨ੍ਹਾਂ ਜ਼ਰੂਰੀ ਗੱਲਾਂ ਤੋਂ ਧਿਆਨ ਹਟ ਗਿਆ ਹੈ। ਪ੍ਰਾਈਸ ਨੇ ਇਹ ਬਿਆਨ ਵਾਈਟ ਹਾਊਸ ਤੋਂ ਜਾਰੀ ਕੀਤਾ ਹੈ। ਅਮਰੀਕਾ ਦੇ ਸਿਹਤ ਮੰਤਰੀ ਟਾਮ ਪ੍ਰਾਈਸ ਦੇ ਅਸਤੀਫੇ ਤੋਂ ਬਾਅਦ ਭਾਰਤੀ ਮੂਲ ਦੇ 2 ਅਮਰੀਕੀ ਸੀਮਾ ਵਰਮਾ ਤੇ ਬਾਬੀ ਜਿੰਦਲ ਵਲੋਂ ਉਨ੍ਹਾਂ ਦੀ ਜਗ੍ਹਾ ਲੈਣ ਦੀ ਚਰਚਾ ਹੈ। ਬੌਬੀ ਜਿੰਦਲ ਸੰਭਾਵੀ ਉਮੀਦਵਾਰਾਂ ਦੀ ਸੂਚੀ ਵਿਚ ਸ਼ਾਮਲ ਹੈ।

ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
"The opinions expressed in this newspaper donot necessarily represent the views or opinions of the staff or employees of Quomantry Amritsar times. "All Disputes must be Handled in Santa Clara Superior Court.

# ‘ਲੰਗਾਹ’ ਬਦਬੂਦਾਰ ਗੰਦਗੀ ਦਾ ਢੇਰ ਹੈ, ਇਸ ਨੂੰ ਤਾਂ ਸ੍ਰੀ ਅਕਾਲ ਤਖਤ ਸਾਹਿਬ ਜਿਹੇ ਪਵਿੱਤਰ ਅਸਥਾਨ ਦੇ ਨੇੜੇ ਵੀ ਨਹੀਂ ਜਾਣ ਦੇਣਾ ਚਾਹੀਦਾ: ਬੀਰ ਦਵਿੰਦਰ ਸਿੰਘ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਦਾ ਕਹਿਣਾ ਹੈ ਕਿ ਅਕਾਲੀ ਦਲ (ਬਾਦਲ) ਦਾ ਸੀਨੀਅਰ ਆਗੂ ਤੇ ਬਾਦਲਾਂ ਦਾ ਖ਼ਾਸਮ-ਖ਼ਾਸ ਸੁੱਚਾ ਸਿੰਘ ‘ਲੰਗਾਹ’ ਨੂੰ ਬਦਬੂਦਾਰ ਗੰਦਗੀ ਦਾ ਢੇਰ ਕਰਾਰ ਦਿੰਦਿਆਂ ਕਿਹਾ ਹੈ ਕਿ ਇਸ ਨੂੰ ਤਾਂ ਸ੍ਰੀ ਅਕਾਲ ਤਖਤ ਸਾਹਿਬ ਜਿਹੇ ਪਵਿੱਤਰ ਅਸਥਾਨ ਦੇ ਨੇੜੇ ਵੀ ਨਹੀਂ ਜਾਣ ਦੇਣਾ ਚਾਹੀਦਾ, ਤਲਬ ਕਰਨਾ ਤਾਂ ਦੂਰ ਦੀ ਗੱਲ ਹੈ।

ਇੱਥੇ ਜਾਰੀ ਇੱਕ ਲਿਖਤੀ ਪ੍ਰੈਸ ਬਿਆਨ ਵਿੱਚ ਬੀਰ ਦਵਿੰਦਰ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸੀਨੀਅਰ ਆਗੂ ਤੇ ਬਾਦਲਾਂ ਦੀ ਕੋਰ ਕਮੇਟੀ ਦੇ ਮੈਂਬਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜੋ ਆਪਣੀਆਂ ਕਾਲ਼ੀਆਂ ਕਰਤੂਤਾਂ ਕਾਰਨ, ਅੱਜ ਪੂਰੇ ਇਨਸਾਨੀ ਸਮਾਜ ਦੀਆਂ ਨਜ਼ਰਾਂ ਵਿੱਚੋਂ ਗਿਰ ਚੁੱਕਿਆ ਹੈ ਤੇ ਜਿਸ ਦਾ ਸਿੱਖੀ ਦੇ ਸੁੱਚੇ ਆਦਰਸ਼ਾਂ ਅਨੁਸਾਰ, ਹੁਣ ਸਿੱਖ ਭਾਈਚਾਰੇ ਵਿੱਚ ਕੋਈ ਸਥਾਨ ਨਹੀਂ ਰਹਿ ਗਿਆ, ਅਜਿਹੇ ਬਦਬੂਦਾਰ ਕਿਰਦਾਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਜਿਹੇ ਪਵਿੱਤਰ ਅਸਥਾਨ ਤੇ ਤਲਬ ਕਰਨ ਦੀ ਕੋਈ ਤੁਕ ਹੀ ਨਹੀਂ ਬਣਦੀ ਤੇ ਨਾ ਹੀ ਕਿਸੇ ਸਿੱਖ ਸੰਸਥਾ ਜਾਂ ਸਿੱਖ ਜਥੇਬੰਦੀ ਨੂੰ ਅਜੇਹੀ ਮੰਗ ਹੀ ਕਰਨੀ ਚਾਹੀਦੀ ਹੈ।

ਦੁੱਖ ਤਾਂ ਇਸ ਗੱਲ ਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸਰਬਰਾਹ ਮਾਲਕ ‘ਬਾਦਲ ਪਰਿਵਾਰ’ ਨੇ ਕਿਹੋ ਜਿਹੇ ਬੰਦਿਆਂ ਦੀ ਚੋਣ ਕਰਕੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਹੀ ਸਿੱਖਾਂ ਦੀ ਸਿਰਮੌਰ ਸੰਸਥਾ ਵਿੱਚ ਚੁਣ ਕੇ ਭੇਜੇ ਹਨ। ਸਦ-ਅਫ਼ਸੋਸ ਹੈ ਕਿ ਜਿਨ੍ਹਾਂ ਲੋਕਾਂ ਦੇ ਨਾਮ ਮੁਤੱਲਕਾ ਥਾਣਿਆਂ ਦੀ ਕਿਤਾਬ ਨੰਬਰ-10 ਦੀ ਸੂਚੀ ਵਿੱਚ ‘ਬਦ-ਕਿਰਦਾਰਾਂ’ ਵੱਜੋਂ



ਦਰਜ ਹੋਣ ਤੇ ਉਨ੍ਹਾਂ ਦੀਆਂ ਫੋਟੋਆਂ, ਮੁਤੱਲਕਾ ਥਾਣੇ ਦੇ ਚੋਣਵੇਂ ‘ਬਦਮਾਸ਼ਾਂ’ ਵੱਜੋਂ ਥਾਣਿਆਂ ਵਿੱਚ ਲਟਕਾਈਆਂ ਗਈਆਂ ਹੋਣ, ਅਜਿਹੇ ਬੰਦਿਆਂ ਨੂੰ ਬਾਦਲਾਂ ਨੇ ਦੋ-ਦੋ ਵਾਰ ਕੈਬਨਿਟ ਦੀਆਂ ਵਜ਼ੀਰੀਆਂ ਤੇ ਕਮਾਊ ਮਹਿਕਮਿਆ ਨਾਲ ਨਿਵਾਜਿਆ ਹੈ। ਹੁਣ ਇਸ ਸਾਰੀ ਗੰਦਗੀ ਦੇ ਨੰਗ ਤੇ ਬਦਬੂ ਦੇ ਜੱਗਜ਼ਾਹਰ ਹੋਣ ਨਾਲ ‘ਬਾਦਲ ਪਰਿਵਾਰ’ ਦੀ ਸਿਆਣਪ ਤੇ ਸ਼ਰਾਫ਼ਤ ਦਾ ਦਿਵਾਲ਼ਾ ਵੀ, ਨਾਲ ਹੀ ਨਿਕਲ ਗਿਆ ਹੈ।

ਹੁਣ ਤਾਂ ਸ੍ਰੀ ਅਕਾਲ ਤਖਤ ਸਾਹਿਬ ਨੂੰ ਚਾਹੀਦਾ ਹੈ ਕਿ ‘ਪੰਜੇ ਸਿੱਖ ਤਖਤਾਂ’ ਦੀ ਦੇਖ ਰੇਖ ਵਿੱਚ ਇੱਕ ਅਜੇਹੀ ਪੜਤਾਲੀਆ ਕਮੇਟੀ ਦਾ ਗਠਨ ਕੀਤਾ ਜਾਵੇ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੇਹੀ, ਸਿੱਖਾਂ ਦੀ ਸਿਰਮੌਰ ਸੰਸਥਾ ਵਿੱਚ ਘੁਸਪੈਂਠ ਕਰਕੇ ਅਤੇ ‘ਧਰਮ ਦੇ ਮਖੌਟੇ ਪਹਿਨ ਕੇ’ ਕੁਕਰਮ ਕਰਦੇ ਹਨ, ਅਜਿਹੇ ਤੱਤਾਂ ਦੀ ਪਛਾਣ ਕੀਤੀ ਜਾਵੇ ਅਤੇ ਸਿੱਟੇ ਵੱਜੋਂ ਉਨ੍ਹਾਂ ਨੂੰ ਗੁਰਦੁਆਰਾ ਪ੍ਰਬੰਧ ਵਿੱਚੋਂ, ਤੁਰੰਤ ਲਾਂਭੇ ਕੀਤਾ ਜਾਵੇ। ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਨੂੰ ਤੁਰੰਤ ਸ੍ਰੀ ਅਕਾਲ ਤਖਤ ਸਾਹਿਬ ਤੇ ਤਲਬ ਕਰਕੇ, ਲੰਗਾਹ ਵਰਗੇ ਬਦਕਾਰ ਕਿਰਦਾਰਾਂ ਨੂੰ, ਸਿੱਖ ਧਰਮ ਅਸਥਾਨਾਂ ਅਤੇ ਗਰੁਦੁਆਰਾ ਪ੍ਰਬੰਧਾਂ ਤੇ ਠੋਸਣ ਲਈ ਜ਼ਿੰਮੇਵਾਰ ਠਹਿਰਾਇਆ ਜਾਵੇ ਅਤੇ ਸਿੱਖ ਮਰਿਆਦਾ ਅਨੁਸਾਰ ਤਖਤ ਸਾਹਿਬ ਵੱਲੋਂ ‘ਤਨਖਾਹ’ ਲਾਈ ਜਾਵੇ।

ਚਾਹੀਦਾ ਤਾਂ ਇਹ ਹੈ ਕਿ ਜੇ ਬਾਦਲਾਂ ਦੇ ਮਨ ਵਿੱਚ ਇਸ ‘ਬਦਨੁਮਾਂ ਧੱਬੇ’ ਨੂੰ ਲੈ ਕੇ ਰੱਤੀ ਭਰ ਵੀ ਅਹਿਸਾਸ ਜਾਗਿਆ ਹੋਵੇ ਤੇ ਉਨ੍ਹਾਂ ਦੀ ਜ਼ਮੀਰ ਨੇ ਉਨ੍ਹਾਂ ਨੂੰ ਫਿਟਕਾਰਿਆ ਹੋਵੇ, ਤਾਂ ਇਹ ਦੋਵੇਂ ‘ਪਿਓ-ਪੁੱਤਰ’ ਆਪ ਹੀ ਸ੍ਰੀ ਅਕਾਲ ਤਖਤ ਸਾਹਿਬ ਅੱਗੇ ਪੇਸ਼ ਹੋ ਕੇ, ਸੁੱਚਾ ਸਿੰਘ ਲੰਗਾਹ ਵਰਗੇ ਬਦਕਾਰਾਂ ਨੂੰ, ਗੁਰਦੁਆਰਾ ਪ੍ਰਬੰਧਾਂ ਤੇ ਠੋਸਣ ਲਈ ਆਪਣੀ ਜ਼ਿੰਮੇਵਾਰੀ ਕਬੂਲ ਕਰਦੇ ਹੋਏ, ਸਿੱਖ ਰਵਾਇਤਾਂ ਅਨੁਸਾਰ ਪਸਚਾਤਾਪ ਕਰਨ ਅਤੇ ਦੋਵੇਂ ਪਿਓ-ਪੁੱਤਰ, ਸਮੁੱਚੀ ਸਿੱਖ ਕੌਮ ਤੋਂ ਮੁਆਫ਼ੀ ਮੰਗਣ, ਪਰ ਜੇ ਉਹ ਆਪ ਅਜਿਹਾ ਨਹੀਂ ਕਰਦੇ ਤਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ ਆਪਣਾ ਫ਼ਰਜ਼ ਤੇ ਜ਼ਿੰਮੇਵਾਰੀ ਨਿਭਾਉਂਦੇ ਹੋਏ ਤੁਰੰਤ, ਸਮੂਹ ਸਿੱਖ ਤਖਤਾਂ ਦੇ ਸਿੰਘ ਸਾਹਿਬਾਨ ਦੀ ਹੰਗਾਮੀ ਇਕੱਤ੍ਰਤਾ ਬੁਲਾ ਕੇ ਇਸ ਮਾਮਲੇ ਬਾਰੇ ਨਿਰਣਾ ਲੈਣ ਅਤੇ, ਪੂਰੀ ਸਿੱਖ ਕੌਮ ਦਾ ਭਰੋਸਾ ਜਿੱਤਣ ਦੀ ਕੋਸ਼ਿਸ਼ ਕਰਨ।



ਕਾਂਗਰਸ ਪਾਰਟੀ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਬੀਤੇ ਦਿਨੀਂ ਨਿਊਯਾਰਕ ਦੌਰੇ ਆਏ ਤੇ ਉਥੇ ਉਨ੍ਹਾਂ ਕੁਝ ਸਰਕਰਦਾ ਸ਼ਖਸ਼ੀਅਤਾਂ ਨਾਲ ਗੱਲਬਾਤ ਕੀਤੀ ਇਸ ਦੌਰਾਨ “ਅਪਣਾ ਪੰਜਾਬ” ਮੀਡੀਏ ਦੇ ਸੀ ਈ ਓ ਗੁਰਮੀਤ ਸਿੰਘ ਨਾਲ ਕਿਸੇ ਵਿਸ਼ੇ ਤੇ ਗੱਲਬਾਤ ਕਰਦੇ ਹੋਏ।

ਫੋਟੋ ਤੇ ਵੇਰਵਾ : ਹੁਸਨ ਲੜੋਆ ਬੰਗਾ

## ਸ੍ਰੀ ਹਰਿਮੰਦਰ ਸਾਹਿਬ ਨੂੰ ਕੌਮੀ ਸਵੱਛ ਭਾਰਤ ਪੁਰਸਕਾਰ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਭਾਰਤ ਸਰਕਾਰ ਦੇ ਪੀਣ ਯੋਗ ਪਾਣੀ ਅਤੇ ਸਫ਼ਾਈ ਮੰਤਰਾਲੇ ਵੱਲੋਂ ਦੇਸ਼ ਭਰ ਵਿਚ ਚੁਣੇ ਗਏ 10 ਆਈਕੋਨਿਕ (ਆਦਰਸ਼) ਸਥਾਨਾਂ ਵਿਚੋਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਨੂੰ ਸਫ਼ਾਈ ਲਈ ਕੀਤੇ ਕਾਰਜਾਂ ਲਈ ਸਰਵ ਉੱਤਮ ਸਥਾਨ ਦਾ ਦਰਜਾ ਦਿੰਦਿਆਂ ਕੌਮੀ ਸਵੱਛ ਭਾਰਤ ਪੁਰਸਕਾਰ 2017 ਦਿੱਤਾ ਹੈ। ਜਾਣਕਾਰੀ ਅਨੁਸਾਰ ਦੇਸ਼ ਭਰ ਤੋਂ ਜਿਨਾਂ ਧਾਰਮਿਕ ਤੇ ਵਿਰਾਸਤੀ ਸਥਾਨਾਂ ਨੂੰ ਇਸ ਪੁਰਸਕਾਰ ਲਈ ਚੁਣਿਆ ਗਿਆ ਸੀ, ਉਨਾਂ ਵਿਚੋਂ ਸ੍ਰੀ ਹਰਿਮੰਦਰ ਸਾਹਿਬ ਤੋਂ ਇਲਾਵਾ ਸ੍ਰੀ ਵੈਸ਼ਨੋ ਦੇਵੀ ਕਟੜਾ (ਜੰਮੂ ਕਸ਼ਮੀਰ), ਦਰਗਾਹ ਅਜਮੇਰ ਸ਼ਰੀਫ਼, ਮੀਨਾਕਸ਼ੀ ਮੰਦਿਰ ਮਦੁਰਾਏ, ਸ੍ਰੀ ਜਗਨਨਾਥ ਮੰਦਿਰ ਪੁਰੀ, ਸ੍ਰੀ ਤਿਰੂਪਤੀ ਮੰਦਿਰ ਤ੍ਰਿਮੂਲਾ, ਸੀ. ਐੱਸ. ਟੀ. ਮੁੰਬਈ, ਕਮਾਇਆ ਮੰਦਿਰ ਆਸਾਮ, ਮੀਕਮਿਰਕਾ ਘਾਟ ਵਾਰਾਨਸੀ, ਤਾਜ ਮਹਿਲ ਆਗਰਾ ਦੇ ਨਾਂਅ ਸ਼ਾਮਲ ਸਨ। ਉਕਤ ਵਿਚੋਂ ਸ੍ਰੀ ਅੰਮ੍ਰਿਤਸਰ ਦੇ ਸ੍ਰੀ ਹਰਿਮੰਦਰ ਸਾਹਿਬ ਨੂੰ ਸਫ਼ਾਈ ਲਈ ਕੀਤੇ ਕਾਰਜਾਂ ਲਈ ਸਰਵ ਉੱਤਮ ਸਥਾਨ ਦੇ ਕੇ ਪੁਰਸਕਾਰ ਦਿੱਤਾ ਗਿਆ। ਇਸ ਸਬੰਧ ਵਿਚ ਨਗਰ ਨਿਗਮ ਦੇ ਸਿਹਤ ਅਫ਼ਸਰ ਡਾ. ਰਾਜੂ ਚੌਹਾਨ ਨੇ ਦੱਸਿਆ ਕਿ



ਇਸ ਪੁਰਸਕਾਰ ਨੂੰ ਨਗਰ ਨਿਗਮ ਦੇ ਕਮਿਸ਼ਨਰ ਅਮਿਤ ਕੁਮਾਰ ਵੱਲੋਂ ਪ੍ਰਾਪਤ ਕੀਤਾ ਗਿਆ ਹੈ। ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਨੇ ਕਿਹਾ ਸ੍ਰੀ ਹਰਿਮੰਦਰ ਸਾਹਿਬ ਨੂੰ ਸਫ਼ਾਈ ਲਈ ਕੀਤੇ ਕਾਰਜਾਂ ਪ੍ਰਤੀ ਸਰਕਾਰ ਵੱਲੋਂ ਸਰਵ ਉੱਤਮ ਪੁਰਸਕਾਰ ਦੇਣਾ ਸ਼੍ਰੋਮਣੀ ਕਮੇਟੀ ਤੇ ਸ੍ਰੀ ਦਰਬਾਰ ਸਾਹਿਬ ਦੇ ਸੁਚਾਰੂ ਪ੍ਰਬੰਧਾਂ ’ਤੇ ਮੋਹਰ ਲਗਾਉਣਾ ਹੈ।


ALL STATE INSURANCE

Allstate
You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



B Sons Travel & Tax Services, Inc.

* All Airlines * International And Domestic
* Wholesale Fares Around the World

We Will Beat or Match any Fare!




Office Hours
Mon-Fri
9am-6pm
Saturday
9am-5pm

CST. REG #2092042-40

We Also Have Special Vacation Packages

President : Avtar Singh
Contact any time from anywhere

Tel 707.703.1451 • Fax 707.425.4260

Email: bsonstravel@yahoo.com
1652 West Texas St. Suite 139, Fairfield, CA 94533



CAPITAL ACCOUNTING & TAX SERVICES

HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services



CALIFORNIA DMV LIV. # 40524

PH : 530-669-5780 Fax : 530-669-5775
Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ. ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776

# ਖ਼ੁਦਕੁਸ਼ੀ ਦੀ ਫ਼ਸਲ

## ਇਸ ਹਫ਼ਤੇ 14 ਕਿਸਾਨਾਂ ਨੇ ਮੌਤ ਨੂੰ ਗਲ ਲਾਇਆ



ਚੰਡੀਗੜ੍ਹ/ਬਿਊਰੋ ਨਿਊਜ਼ :
ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਜਿਵੇਂ ਨਿਤ ਵਾਅਦੇ ਕਰਦੀ ਨਹੀਂ ਥੱਕਦੀ, ਪਰ ਕਿਸਾਨੀ ਸੰਕਟ ਦੀਆਂ ਜ਼ਮੀਨੀ ਹਕੀਕਤਾਂ ਕੁਝ ਹੋਰ ਹੀ ਹਨ। ਦੇਸ਼ ਭਰ ਦੇ ਕਿਸਾਨਾਂ ਦੀ ਕਿਤੇ ਵੀ ਸੁਣਵਾਈ ਨਹੀਂ ਹੋ ਰਹੀ। ਪੰਜਾਬ ਵਿਚ ਇਸ ਹਫ਼ਤੇ 14 ਕਿਸਾਨਾਂ ਨੇ ਖ਼ੁਦਕੁਸ਼ ਕਰ ਲਈ।

**ਭੈਣ ਦਾ ਵਿਆਹ ਕਰਨੋਂ ਅਸਮਰਥ ਕਿਸਾਨ ਨੇ ਲਿਆ ਫਾਹਾ :**
ਲਹਿਰਾਗਾਗਾ : ਪਿੰਡ ਘੋੜੇਨਬ ਦੇ ਮੇਵਾ ਸਿੰਘ (24 ਸਾਲ) ਪੁੱਤਰ ਪ੍ਰੀਤਮ ਸਿੰਘ ਨੇ ਗ਼ਰੀਬੀ ਕਾਰਨ ਆਪਣੀ ਭੈਣ ਦਾ ਵਿਆਹ ਆਪਣੇ ਪਿੰਡ ਵਿੱਚ ਨਾ ਕਰ ਸਕਣ ਦੀ ਨਮੋਸ਼ੀ ਵਿਚ ਘਰੇ ਛੱਤ ਨਾਲ ਫਾਹਾ ਲੈ ਲਿਆ। ਉਸ ਦੀ ਭੈਣ ਦਾ ਵਿਆਹ ਸੀ। ਲੜਕੀ ਦਾ ਸਹੁਰਾ ਪਰਿਵਾਰ ਆਪਣੇ ਖਰਚੇ 'ਤੇ ਬਰਨਾਲਾ ਵਿੱਚ ਵਿਆਹ ਕਰਨਾ ਚਾਹੁੰਦਾ ਸੀ, ਜਿਸ ਲਈ ਲੜਕੀ ਦਾ ਪਰਿਵਾਰ ਤਾਂ ਸਹਿਮਤ ਸੀ ਪਰ ਮੇਵਾ ਸਿੰਘ ਪਿੰਡ ਵਿੱਚ ਹੀ ਵਿਆਹ ਕਰਨਾ ਚਾਹੁੰਦਾ ਸੀ, ਜਿਸ ਦਾ ਆਪਣਾ ਵਿਆਹ ਵੀ ਛੇ ਮਹੀਨੇ ਪਹਿਲਾਂ ਹੀ ਹੋਇਆ ਸੀ। ਵਿਆਹ ਕਾਰਨ ਪਰਿਵਾਰ ਦੇ ਕੁਝ ਮੈਂਬਰ ਬਰਨਾਲਾ ਚਲੇ ਗਏ ਤਾਂ ਪਿੱਛੋਂ ਮੇਵਾ ਸਿੰਘ ਨੇ ਇਹ ਕਦਮ ਚੁੱਕਿਆ।

**ਕਿਸਾਨ ਨੇ ਨਹਿਰ 'ਚ ਮਾਰੀ ਛਾਲ :**
ਦੂਜੀ ਘਟਨਾ ਘੌੜੇਨਬ ਲਾਗਲੇ ਪਿੰਡ ਭਾਈ ਕੀ ਪਸ਼ੌਰ ਵਿੱਚ ਵਾਪਰੀ, ਜਿਥੇ ਗਰੀਬ ਕਿਸਾਨ ਗੁਰਮੇਲ ਸਿੰਘ (40 ਸਾਲ) ਪੁੱਤਰ ਲੀਲਾ ਸਿੰਘ ਨੇ ਆਪਣੀ ਲੜਕੀ ਦੇ ਰੱਖੇ ਵਿਆਹ ਦੀ ਚਿੰਤਾ ਵਿੱਚ ਘੱਗਰ ਬ੍ਰਾਂਚ ਨਹਿਰ ਵਿੱਚ ਮੋਟਰਸਾਈਕਲ ਸਮੇਤ ਛਾਲ ਮਾਰ ਦਿੱਤੀ। ਉਸ ਦੀ ਲਾਸ਼ ਬੋਹਾ ਨੇੜੇ ਨਹਿਰ ਵਿਚੋਂ ਮਿਲ ਗਈ ਹੈ। ਬੀਕੇਯੂ ਏਕਤਾ ਉਗਰਾਹਾਂ ਦੇ ਆਗੂ ਧਰਮਿੰਦਰ ਸਿੰਘ ਪਸ਼ੌਰ ਮੁਤਾਬਕ ਗੁਰਮੇਲ ਸਿੰਘ ਕੋਲ ਮਹਿਜ਼ ਤਿੰਨ ਕਨਾਲ ਜ਼ਮੀਨ ਸੀ ਅਤੇ ਉਸ ਦੇ ਸਿਰ ਢਾਈ ਲੱਖ ਰੁਪਏ ਕਰਜ਼ਾ ਸੀ। ਅਗਲੇ ਮਹੀਨੇ ਲੜਕੀ ਦਾ ਵਿਆਹ ਰੱਖਿਆ ਹੋਣ ਕਾਰਨ ਉਹ ਮਾਨਸਿਕ ਪ੍ਰੇਸ਼ਾਨੀ ਵਿੱਚ ਸੀ।

**ਪਿੰਡ ਦੋਦੜਾ ਦੇ ਕਿਸਾਨ ਨੇ ਕਰੰਟ ਲਾ ਕੇ ਕੀਤੀ ਖ਼ੁਦਕੁਸ਼ੀ :**
ਬੁਢਲਾਡਾ : ਨੇੜਲੇ ਪਿੰਡ ਦੋਦੜਾ ਦੇ ਕਿਸਾਨ ਗੁਰਜੰਟ ਸਿੰਘ (50 ਸਾਲ) ਪੁੱਤਰ ਪਿਆਰਾ ਸਿੰਘ ਨੇ ਕਰਜ਼ੇ ਕਾਰਨ ਖ਼ੁਦਕੁਸ਼ੀ ਕਰ ਲਈ। ਉਸ ਦੇ ਸਿਰ ਬੈਂਕ ਦਾ 8 ਲੱਖ ਰੁਪਏ ਕਰਜ਼ਾ ਸੀ। ਕਿਸਾਨ ਦੇ ਇਕ ਪੁੱਤਰ ਕੁਲਦੀਪ ਸਿੰਘ ਦਾ 2 ਸਾਲ ਪਹਿਲਾਂ ਹਾਦਸੇ ਵਿੱਚ ਸਾਰਾ ਸਰੀਰ ਨੁਕਸਾਨਿਆ ਗਿਆ, ਜਿਸ ਦੇ ਇਲਾਜ ਲਈ ਕਿਸਾਨ ਨੂੰ ਆਪਣੀ ਦੋ ਏਕੜ ਜ਼ਮੀਨ ਵੇਚਣੀ ਪਈ ਪਰ ਫਿਰ ਵੀ ਕਰਜ਼ਾ ਵਧਦਾ ਗਿਆ। ਗੁਰਜੰਟ ਸਿੰਘ ਨੇ ਬਿਜਲੀ ਦੀਆਂ ਤਾਰਾਂ ਨੂੰ ਆਪਣੇ ਹੱਥਾਂ ਵਿਚ ਲੈ ਕੇ ਜਾਨ ਦੇ ਦਿੱਤੀ।

**ਪਿੰਡ ਉੜਾਗ ਦੇ ਕਿਸਾਨ ਨੇ ਨਹਿਰ 'ਚ ਮਾਰੀ ਛਾਲ :**
ਮਲੋਟ : ਪਿੰਡ ਉੜਾਗ ਦੇ ਕਰਜ਼ੇ ਤੋਂ ਪ੍ਰੇਸ਼ਾਨ 24 ਸਾਲਾ ਕਿਸਾਨ ਜਸਵਿੰਦਰ ਸਿੰਘ ਨੇ ਨਹਿਰ ਵਿੱਚ ਛਾਲ ਮਾਰ ਦਿੱਤੀ। ਮ੍ਰਿਤਕ ਦੇ ਪਿਤਾ ਹਰਦੇਵ ਸਿੰਘ ਖ਼ਾਲਸਾ ਨੇ ਦੱਸਿਆ ਕਿ ਉਸ ਦੇ ਪੁੱਤਰ ਨੇ ਬਠਿੰਡਾ ਨੇੜੇ ਪਿੰਡ ਨੰਦਗੜ੍ਹ ਵਿੱਚ ਨਹਿਰ ਵਿਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ। ਦੱਸਣਯੋਗ ਹੈ ਕਿ ਕਿਸਾਨ ਦੀ ਕੁਝ ਦਿਨਾਂ ਬਾਅਦ ਹੀ ਮੰਗਣੀ ਦੀ ਰਸਮ ਸੀ।

**ਪਿੰਡ ਰਾਮ ਨਿਵਾਸ ਦੇ ਕਿਸਾਨ ਨੇ ਪੀਤੀ ਸਪਰੇਅ:**
ਬਾਲਿਆਂਵਾਲੀ: ਪਿੰਡ ਰਾਮ ਨਿਵਾਸ ਵਿਖੇ ਕਰਜ਼ੇ ਤੋਂ ਪ੍ਰੇਸ਼ਾਨ ਕਿਸਾਨ ਗੁਰਨੈਬ ਸਿੰਘ (40 ਸਾਲ) ਪੁੱਤਰ ਮਹਿੰਦਰ ਸਿੰਘ ਉਰਫ਼ ਮਿੱਠੂ ਸਿੰਘ ਵਾਸੀ ਰਾਮ ਨਿਵਾਸ (ਬਠਿੰਡਾ) ਨੇ ਸਪਰੇਅ ਪੀ ਕੇ ਖ਼ੁਦਕੁਸ਼ੀ ਕਰ ਲਈ। ਜਾਣਕਾਰੀ ਅਨੁਸਾਰ ਗੁਰਨੈਬ ਸਿੰਘ ਆਪਣੇ ਖੇਤ ਗਿਆ ਸੀ ਅਤੇ ਸਾਢੇ ਚਾਰ ਏਕੜ ਦੇ ਕਰੀਬ ਖ਼ਰਾਬ ਹੋਈ ਆਪਣੀ ਫ਼ਸਲ ਨੂੰ ਵੇਖ ਕੇ ਉਹ ਕਾਫ਼ੀ ਪ੍ਰੇਸ਼ਾਨ ਹੋ ਗਿਆ। ਇੱਕ ਤੇ ਪਹਿਲਾਂ ਤੋਂ ਹੀ ਉਹ 12 ਲੱਖ ਰੁਪਏ ਦਾ ਸਰਕਾਰੀ ਤੇ ਗੈਰ ਸਰਕਾਰੀ ਅਦਾਰਿਆਂ ਦਾ ਕਰਜ਼ਾਈ ਸੀ, ਇਸੇ ਪ੍ਰੇਸ਼ਾਨੀ ਦੇ ਚੱਲਦਿਆਂ ਉਸ ਨੇ ਖੇਤੋਂ ਘਰ ਆ ਕੇ ਸਪਰੇਅ ਪੀ ਲਈ। ਉਸ ਨੂੰ ਬਚਾਉਣ ਲਈ ਗੋਨਿਆਣਾ ਦੇ ਇਕ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿਥੇ ਉਸ ਦੀ ਮੌਤ ਹੋ ਗਈ। ਗੁਰਨੈਬ ਸਿੰਘ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਅਤੇ ਉਸ ਦੇ ਤਿੰਨ ਬੱਚੇ ਹਨ। ਪੁਲਿਸ ਨੇ 174 ਦੀ ਕਾਰਵਾਈ ਕੀਤੀ ਗਈ ਹੈ।

**ਪਿੰਡ ਡਿੱਖ ਦੇ ਕਿਸਾਨ ਨੇ ਲਿਆ ਫਾਹਾ :**
ਮੌੜ ਮੰਡੀ : ਪਿੰਡ ਡਿੱਖ ਦੇ ਕਰਜ਼ਾਈ ਕਿਸਾਨ ਰਾਜਪਾਲ ਸਿੰਘ (23 ਸਾਲ) ਨੇ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਪਰਿਵਾਰਕ ਮੈਬਰਾਂ ਅਨੁਸਾਰ ਰਾਜਪਾਲ ਕੋਲ ਤਕਰੀਬਨ ਤਿੰਨ ਏਕੜ ਜ਼ਮੀਨ ਸੀ, ਜਿਸ ਵਿਚੋਂ ਕੁੱਝ ਜ਼ਮੀਨ ਕਰਜ਼ੇ ਕਾਰਨ ਵੇਚਣੀ ਪਈ ਸੀ। ਉਸ ਦਾ ਦੋ ਸਾਲ ਪਹਿਲਾਂ ਵਿਆਹ ਹੋਇਆ ਸੀ। ਸਾਲ ਕੁ ਪਹਿਲਾਂ ਉਸ ਦੇ ਨਵ-ਜੰਮੇ ਬੱਚੇ ਦੀ ਮੌਤ ਹੋ ਗਈ ਸੀ। ਰਾਜਪਾਲ ਸਿੰਘ ਸਿਰ ਪ੍ਰਾਈਵੇਟ ਬੈਂਕ ਦਾ ਤਕਰੀਬਨ 8 ਲੱਖ ਰੁਪਏ ਕਰਜ਼ਾ ਸੀ। ਰਾਜਪਾਲ ਦੇ ਪਰਿਵਾਰ ਵਿਚ ਪਤਨੀ, ਮਾਂ ਤੇ ਪਿਓ ਹੈ।

**ਪਿੰਡ ਕਿਸ਼ਨਗੜ੍ਹ ਦੇ ਕਿਸਾਨ ਨੇ ਨਿਗਲੀ ਸਲਫ਼ਾਸ :**
ਮੋਗਾ : ਪਿੰਡ ਕਿਸ਼ਨਗੜ੍ਹ ਦੇ ਕਰਜ਼ੇ ਤੋਂ ਪ੍ਰੇਸ਼ਾਨ ਕਿਸਾਨ ਕਰਨੈਲ ਸਿੰਘ (46 ਸਾਲ) ਨੇ ਸਲਫਾਸ ਨਿਗਲ ਕੇ ਖ਼ੁਦਕੁਸ਼ੀ ਕਰ ਲਈ ਹੈ। ਕਰਨੈਲ ਸਿੰਘ ਦੇ ਭਤੀਜੇ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਉਸ ਦੇ ਚਾਚੇ ਦਾ ਵਿਆਹ ਨਹੀਂ ਹੋਇਆ ਸੀ। ਉਨ੍ਹਾਂ ਕੋਲ ਜ਼ਮੀਨ ਬਹੁਤ ਘੱਟ ਸੀ। ਉਸ ਦੇ ਚਾਚੇ ਨੇ ਆਪਣਾ ਕਰਜ਼ਾ ਲਾਹੁਣ ਲਈ ਸਾਰੀ ਜ਼ਮੀਨ (ਤਕਰੀਬਨ ਇੱਕ ਏਕੜ) ਵੇਚ ਦਿੱਤੀ ਸੀ। ਉਸ ਸਿਰ ਢਾਈ ਲੱਖ ਕਰਜ਼ਾ ਅਜੇ ਹੋਰ ਖੜ੍ਹਾ ਸੀ। ਪਟਿਆਲਾ ਵਿਚ ਲੱਗੇ ਪੰਜ-ਰੋਜ਼ਾ ਧਰਨੇ ਤੋਂ ਪਰਤੇ ਕਰਨੈਲ ਨੇ ਸਲਫਾਸ ਨਿਗਲ ਲਈ।

**ਪਿੰਡ ਖ਼ਿਜਰਗੜ੍ਹ ਦੇ ਕਿਸਾਨ ਨੇ ਖਾਧੀ ਜ਼ਹਿਰ :**
ਬਨੂੜ : ਪਿੰਡ ਖ਼ਿਜਰਗੜ੍ਹ (ਕਨੌੜ) ਦੇ ਕਿਸਾਨ ਬਹਾਦਰ ਸਿੰਘ (60 ਸਾਲ) ਨੇ ਕੋਈ ਜ਼ਹਿਰੀਲੀ ਵਸਤੂ ਨਿਗਲ ਕੇ ਖ਼ੁਦਕੁਸ਼ੀ ਕਰ ਲਈ ਹੈ। ਬਹਾਦਰ ਸਿੰਘ ਕੋਲ ਢਾਈ ਏਕੜ ਜ਼ਮੀਨ ਸੀ ਤੇ ਉਸ ਸਿਰ ਵੀਹ ਲੱਖ ਰੁਪਏ ਕਰਜ਼ਾ ਸੀ। ਪਰਿਵਾਰ ਕਿਸੇ ਵਿਆਹ 'ਤੇ ਗਿਆ ਸੀ ਅਤੇ ਜਦੋਂ ਉਹ ਸ਼ਾਮ ਨੂੰ ਪਰਤੇ ਤਾਂ ਬਹਾਦਰ ਸਿੰਘ ਵਰਾਂਡੇ ਵਿਚ ਮ੍ਰਿਤਕ ਹਾਲਤ ਵਿਚ ਪਿਆ ਸੀ। ਇਸ ਕਿਸਾਨ ਦੇ ਪੁੱਤਰ ਗੁਰਜਿੰਦਰ ਸਿੰਘ ਨੇ ਦੱਸਿਆ ਕਿ ਬੈਂਕ ਮੁਲਾਜ਼ਮ ਕਰਜ਼ਾ ਮੋੜਨ ਲਈ ਦਬਾਅ ਬਣਾ ਰਹੇ ਸਨ, ਜਿਸ ਕਾਰਨ ਪਿਤਾ ਪ੍ਰੇਸ਼ਾਨ ਸੀ ਅਤੇ ਉਨ੍ਹਾਂ ਨੇ ਖ਼ੁਦਕੁਸ਼ੀ ਕੀਤੀ ਹੈ। ਪਰਿਵਾਰ ਨੇ ਬਗ਼ੈਰ ਪੋਸਟਮਾਰਟਮ ਹੀ ਬਹਾਦਰ ਸਿੰਘ ਦਾ ਸਸਕਾਰ ਕਰ ਦਿੱਤਾ।

**ਪਿੰਡ ਭਾਰੂ ਦੇ ਕਿਸਾਨ ਨੇ ਲਿਆ ਫਾਹਾ :**
ਸ੍ਰੀ ਮੁਕਤਸਰ ਸਾਹਿਬ : ਪਿੰਡ ਭਾਰੂ ਦੇ ਕਰਜ਼ਾਈ ਕਿਸਾਨ ਪ੍ਰਗਟ ਸਿੰਘ (23 ਸਾਲ) ਨੇ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ ਹੈ। ਉਸ ਕੋਲ ਚਾਰ ਕਨਾਲ ਜ਼ਮੀਨ ਸੀ ਤੇ ਤਿੰਨ ਲੱਖ ਰੁਪਏ ਕਰਜ਼ਾ ਸੀ। ਪ੍ਰਗਟ ਸਿੰਘ ਦਾ 2 ਸਾਲ ਪਹਿਲਾਂ ਵਿਆਹ ਹੋਇਆ ਸੀ ਅਤੇ ਉਸ ਦੇ ਇਕ ਬੱਚਾ ਵੀ ਹੈ।

**ਪਿੰਡ ਸਿੱਧੂਵਾਲ ਦੇ ਕਿਸਾਨ ਵਲੋਂ ਖ਼ੁਦਕੁਸ਼ੀ:**
ਪਟਿਆਲਾ : ਇਥੋਂ ਨੇੜਲੇ ਪਿੰਡ ਸਿੱਧੂਵਾਲ ਦੇ ਕਿਸਾਨ ਰਘਬੀਰ ਸਿੰਘ (60 ਸਾਲ) ਨੇ ਸਲਫਾਸ ਨਿਗਲ ਕੇ ਖ਼ੁਦਕੁਸ਼ੀ ਕਰ ਲਈ। ਢਾਈ ਏਕੜ ਜ਼ਮੀਨ ਦੇ ਮਾਲਕ ਇਸ ਕਿਸਾਨ ਨੇ ਰਾਜਪੁਰਾ ਦੇ ਇਕ ਵਿਅਕਤੀ ਨੂੰ ਦਸ ਲੱਖ ਰੁਪਏ ਉਧਾਰ ਦਿੱਤੇ ਸਨ, ਜੋ ਹੁਣ ਰਾਸ਼ੀ ਮੋੜ ਨਹੀਂ ਰਿਹਾ ਸੀ ਅਤੇ ਉਪਰੋਂ ਰਘਬੀਰ ਨੂੰ ਬੈਂਕ ਤੋਂ ਲਏ ਤਿੰਨ ਲੱਖ ਰੁਪਏ ਦੀ ਕਿਸ਼ਤ ਤਾਰਨ ਵਿਚ ਮੁਸ਼ਕਲ ਆ ਰਹੀ ਸੀ, ਜਿਸ ਕਾਰਨ ਉਸ ਨੇ ਇਹ ਕਦਮ ਚੁੱਕ ਲਿਆ। ਥਾਣਾ ਬਖਸ਼ੀਵਾਲਾ ਦੇ ਐਸਐਚਓ ਗੁਰਨਾਮ ਸਿੰਘ ਘੁੰਮਣ ਨੇ ਦੱਸਿਆ ਕਿ ਰਘਬੀਰ ਸਿੰਘ ਦੇ ਲੜਕੇ ਰਣਜੀਤ ਸਿੰਘ ਦੇ ਬਿਆਨਾਂ 'ਤੇ ਧਾਰਾ 174 ਤਹਿਤ ਕਾਰਵਾਈ ਕੀਤੀ ਗਈ ਹੈ।

**ਪਿੰਡ ਭੁੜੰਗਪੁਰ ਦੇ ਕਿਸਾਨ ਨੇ ਨਿਗਲੀ ਕੀਟਨਾਸ਼ਕ :**
ਅੰਬਾਲਾ : ਪਿੰਡ ਭੁੜੰਗਪੁਰ ਦੇ ਕਰਜ਼ਾਈ ਕਿਸਾਨ ਮੇਵਾ ਸਿੰਘ (46 ਸਾਲ) ਨੇ ਕੀਟਨਾਸ਼ਕ ਨਿਗਲ ਕੇ ਖ਼ੁਦਕੁਸ਼ੀ ਕਰ ਲਈ ਹੈ। ਪਰਿਵਾਰਕ ਮੈਂਬਰਾਂ ਅਨੁਸਾਰ ਮੇਵਾ ਸਿੰਘ ਨੇ ਧੀ ਦੀ ਬਿਮਾਰੀ ਤੇ ਖੇਤੀ ਵਿਚ ਲਗਾਤਾਰ ਪੈ ਰਹੇ ਘਾਟੇ ਕਾਰਨ ਆੜ੍ਹਤੀਏ ਤੇ ਬੈਂਕਾਂ ਤੋਂ ਕਰਜ਼ਾ ਲਿਆ ਸੀ, ਜੋ ਉਸ ਲਈ ਮੋੜਨਾ ਮੁਸ਼ਕਲ ਹੋ ਗਿਆ ਸੀ। ਉਸ ਕੋਲ ਸਾਢੇ 5 ਏਕੜ ਜ਼ਮੀਨ ਸੀ ਅਤੇ ਪਰਿਵਾਰ ਵਿਚ ਬਜ਼ੁਰਗ ਮਾਂ, ਪਤਨੀ, ਦੋ ਪੁੱਤ ਤੇ ਇਕ ਧੀ ਹੈ। ਮੇਵਾ ਸਿੰਘ ਦੇ ਭਰਾ ਭੁਪਿੰਦਰ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ ਫ਼ਸਲ 'ਤੇ ਦਵਾਈ ਛਿੜਕ ਕੇ ਆਇਆ ਅਤੇ ਕਮਰੇ ਵਿਚ ਜਾ ਕੇ ਉਸ ਨੇ ਕੀਟਨਾਸ਼ਕ ਨਿਗਲ ਲਈ।

**ਬੁਰਜ਼ ਗਿੱਲ ਦੇ ਕਿਸਾਨ ਨੇ ਕੀਤੀ ਖ਼ੁਦਕੁਸ਼ੀ :**
ਭਗਤਾ ਭਾਈ : ਪਿੰਡ ਬੁਰਜ਼ ਗਿੱਲ ਦੇ ਕਰਜ਼ਾਈ ਕਿਸਾਨ ਭੁਪਿੰਦਰ ਸਿੰਘ ਭਿੰਦਾ (32 ਸਾਲ) ਨੇ ਕੀਟਨਾਸ਼ਕ ਨਿਗਲ ਕੇ ਖ਼ੁਦਕੁਸ਼ੀ ਕਰ ਲਈ ਹੈ। ਭੁਪਿੰਦਰ ਸਿੰਘ ਦੇ ਪਰਿਵਾਰ ਕੋਲ 2 ਏਕੜ ਜ਼ਮੀਨ ਹੈ ਤੇ ਉਸ ਸਿਰ ਛੇ ਲੱਖ ਰੁਪਏ ਕਰਜ਼ਾ ਸੀ। ਉਸ ਦੇ ਪਰਿਵਾਰ ਵਿਚ ਪਤਨੀ ਤੇ ਦੋ ਮਹੀਨਿਆਂ ਦੀ ਕੁੜੀ ਸ਼ਾਮਲ ਹੈ। ਥਾਣਾ ਫੂਲ ਦੀ ਪੁਲੀਸ ਨੇ ਧਾਰਾ 174 ਤਹਿਤ ਕਾਰਵਾਈ ਕਰਕੇ ਪੋਸਟਮਾਰਟਮ ਬਾਅਦ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ ਹੈ।

**ਪਿੰਡ ਡੇਮਰੂ ਕਲਾਂ ਦੇ ਕਿਸਾਨ ਨੇ ਲਿਆ ਫਾਹਾ :**
ਸਮਾਲਸਰ : ਪਿੰਡ ਡੇਮਰੂ ਕਲਾਂ ਦੇ ਕਿਸਾਨ ਚਮਕੌਰ ਸਿੰਘ (48 ਸਾਲ) ਨੇ ਆਰਥਿਕ ਤੰਗੀ ਕਾਰਨ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ ਹੈ। ਚਮਕੌਰ ਦੇ ਪਿਤਾ ਨੇ ਦੱਸਿਆ ਕਿ ਜ਼ਮੀਨ ਘੱਟ ਹੋਣ ਕਾਰਨ ਉਹ ਠੇਕੇ 'ਤੇ ਜ਼ਮੀਨ ਲੈ ਕੇ ਖੇਤੀ ਕਰਦਾ ਸੀ। ਖੇਤੀ ਵਿਚ ਘਾਟਾ ਪੈਣ ਕਾਰਨ ਇਕ ਏਕੜ ਜ਼ਮੀਨ ਵੇਚਣੀ ਪਈ ਸੀ ਪਰ ਕਰਜ਼ਾ ਤੋਂ ਛੁਟਕਾਰਾ ਨਹੀਂ ਮਿਲਿਆ। ਜ਼ਮੀਨ ਖੁੱਸਣ, ਕਰਜ਼ੇ ਦੇ ਬੋਝ ਤੇ ਗੂੰਗੀ-ਬੋਲੀ ਪਤਨੀ ਦੇ ਇਲਾਜ ਦੇ ਖਰਚੇ ਕਾਰਨ ਚਮਕੌਰ ਪ੍ਰੇਸ਼ਾਨ ਰਹਿੰਦਾ ਸੀ।

**ਪਿੰਡ ਅਤਾਲਾਂ ਦੇ ਕਿਸਾਨ ਵਲੋਂ ਖ਼ੁਦਕੁਸ਼ੀ :**
ਪਾਤੜਾਂ : ਪਿੰਡ ਅਤਾਲਾਂ ਦੇ ਕਰਜ਼ਾਈ ਕਿਸਾਨ ਭੁਪਿੰਦਰ ਸਿੰਘ ਨੇ ਖ਼ੁਦਕੁਸ਼ੀ ਕਰ ਲਈ ਹੈ। ਉਸ ਸਿਰ ਚਾਰ ਲੱਖ ਰੁਪਏ ਕਰਜ਼ਾ ਸੀ। ਭੁਪਿੰਦਰ ਸਿੰਘ ਦੀ ਪਤਨੀ ਰਾਜਵਿੰਦਰ ਕੌਰ ਨੇ ਦੱਸਿਆ ਕਿ ਉਨ੍ਹਾਂ ਕੋਲ ਡੇਢ ਏਕੜ ਜ਼ਮੀਨ ਸੀ, ਜਿਸ ਵਿਚੋਂ ਅੱਧਾ ਏਕੜ ਕਰਜ਼ੇ ਦੀ ਭੇਟ ਚੜ੍ਹ ਗਈ। ਨਰਸਿੰਗ ਦੀ ਪੜ੍ਹਾਈ ਕਰ ਰਹੀ ਧੀ ਦੀ ਫੀਸ ਲਈ ਪੈਸਿਆਂ ਦਾ ਇੰਤਜ਼ਾਮ ਨਾ ਹੋਣ ਕਾਰਨ ਭੁਪਿੰਦਰ ਸਿੰਘ ਪ੍ਰੇਸ਼ਾਨ ਸੀ। ਘੱਗਾ ਪੁਲੀਸ ਵੱਲੋਂ ਪਤਨੀ ਦੇ ਬਿਆਨਾਂ 'ਤੇ ਕਾਰਵਾਈ ਕੀਤੀ ਗਈ ਹੈ।

# ਪਰਾਲੀ ਬਿਲੇ ਲਾਉਣ ਦਾ ਮਸਲਾ- ਕੈਪਟਨ ਸਰਕਾਰ ਕਿਸਾਨਾਂ ਸਿਰ ਜ਼ਿੰਮੇਵਾਰੀ ਸੁੱਟਣ ਲਈ ਕਾਹਲੀ

**ਮੇਜਰ ਸਿੰਘ**

ਜਲੰਧਰ : ਨੈਸ਼ਨਲ ਗਰੀਨ ਟ੍ਰਿਬਿਊਨਲ ਵਲੋਂ ਪੰਜਾਬ ਵਿਚ ਪਰਾਲੀ ਤੇ ਖੇਤੀ ਦੀ ਰਹਿੰਦ-ਖੂੰਹਦ ਨੂੰ ਬਿਲੇ ਲਗਾਉਣ ਲਈ ਦਸੰਬਰ, 2015 ਨੂੰ ਜਾਰੀ ਦਿਸ਼ਾ-ਨਿਰਦੇਸ਼ਾਂ ਨੂੰ ਪੰਜਾਬ ਸਰਕਾਰ ਨੇ ਅਸਲ ਭਾਵਨਾਂ ਵਿਚ ਲਾਗੂ ਕਰਨ ਦੀ ਬਜਾਏ ਟ੍ਰਿਬਿਊਨਲ ਵਲੋਂ ਸਿਰਫ ਕਿਸਾਨਾਂ ਸਿਰ ਪਾਈ ਜ਼ਿੰਮੇਵਾਰੀ ਵਾਲੇ ਫੈਸਲੇ ਨੂੰ ਲਾਗੂ ਕਰਨ ਵਿਚ ਤਾਂ ਤੇਜ਼ੀ ਦਿਖਾਉਣੀ ਸ਼ੁਰੂ ਕੀਤੀ ਹੋਈ ਹੈ, ਪਰ ਸਰਕਾਰ ਜ਼ਿੰਮੇ ਲਾਏ ਕੰਮਾਂ ਨੂੰ ਉਹ ਛੋਹਣ ਲਈ ਵੀ ਤਿਆਰ ਨਹੀਂ, ਸਗੋਂ ਟ੍ਰਿਬਿਊਨਲ ਦੇ ਫੈਸਲਿਆਂ ਦਾ ਗਲਤ ਅਰਥ ਕੱਢ ਕੇ ਉਸ ਨੂੰ ਅਮਲਯੋਗ ਨਾ ਹੋਣ ਦਾ ਬਹਾਨਾ ਘੜ ਕੇ ਟ੍ਰਿਬਿਊਨਲ ਦੇ ਦਿਸ਼ਾ-ਨਿਰਦੇਸ਼ਾਂ ਉੱਪਰ ਅਮਲ ਕਰਨ ਤੋਂ ਹੀ ਮੂੰਹ ਭਵਾਂ ਰੱਖਿਆ ਹੈ। ਦਸੰਬਰ, 2015 ਵਿਚ ਟ੍ਰਿਬਿਊਨਲ ਵਲੋਂ ਉੱਤਰ ਪ੍ਰਦੇਸ਼, ਦਿੱਲੀ, ਹਰਿਆਣਾ ਤੇ ਪੰਜਾਬ ਸਰਕਾਰ ਨੂੰ ਪਰਾਲੀ ਤੇ ਹੋਰ ਖੇਤੀ ਰਹਿੰਦ-ਖੂੰਹਦ ਨੂੰ ਬਿਲੇ ਲਗਾਉਣ ਲਈ ਮੁਢਲੀ ਜ਼ਿੰਮੇਵਾਰੀ ਸਰਕਾਰਾਂ ਸਿਰ ਪਾਈ ਗਈ ਸੀ ਤੇ ਫਿਰ ਵੀ ਉਲੰਘਣਾ ਕਰਨ ਵਾਲੇ ਕਿਸਾਨਾਂ ਨੂੰ ਜੁਰਮਾਨੇ ਤੇ ਸਬਸਿਡੀਆਂ ਸਮੇਤ ਹੋਰ ਮਿਲਣ ਵਾਲੀਆਂ ਸਰਕਾਰੀ ਰਿਆਇਤਾਂ ਤੋਂ ਵਾਂਝਾ ਕਰਨ ਦੀ ਹਦਾਇਤ ਜਾਰੀ ਕੀਤੀ ਸੀ। ਪਰ ਪੰਜਾਬ ਦੀ ਚਲਾਕ ਅਫਸਰਸ਼ਾਹੀ ਨੇ ਸਰਕਾਰ ਸਿਰ ਪਾਈ ਮੁੱਢਲੀ ਜ਼ਿੰਮੇਵਾਰੀ ਦੀ ਤਾਂ ਗੱਲ ਹੀ ਛੱਡ ਦਿੱਤੀ ਹੈ ਤੇ ਸਿਰਫ ਪਰਾਲੀ ਨੂੰ ਅੱਗ ਲਗਾਉਣ ਵਾਲੇ ਕਿਸਾਨਾਂ ਨੂੰ ਸਜ਼ਾਵਾਂ ਦੇਣ ਦਾ ਸ਼ੋਰ-ਸ਼ਰਾਬਾ ਸ਼ੁਰੂ ਕਰ ਰੱਖਿਆ ਹੈ। ਕਿਸਾਨ ਸੰਗਠਨ ਸਰਕਾਰ ਦੇ ਇਨ੍ਹਾਂ ਯਤਨਾਂ ਨੂੰ ਟ੍ਰਿਬਿਊਨਲ ਦੇ ਫੈਸਲੇ ਦੀ ਘੋਰ ਉਲੰਘਣਾ ਕਰਾਰ ਦੇ ਰਹੇ ਹਨ ਤੇ ਉਨ੍ਹਾਂ ਨੇ ਸਰਕਾਰ ਵਿਰੁੱਧ ਕੁੰਡਾ ਖੜਕਾਉਣ ਲਈ ਟ੍ਰਿਬਿਊਨਲ ਕੋਲ ਜਾਣ ਦੀ ਤਿਆਰੀ ਕਰ ਲਈ ਹੈ। ਟ੍ਰਿਬਿਊਨਲ ਨੇ ਆਪਣੇ ਫੈਸਲੇ ਵਿਚ ਰਾਜ ਸਰਕਾਰ ਨੂੰ ਸਪਸ਼ਟ ਕਿਹਾ ਹੈ ਕਿ ਉਹ ਪਰਾਲੀ ਤੇ ਹੋਰ ਰਹਿੰਦ-ਖੂੰਹਦ ਨੂੰ ਬਿਲੇ ਲਗਾਉਣ ਤੇ ਉਸ ਦੀ ਯੋਗ ਵਰਤੋਂ ਕਰਨ ਲਈ ਢਾਂਚਾ (ਮੈਕਾਨਿਜ਼ਮ) ਤਿਆਰ ਕਰਨਗੀਆਂ ਅਤੇ ਮਸ਼ੀਨਰੀ ਤੇ ਔਜਾਰ ਜਾਂ ਫਿਰ ਉਸ ਦੀ ਕੀਮਤ ਕਿਸਾਨਾਂ ਨੂੰ ਮੁਹੱਈਆ ਕਰਨਗੀਆਂ। ਟ੍ਰਿਬਿਊਨਲ ਨੇ ਪਰਾਲੀ ਨੂੰ ਇਕੱਤਰ ਕਰਨ, ਢੋਆ-ਢੁਆਈ ਤੇ ਯੋਗ ਮਕਸਦ ਲਈ ਵਰਤੋਂ ਦਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਸਰਕਾਰ ਉੱਪਰ ਪਾਈ ਹੈ। ਇਥੋਂ ਤੱਕ ਕਿ ਹਰ ਜ਼ਿਲ੍ਹੇ ਵਿਚ ਉੱਚਿਤ ਜਗ੍ਹਾ ਨਿਸਚਿਤ ਕਰਨ ਦੀ ਵੀ ਹਦਾਇਤ ਕੀਤੀ ਗਈ ਹੈ। ਟ੍ਰਿਬਿਊਨਲ ਨੇ ਕਿਸੇ ਵੀ ਤਰ੍ਹਾਂ ਦੀ ਦੁਚਿੱਤੀ ਜਾਂ ਭੰਬਲਭੂਸਾ ਨਹੀਂ ਰਹਿਣ ਦਿੱਤਾ ਤੇ ਫਿਰ ਅੱਗੇ ਸਪਸ਼ਟ ਕੀਤਾ ਹੈ ਕਿ ਸਰਕਾਰ 2 ਏਕੜ ਵਾਲੇ ਕਿਸਾਨਾਂ ਨੂੰ ਹੈਪੀ ਸੀਡਰ ਵਰਗੇ ਔਜ਼ਾਰ ਮੁਫ਼ਤ ਮੁਹੱਈਆ ਕਰਾਏਗੀ। 2 ਤੋਂ 5 ਏਕੜ ਮਾਲਕੀ ਵਾਲੇ ਕਿਸਾਨਾਂ ਨੂੰ ਮਸ਼ੀਨਰੀ ਲਈ 5 ਹਜ਼ਾਰ ਰੁਪਏ ਦਿੱਤੇ ਜਾਣਗੇ। ਪੰਜ ਏਕੜ ਤੋਂ ਵੱਧ ਜ਼ਮੀਨ ਮਾਲਕੀ ਵਾਲੇ ਕਿਸਾਨਾਂ ਨੂੰ 15 ਹਜ਼ਾਰ ਰੁਪਏ ਦਿੱਤੇ ਜਾਣਗੇ। ਕਿਸਾਨਾਂ ਨੂੰ ਦਿਸ਼ਾ-ਨਿਰਦੇਸ਼ ਦਿੰਦਿਆਂ ਖੁੱਲ੍ਹੇ ਵਿਚ ਪਰਾਲੀ ਨਾ ਸਾੜਨ ਦੀ ਨਸੀਹਤ ਕਰਦਿਆਂ ਕਿਹਾ ਹੈ ਕਿ ਉਲੰਘਣਾ ਕਰਨ ਵਾਲੇ ਕਿਸਾਨਾਂ ਨੂੰ ਜੁਰਮਾਨੇ ਤੇ ਹੋਰ ਸਜ਼ਾਵਾਂ ਦਿੱਤੀਆਂ ਜਾਣਗੀਆਂ। ਦੋ ਏਕੜ ਮਾਲਕੀ ਵਾਲੇ ਕਿਸਾਨ ਨੂੰ ਉਲੰਘਣਾ ਲਈ 2500 ਰੁਪਏ, 5 ਏਕੜ ਤੱਕ ਵਾਲੇ ਨੂੰ 5 ਹਜ਼ਾਰ ਅਤੇ ਵੱਧ ਜ਼ਮੀਨ ਵਾਲੇ ਨੂੰ 15 ਹਜ਼ਾਰ ਰੁਪਏ ਤੱਕ ਜੁਰਮਾਨਾ ਕੀਤਾ ਜਾਵੇਗਾ। ਇਸ ਦੇ ਨਾਲ ਖੁੱਲ੍ਹੇ ਵਿਚ ਪਰਾਲੀ ਫੂਕਣ ਵਾਲੇ ਕਿਸਾਨਾਂ ਨੂੰ ਸਬਸਿਡੀ ਤੇ ਹੋਰ ਸਹੂਲਤਾਂ ਤੋਂ ਵੀ ਵਾਂਝਾ ਕੀਤਾ ਜਾ ਸਕਦਾ ਹੈ। ਪੰਜਾਬ ਸਰਕਾਰ ਵਲੋਂ ਟ੍ਰਿਬਿਊਨਲ ਦੀਆਂ ਕਿਸਾਨਾਂ ਨੂੰ ਹਦਾਇਤਾਂ ਬਾਰੇ ਤਾਂ ਸਖ਼ਤੀ ਸ਼ੁਰੂ ਕਰ ਦਿੱਤੀ ਗਈ ਹੈ, ਪਰ ਆਪਣੇ ਸਿਰ ਪਾਈ ਮੁੱਢਲੀ ਜ਼ਿੰਮੇਵਾਰੀ ਤੋਂ ਪਾਸਾ ਵੱਟ ਲਿਆ ਹੈ। ਜਦ ਇਸ ਬਾਰੇ ਪੰਜਾਬ ਦੇ ਵਿੱਤ ਸਕੱਤਰ ਵਿਕਾਸ ਸ੍ਰੀ ਐਮ. ਪੀ. ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ 'ਅਸੀਂ ਅਜੇ ਸਿਰਫ ਕਿਸਾਨਾਂ ਬਾਰੇ ਫੈਸਲੇ ਨੂੰ ਹੀ ਲਾਗੂ ਕਰ ਰਹੇ ਹਾਂ।' ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਸ. ਕਾਹਨ ਸਿੰਘ ਪੰਨੂ ਦਾ ਕਹਿਣਾ ਹੈ ਕਿ ਸਰਕਾਰ ਲਈ ਦੋ ਏਕੜ ਤੱਕ ਦੇ ਕਿਸਾਨਾਂ ਨੂੰ ਮੁਫ਼ਤ ਮਸ਼ੀਨਰੀ ਦੇਣਾ ਸੰਭਵ ਹੀ ਨਹੀਂ। ਇਸ ਕਰਕੇ ਇਹ ਮਾਮਲਾ ਟ੍ਰਿਬਿਊਨਲ ਕੋਲ ਉਠਾਇਆ ਗਿਆ ਸੀ ਤੇ ਟ੍ਰਿਬਿਊਨਲ ਖੁਦ ਇਸ ਬਾਰੇ ਵਿਚਾਰ ਕਰ ਰਿਹਾ ਹੈ। ਪਰ ਕਿਸਾਨ ਜਥੇਬੰਦੀਆਂ ਦੇ ਆਗੂ ਸਰਕਾਰ ਦੇ ਤਰਕ ਨੂੰ ਮੰਨਣ ਲਈ ਤਿਆਰ ਨਹੀਂ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਟ੍ਰਿਬਿਊਨਲ ਦੇ ਫੈਸਲਿਆਂ ਦੀ ਉਲੰਘਣਾ ਕਰ ਰਹੀ ਹੈ ਤੇ ਫੈਸਲੇ ਮੁਤਾਬਕ ਕਿਸਾਨਾਂ ਦੀ ਮਦਦ ਕਰਨ ਤੋਂ ਭੱਜ ਰਹੀ ਹੈ। ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਸ. ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਸਰਕਾਰ ਟ੍ਰਿਬਿਊਨਲ ਦੇ ਫੈਸਲੇ ਦੀ ਸਿੱਧੀ ਉਲੰਘਣਾ ਕਰ ਰਹੀ ਹੈ। ਸਰਕਾਰ ਕਿਸਾਨਾਂ ਨੂੰ ਪਰਾਲੀ ਫੂਕਣ 'ਤੇ ਜੁਰਮਾਨਾ ਲਗਾਉਣ ਨੂੰ ਤਾਂ ਤਿਆਰ ਹੈ, ਪਰ ਉਸ ਦੀ ਮਦਦ ਕਰਨ ਲਈ ਤਿਆਰ ਨਹੀਂ।



**ਸਰਕਾਰ ਦਾ ਅਪੀਲਾਂ 'ਤੇ ਜ਼ੋਰ:**
ਗਰੀਨ ਟ੍ਰਿਬਿਊਨਲ ਦੇ ਫ਼ੈਸਲੇ ਨੂੰ ਲਾਗੂ ਕਰਨ ਲਈ ਪੰਜਾਬ ਸਰਕਾਰ ਨੇ ਕੋਈ ਕਦਮ ਨਹੀਂ ਉਠਾਇਆ। ਕਿਸੇ ਵੀ ਜ਼ਿਲ੍ਹੇ ਵਿਚ ਪਰਾਲੀ ਇਕੱਤਰ ਕਰਨ ਤੇ ਢੋਆ-ਢੁਆਈ ਦਾ ਕੋਈ ਪ੍ਰਬੰਧ ਨਹੀਂ, ਨਾ ਹੀ ਇਸ ਨੂੰ ਬਿਲੇ ਲਗਾਉਣ ਲਈ ਕੋਈ ਵਿਵਸਥਾ ਲਾਗੂ ਕੀਤੀ ਹੈ। ਪੰਜਾਬ ਅੰਦਰ ਪਰਾਲੀ ਨਾਲ ਚੱਲਣ ਵਾਲੇ 11 ਬਾਇਓਮਾਸ ਪਲਾਂਟ ਲਗਾਏ ਗਏ ਹਨ, ਪਰ ਇਨ੍ਹਾਂ ਵਿਚੋਂ ਅੱਧੇ ਹੀ ਚਾਲੂ ਹਾਲਤ ਵਿਚ ਹਨ। ਜਲੰਧਰ ਜ਼ਿਲ੍ਹੇ ਵਿਚ ਚੱਲ ਰਹੇ ਬੀਰ ਪਿੰਡ ਤੇ ਮਹਿਤਪੁਰ ਦੇ ਦੋ ਪਲਾਂਟਾਂ ਵਿਚੋਂ ਸਿਰਫ ਬੀਰ ਪਿੰਡ ਵਾਲਾ ਹੀ ਚੱਲ ਰਿਹਾ ਹੈ। ਕੁਝ ਸਰਕਾਰੀ ਅਧਿਕਾਰੀਆਂ ਨੇ ਨਾਂਅ ਨਾ ਲਿਖਣ ਦੀ ਸ਼ਰਤ ਨਾਲ ਆਖਿਆ ਕਿ ਅਸਲ ਗੱਲ ਇਹ ਹੈ ਕਿ ਟ੍ਰਿਬਿਊਨਲ ਦੇ ਦਿਸ਼ਾ-ਨਿਰਦੇਸ਼ ਲਾਗੂ ਕਰਨੇ ਤਾਂ ਸਰਕਾਰ ਦੇ ਏਜੰਡੇ ਵਿਚ ਹੀ ਨਹੀਂ ਹਨ। ਫਿਰ ਪ੍ਰਸ਼ਾਸਨ ਨੇ ਇਸ ਉੱਪਰ ਅਮਲ ਕਿਥੋਂ ਕਰਨਾ ਹੈ। ਇਸ ਵੇਲੇ ਸਰਕਾਰ ਦਾ ਸਾਰਾ ਜ਼ੋਰ ਡੰਡੇ ਨਾਲ ਪਰਾਲੀ ਫੂਕਣ ਤੋਂ ਹਟਾਉਣ ਉੱਪਰ ਲੱਗਾ ਹੋਇਆ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਸਰਕਾਰ ਵਲੋਂ ਸੁਝਾਏ ਜਾ ਰਹੇ ਹੈਪੀਸੀਡਰ, ਰੋਟਾਵੇਟਰ ਤੇ ਇਨ੍ਹਾਂ ਨੂੰ ਚਲਾਉਣ ਲਈ ਟਰੈਕਟਰ ਉੱਪਰ ਘੱਟੋ-ਘੱਟ 10 ਲੱਖ ਰੁਪਏ ਖ਼ਰਚ ਆਉਣਗੇ। ਆਮ ਕਿਸਾਨ ਏਨਾ ਖ਼ਰਚਾ ਕਿਥੋਂ ਚੁੱਕ ਸਕਦਾ ਹੈ।

# ਅਕਾਲ ਤਖ਼ਤ ਦੇ ਜਥੇਦਾਰ ਨੂੰ ਤਲਬ ਕਰਨ ਦਾ ਕਿਸੇ ਨੂੰ ਅਧਿਕਾਰ ਨਹੀਂ : ਸ਼੍ਰੋਮਣੀ ਕਮੇਟੀ

### *ਕੈਪਟਨ ਸਰਕਾਰ ਦੇ ਕਮਿਸ਼ਨ ਨੇ ਰਿਕਾਰਡ ਲੈ ਕੇ ਹਾਜ਼ਰ ਹੋਣ ਦੇ ਭੇਜੇ ਸਨ ਸੰਮਨ*



ਪਟਿਆਲਾ ਵਿੱਚ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ।

**ਪਟਿਆਲਾ/ਬਿਊਰੋ ਨਿਊਜ਼ :**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਥੇ ਹੋਈ ਮੀਟਿੰਗ ਦੌਰਾਨ ਸਪਸ਼ਟ ਕਰ ਦਿੱਤਾ ਗਿਆ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਕਿਸੇ ਅਦਾਲਤ ਜਾਂ ਕਮਿਸ਼ਨ ਨੂੰ ਤਲਬ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੀ ਅਗਵਾਈ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਮੀਟਿੰਗ ਦੌਰਾਨ ਕਾਂਗਰਸ ਸਰਕਾਰ ਵੱਲੋਂ ਬਣਾਏ ਕਮਿਸ਼ਨ ਜਸਟਿਸ ਰਣਜੀਤ ਸਿੰਘ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਰਿਕਾਰਡ ਲੈ ਕੇ ਹਾਜ਼ਰ ਹੋਣ ਲਈ ਭੇਜੇ ਸੰਮਨਾਂ ਦੀ ਪੁਰਜ਼ੋਰ ਨਿੰਦਾ ਦਾ ਮਤਾ ਪਾਸ ਕਰਦਿਆਂ ਕਮਿਸ਼ਨ ਨੂੰ ਮੁੱਢੋਂ ਹੀ ਰੱਦ ਕਰ ਦਿੱਤਾ ਗਿਆ। ਗੁਰਦੁਆਰਾ ਦੁਖ ਨਿਵਾਰਨ ਸਾਹਿਬ ਵਿਖੇ ਅੱਜ ਹੋਈ ਮੀਟਿੰਗ ਦੌਰਾਨ ਕਮਿਸ਼ਨ ਵੱਲੋਂ ਭੇਜੇ ਗਏ ਸੰਮਨਾਂ 'ਤੇ ਵਿਚਾਰਾਂ ਕੀਤੀਆਂ ਗਈਆਂ ਅਤੇ ਉਸ ਦੀ ਕਾਰਵਾਈ ਨੂੰ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਅਤੇ ਸ਼੍ਰੋਮਣੀ ਕਮੇਟੀ ਦੀ ਮਾਣ-ਮਰਿਆਦਾ ਖ਼ਿਲਾਫ਼ ਸਿੱਧੀ ਚੁਣੌਤੀ ਵੀ ਕਰਾਰ ਦਿੱਤਾ। ਮੀਟਿੰਗ ਵਿਚ ਕਮਿਸ਼ਨ ਵੱਲੋਂ 9 ਅਕਤੂਬਰ ਨੂੰ ਰਿਕਾਰਡ ਤਲਬ ਕਰਨ ਦੀ ਨਿਰਧਾਰਤ ਤਾਰੀਕ ਨੂੰ ਵੀ ਰੱਦ ਕਰ ਦਿੱਤਾ ਗਿਆ ਅਤੇ ਕਿਹਾ ਗਿਆ ਕਿ ਕੋਈ ਵੀ ਉਸ ਮੁਹਰੇ ਪੇਸ਼ ਨਹੀਂ ਹੋਵੇਗਾ। ਮੀਟਿੰਗ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਜਸਟਿਸ (ਸੇਵਾਮੁਕਤ) ਰਣਜੀਤ ਸਿੰਘ ਕਮਿਸ਼ਨ ਨੇ ਕਾਂਗਰਸ ਸਰਕਾਰ ਦੀ ਸ਼ਹਿ 'ਤੇ ਕਠਪੁਤਲੀ ਵਜੋਂ ਕਾਰਵਾਈ ਕੀਤੀ ਹੈ ਜੋ ਸਿੱਖ ਸੰਸਥਾਵਾਂ ਦੀ ਮਾਣ-ਮਰਿਆਦਾ ਵਿਰੁੱਧ ਹੈ ਅਤੇ ਉਨ੍ਹਾਂ ਸਿੱਖ ਸੋਮੇ ਨੂੰ ਢਾਹ ਲਾਉਣ ਦਾ ਯਤਨ ਕੀਤਾ ਹੈ। ਕਮਿਸ਼ਨ ਦੀ ਮਾਨਤਾ ਨੂੰ ਮੂਲੋਂ ਰੱਦ ਕਰਦਿਆਂ ਉਨ੍ਹਾਂ ਕਿਹਾ ਕਿ ਸਿੱਖ ਸੰਸਥਾਵਾਂ ਨੂੰ ਨੋਟਿਸ ਜਾਰੀ ਕਰਨੇ ਬਰਦਾਸ਼ਤ ਨਹੀਂ ਕੀਤੇ ਜਾਣਗੇ। ਪ੍ਰਧਾਨ ਨੇ ਆਖਿਆ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵਿਅਕਤੀਗਤ ਕਮਿਸ਼ਨ ਦੇ ਸਾਹਮਣੇ ਪੇਸ਼ ਹੋਣ ਦੇ ਹੁਕਮ ਸਿੱਖ ਕੌਮ, ਸਿੱਖ ਸਿਧਾਂਤਾਂ, ਸਿੱਖ ਸੰਸਥਾਵਾਂ ਅਤੇ ਸਿੱਖ ਮਰਿਆਦਾ ਨੂੰ ਸਿੱਧੀ ਚੁਣੌਤੀ ਹਨ। ਕਾਂਗਰਸ 'ਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਸਿੱਖ ਕੌਮ ਵਿਰੁੱਧ ਇਹ ਪਾਰਟੀ ਸਮੇਂ-ਸਮੇਂ 'ਤੇ ਅਜਿਹੀਆਂ ਘਿਨਾਉਣੀਆਂ ਹਰਕਤਾਂ ਕਰਦੀ ਰਹੀ ਹੈ। ਉਨ੍ਹਾਂ 1984 ਦੇ ਅਪਰੇਸ਼ਨ ਬਲਿਊ ਸਟਾਰ ਅਤੇ ਸਿੱਖ ਕਤਲੇਆਮ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਿੱਖਾਂ ਦੇ ਅੱਲ੍ਹੇ ਜ਼ਖ਼ਮਾਂ ਦੀ ਪੀੜ ਅਜੇ ਵੀ ਨਹੀਂ ਘਟੀ ਹੈ ਤਾਂ ਕਾਂਗਰਸ ਨੇ ਸੰਮਨ ਭੇਜ ਕੇ ਹੁਣ ਫਿਰ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਦੀ ਮਾਣ-ਮਰਿਆਦਾ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਹੈ। ਮੀਟਿੰਗ ਦੌਰਾਨ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਾਇਮਪੁਰ, ਜੂਨੀਅਰ ਮੀਤ ਪ੍ਰਧਾਨ ਬਾਬਾ ਬੂਟਾ ਸਿੰਘ, ਜਨਰਲ ਸਕੱਤਰ ਭਾਈ ਅਮਰਜੀਤ ਸਿੰਘ ਚਾਵਲਾ, ਅੰਤ੍ਰਿੰਗ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਸੁਰਜੀਤ ਸਿੰਘ ਭਿੱਟੇਵਡ, ਭਾਈ ਰਾਮ ਸਿੰਘ, ਨਿਰਮਲ ਸਿੰਘ ਹਰਿਆਓ, ਜੈਪਾਲ ਸਿੰਘ ਮੰਡੀਆਂ, ਕੁਲਵੰਤ ਸਿੰਘ ਮੰਨਣ ਹਾਜ਼ਰ ਸਨ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸਿਹਤਯਾਬ ਹੋਣ ਤੋਂ ਬਾਅਦ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਸ਼ੁਕਰਾਨੇ ਦੀ ਅਰਦਾਸ ਕੀਤੀ।

## ਅਕਾਲ ਤਖ਼ਤ ਵਿਖੇ ਵਿਚਾਰਿਆ ਜਾ ਸਕਦਾ ਹੈ ਮਾਮਲਾ

**ਤਲਵੰਡੀ ਸਾਬੋ :** ਤਖ਼ਤ ਦਮਦਮਾ ਸਾਹਿਬ ਦੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਵੱਲੋਂ ਅਕਾਲ ਤਖ਼ਤ ਦਾ ਰਿਕਾਰਡ ਤਲਬ ਕਰਨ ਨੂੰ ਸਿੱਖ ਪ੍ਰੰਪਰਾਵਾਂ ਦੇ ਉਲਟ ਕਰਾਰ ਦਿੱਤਾ ਹੈ ਤੇ ਇਹ ਮਾਮਲਾ ਅਕਾਲ ਤਖ਼ਤ ਸਾਹਿਬ ਵਿਖੇ ਹੋਣ ਵਾਲੀ ਮੀਟਿੰਗ ਦੌਰਾਨ ਵਿਚਾਰੇ ਜਾਣ ਦੇ ਸੰਕੇਤ ਵੀ ਦਿੱਤੇ ਹਨ।

## ਜਥੇਦਾਰਾਂ ਤੇ ਸਿੱਖ ਵਿਦਵਾਨਾਂ ਨੇ ਕੀਤਾ ਸ਼੍ਰੋਮਣੀ ਕਮੇਟੀ ਦਾ ਸਮਰਥਨ

**ਅੰਮ੍ਰਿਤਸਰ :** ਜਸਟਿਸ ਰਣਜੀਤ ਸਿੰਘ ਕਮਿਸ਼ਨ ਵੱਲੋਂ ਅਕਾਲ ਤਖ਼ਤ ਦਾ ਰਿਕਾਰਡ ਤਲਬ ਕਰਨ ਦੇ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਕਮਿਸ਼ਨ ਨੂੰ ਮੁੱਢੋਂ ਰੱਦ ਕਰਨ ਦੇ ਫ਼ੈਸਲੇ ਦਾ ਤਿੰਨ ਤਖ਼ਤਾਂ ਦੇ ਜਥੇਦਾਰਾਂ ਤੇ ਹੋਰਾਂ ਨੇ ਸਮਰਥਨ ਕਰਦਿਆਂ ਕਮਿਸ਼ਨ ਦੀ ਕਾਰਵਾਈ ਨੂੰ ਸਿੱਖ ਧਾਰਮਿਕ ਮਾਮਲਿਆਂ ਵਿੱਚ ਸਿੱਧੀ ਦਖ਼ਲਅੰਦਾਜ਼ੀ ਕਰਾਰ ਦਿੱਤਾ ਹੈ।

ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਉਹ ਸ਼੍ਰੋਮਣੀ ਕਮੇਟੀ ਦੇ ਫ਼ੈਸਲੇ ਦਾ ਸਮਰਥਨ ਕਰਦੇ ਹਨ। ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਵੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਕਾਰਵਾਈ ਦੀ ਨਿੰਦਾ ਕੀਤੀ ਹੈ। ਉਨ੍ਹਾਂ ਆਖਿਆ ਕਿ ਅਕਾਲ ਤਖ਼ਤ ਸਮੇਤ ਪੰਜ ਤਖ਼ਤ ਸਿੱਖਾਂ ਦੇ ਸਰਵਉਚ ਅਸਥਾਨ ਹਨ, ਇਨ੍ਹਾਂ ਨੂੰ ਕਾਨੂੰਨੀ ਪ੍ਰਕਿਰਿਆ ਵਿੱਚ ਘੇਰਨ ਦਾ ਯਤਨ ਨਿੰਦਣਯੋਗ ਹੈ। ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਨੇ ਵੀ ਨੋਟਿਸ ਭੇਜਣ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਸਿੱਖ ਵਿਦਵਾਨ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਮਨਜੀਤ ਸਿੰਘ ਕਲਕੱਤਾ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਵਿੱਚ ਸਹਿਯੋਗ ਦੇਣਾ ਚਾਹੀਦਾ ਹੈ। ਦਮਦਮੀ ਟਕਸਾਲ ਨੇ ਸ਼੍ਰੋਮਣੀ ਕਮੇਟੀ ਵੱਲੋਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੂੰ ਰੱਦ ਕਰਨ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ।

ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਗਿਆਨੀ ਰਘੁਬੀਰ ਸਿੰਘ ਨੇ ਕਿਹਾ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਅਕਾਲ ਤਖ਼ਤ ਸਾਹਿਬ ਦੇ ਸਕੱਤਰ ਨੂੰ ਰਿਕਾਰਡ ਸਣੇ ਹਾਜ਼ਰ ਹੋਣ ਲਈ ਸੰਮਨ ਕਰਨਾ ਕੌਮ ਨੂੰ ਨੀਚਾ ਵਿਖਾਉਣ ਦੀ ਕੋਸ਼ਿਸ਼ ਹੀ ਨਹੀਂ ਹੈ, ਬਲਕਿ ਸਿੱਖ ਪੰਥ ਦੀ ਮਰਿਆਦਾ ਦੇ ਉਲਟ ਵਰਤਾਰਾ ਵੀ ਹੈ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਦੀ ਹਸਤੀ ਨੂੰ ਠੇਸ ਪਹੁੰਚਾਉਣ ਦੀ ਇਜਾਜ਼ਤ ਨਾ ਕਦੇ ਕਿਸੇ ਨੂੰ ਦਿੱਤੀ ਹੈ ਤੇ ਨਾ ਹੀ ਭਵਿੱਖ ਵਿੱਚ ਦਿੱਤੀ ਜਾਵੇਗੀ।

## ਗਿਆਨੀ ਗੁਰਬਚਨ ਸਿੰਘ ਨੇ ਪ੍ਰਗਟਾਇਆ ਇਤਰਾਜ਼

**ਪਟਿਆਲਾ :** ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਪਸ਼ਟ ਤੌਰ 'ਤੇ ਕਿਹਾ ਹੈ ਕਿ ਅਕਾਲ ਤਖ਼ਤ ਸਾਹਿਬ ਨੂੰ ਸੰਮਨ ਜਾਰੀ ਕਰਨ ਦਾ ਦੁਨੀਆ ਦੀ ਕਿਸੇ ਵੀ ਅਦਾਲਤ ਨੂੰ ਕੋਈ ਅਧਿਕਾਰ ਨਹੀਂ ਹੈ। ਪਿੰਡ ਆਲਮਪੁਰ ਪਹੁੰਚੇ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਦਾ ਰਿਕਾਰਡ ਸਿਰਫ਼ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਹੀ ਵੇਖ ਸਕਦੀ ਹੈ। ਇਸ ਤੋਂ ਸਿਵਾਏ ਪੰਥਕ ਸ਼ਫ਼ਾਂ ਦੇ ਇਸ ਰਿਕਾਰਡ ਨੂੰ ਕੋਈ ਨਹੀਂ ਵੇਖ ਸਕਦਾ। ਸਿਰਸਾ ਡੇਰੇ ਬਾਰੇ ਸਵਾਲ ਦੇ ਜਵਾਬ ਵਿੱਚ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਉਹ ਸਾਧਾਰਨ ਡੇਰਾ ਹੈ ਅਤੇ ਉਸ ਦਾ ਕੋਈ ਧਰਮ ਜਾਂ ਦੀਨ-ਇਮਾਨ ਨਹੀਂ ਹੈ।

## ਕੈਪਟਨ ਨੇ ਜਾਂਚ ਵਿੱਚ ਅੜਿੱਕੇ ਨਾ ਡਾਹੁਣ ਦੀ ਦਿੱਤੀ ਸਲਾਹ

**ਚੰਡੀਗੜ੍ਹ :** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ 'ਤੇ ਸੂਬੇ ਵਿੱਚ ਧਾਰਮਿਕ ਬੇਅਦਬੀ ਦੇ ਕੇਸਾਂ ਦੀ ਜਾਂਚ ਕਰ ਰਹੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਅੱਗੇ ਪੇਸ਼ ਹੋਣ ਤੋਂ ਨਾਂਹ ਕਰਨ ਕਰਕੇ ਨਿਆਂ ਪ੍ਰਕਿਰਿਆ ਵਿੱਚ ਅੜਿੱਕਾ ਪਾਉਣ ਦਾ ਦੋਸ਼ ਲਾਇਆ ਹੈ।
ਇੱਥੇ ਜਾਰੀ ਬਿਆਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਕਮਿਸ਼ਨ ਅੱਗੇ ਪੇਸ਼ ਹੋਣ ਦੀ ਥਾਂ ਬਡੂੰਗਰ ਜਾਂਚ ਵਿੱਚ ਸਹਿਯੋਗ ਦੇਣ ਤੋਂ ਨਾਂਹ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਫ਼ਰੀਦਕੋਟ ਦੀ ਬਰਗਾੜੀ ਘਟਨਾ ਸਮੇਤ ਬੇਅਦਬੀ ਦੀਆਂ ਵੱਖ-ਵੱਖ ਘਟਨਾਵਾਂ ਦੀ ਜਾਂਚ ਲਈ ਨਿਰਪੱਖ ਕਮਿਸ਼ਨ ਸਥਾਪਤ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ, ਜਿਸ ਦਾ ਉਦੇਸ਼ ਸੂਬੇ ਦੀਆਂ ਫ਼ਿਰਕੂ ਤੰਦਾਂ ਨੂੰ ਢਾਹ ਲਾਉਣ ਦੇ ਜ਼ਿੰਮੇਵਾਰ ਲੋਕਾਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਖੜ੍ਹਾ ਕਰਨਾ ਸੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਨਕਾਰਾਤਮਕ ਪਹੁੰਚ ਦੀ ਥਾਂ ਕਮਿਸ਼ਨ ਦੀ ਜਾਂਚ ਦਾ ਸਵਾਗਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਹ ਕਮਿਸ਼ਨ ਦੀ ਕਾਰਵਾਈ ਵਿੱਚ ਸਰਕਾਰ ਦੀ ਦਖ਼ਲਅੰਦਾਜ਼ੀ ਦੇ ਹੱਕ ਵਿੱਚ ਨਹੀਂ ਹਨ, ਪਰ ਉਹ ਹਰ ਕੀਮਤ 'ਤੇ ਸੂਬੇ ਵਿੱਚ ਸ਼ਾਂਤੀ ਬਣਾਈ ਰੱਖਣ ਲਈ ਵਚਨਬੱਧ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਅਦਬੀ ਦੀਆਂ ਘਟਨਾਵਾਂ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਦਾ ਗਠਨ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਅਪ੍ਰੈਲ ਵਿੱਚ ਕੀਤਾ ਗਿਆ ਸੀ ਜਿਸ ਦਾ ਉਦੇਸ਼ ਪੰਜਾਬ ਵਿੱਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਕਰਨਾ ਹੈ।

## ਬਾਬਾ ਧੁੰਮਾ ਨੇ ਕਮਿਸ਼ਨ ਰੱਦ ਕਰਨ ਦੇ ਫ਼ੈਸਲੇ ਨੂੰ ਜਾਇਜ਼ ਦੱਸਿਆ

**ਅੰਮ੍ਰਿਤਸਰ :** ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਬਾਬਾ ਹਰਨਾਮ ਸਿੰਘ ਧੁੰਮਾ ਨੇ ਇੱਥੇ ਕਿਹਾ ਕਿ ਬੇਅਦਬੀ ਦੇ ਮਾਮਲਿਆਂ ਦੀ ਜਾਂਚ ਲਈ ਬਣਾਏ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਮੂਲੋਂ ਰੱਦ ਕਰਨਾ ਬਿਲਕੁਲ ਸਹੀ ਹੈ। ਉਨ੍ਹਾਂ ਕਿਹਾ ਕਿ ਕਮਿਸ਼ਨ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਪੇਸ਼ ਹੋਣ ਲਈ ਸੰਮਨ ਭੇਜਣਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਪਾਸੋਂ ਰਿਕਾਰਡ ਮੰਗਣਾ ਸਿੱਖ ਕੌਮ ਦੇ ਮਾਣ-ਸਨਮਾਨ ਨੂੰ ਢਾਹ ਲਾਉਣ ਵਾਲੀ ਕਾਰਵਾਈ ਹੈ, ਜਿਸ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਬਾਬਾ ਧੁੰਮਾ ਨੇ ਕਿਹਾ ਕਿ ਅਕਾਲ ਤਖ਼ਤ ਸਿੱਖ ਕੌਮ ਦੀ ਸੁਪਰੀਮ ਸੰਸਥਾ ਹੈ, ਜਿਹੜੀ ਕਿਸੇ ਵੀ ਸਰਕਾਰੀ ਕਮਿਸ਼ਨ ਦੇ ਦਾਇਰੇ ਵਿੱਚ ਨਹੀਂ ਆਉਂਦੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਕਈ ਕੁਰਬਾਨੀਆਂ ਤੋਂ ਬਾਅਦ ਹੋਂਦ ਵਿੱਚ ਆਈ ਹੈ। ਇਸ ਦੇ ਇਤਿਹਾਸ, ਪਰੰਪਰਾ ਅਤੇ ਰੁਤਬੇ ਪ੍ਰਤੀ ਸਿੱਖ ਕੌਮ ਵਿੱਚ ਵੱਡਾ ਸਤਿਕਾਰ ਹੈ। ਉਨ੍ਹਾਂ ਕਿਹਾ ਕਿ ਸਿੱਖ ਪੰਥ ਦੀਆਂ ਅਹਿਮ ਧਾਰਮਿਕ ਸੰਸਥਾਵਾਂ ਨੂੰ ਕਮਿਸ਼ਨਾਂ ਦੇ ਚੱਕਰ ਵਿੱਚ ਉਲਝਾ ਕੇ ਇਨ੍ਹਾਂ ਸੰਸਥਾਵਾਂ ਦਾ ਅਹਿਮ ਰੁਤਬਾ ਘਟਾਉਣ ਦੀ ਦਮਦਮੀ ਟਕਸਾਲ ਅਤੇ ਸੰਤ ਸਮਾਜ ਸਖ਼ਤ ਨਿਖੇਧੀ ਕਰਦਾ ਹੈ।

# ਪੰਜਾਬ ਪੁਲੀਸ ਤੇ ਖ਼ੁਫੀਆ ਵਿੰਗ ਵਲੋਂ ਬੱਬਰ ਖਾਲਸਾ ਦੇ 7 ਕਾਰਕੁਨ ਗ੍ਰਿਫ਼ਤਾਰ ਕਰਨ ਦਾ ਦਾਅਵਾ

### *ਹਿੰਦੂ ਆਗੂਆਂ ਦੇ ਕਤਲ ਬਾਰੇ ਪੁਲੀਸ ਕਰੇਗੀ ਪੁੱਛ-ਪੜਤਾਲ*



**ਲੁਧਿਆਣਾ/ਬਿਊਰੋ ਨਿਊਜ਼ :** ਪੰਜਾਬ ਪੁਲੀਸ ਤੇ ਕਾਊਂਟਰ ਇੰਟੈਲੀਜੈਂਸ ਵਿੰਗ ਨੇ ਸਾਂਝੀ ਕਾਰਵਾਈ ਵਿੱਚ ਬੱਬਰ ਖਾਲਸਾ ਦੇ ਸੱਤ ਕਾਰਕੁਨ ਗ੍ਰਿਫ਼ਤਾਰ ਕੀਤੇ ਹਨ। ਇਹ ਜਾਣਕਾਰੀ ਦਿੰਦਿਆਂ ਲੁਧਿਆਣਾ ਪੁਲੀਸ ਕਮਿਸ਼ਨਰ ਆਰਐਨ ਢੋਕੇ ਨੇ ਦਾਅਵਾ ਕੀਤਾ ਕਿ ਸੁਰਿੰਦਰ ਸਿੰਘ ਬੱਬਰ, ਜੋ ਇਸ ਸਮੇਂ ਇੰਗਲੈਂਡ ਵਿੱਚ ਰਹਿੰਦਾ ਹੈ, ਵੱਲੋਂ ਕਥਿਤ ਤੌਰ 'ਤੇ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਲਈ ਕੁਲਦੀਪ ਸਿੰਘ ਉਰਫ਼ ਰਿੰਪੀ ਵਾਸੀ ਤਿਕੋਣੀ ਪਾਰਕ ਸੁਭਾਸ਼ ਨਗਰ, ਜਸਵੀਰ ਸਿੰਘ ਉਰਫ਼ ਜੱਸਾ ਵਾਸੀ ਤਰਨ ਤਾਰਨ, ਅਮਨਪ੍ਰੀਤ ਸਿੰਘ ਉਰਫ਼ ਅਮਨਾ ਵਾਸੀ ਸ਼ਕਤੀ ਨਗਰ ਥਾਣਾ ਭੋਗਪੁਰ (ਜਲੰਧਰ), ਮਨਪ੍ਰੀਤ ਸਿੰਘ ਵਾਸੀ ਪਿੰਡ ਸੇਖਾ ਕਲਾਂ (ਮੋਗਾ), ਉਂਕਾਰ ਸਿੰਘ ਵਾਸੀ ਸੁਲਤਾਨਵਿੰਡ ਰੋਡ ਅੰਮ੍ਰਿਤਸਰ, ਜੁਗਰਾਜ ਸਿੰਘ ਵਾਸੀ ਪਿੰਡ ਝਾੜੂ ਨੰਗਲ ਥਾਣਾ ਖਿਲਚੀਆਂ ਅਤੇ ਅੰਮ੍ਰਿਤਪਾਲ ਸਿੰਘ ਵਾਸੀ ਸੁਹੀਆ ਕਲਾਂ (ਅੰਮ੍ਰਿਤਸਰ) ਨੂੰ ਕਥਿਤ ਤੌਰ 'ਤੇ ਆਰਥਿਕ ਮਦਦ ਅਤੇ ਅਸਲਾ ਮੁਹੱਈਆ ਕਰਵਾਇਆ ਜਾ ਰਿਹਾ ਸੀ। ਪੁਲੀਸ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਦਾ ਮਕਸਦ ਪੰਥ ਵਿਰੋਧੀ ਜਥੇਬੰਦੀਆਂ ਅਤੇ ਖ਼ਾਲਿਸਤਾਨ ਖ਼ਿਲਾਫ਼ ਬੋਲਣ ਵਾਲੇ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਣਾ ਸੀ। ਬੱਬਰ ਖਾਲਸਾ ਦੇ ਇਨ੍ਹਾਂ ਸੱਤ ਮੈਂਬਰਾਂ ਕੋਲੋਂ ਭਾਰਤ ਦਾ ਬਣਿਆ .32 ਬੋਰ ਪਿਸਤੌਲ ਤੇ 20 ਕਾਰਤੂਸ, .315 ਬੋਰ ਦੇ 2 ਪਿਸਤੌਲ ਤੇ 13 ਕਾਰਤੂਸ ਬਰਾਮਦ ਹੋਏ ਹਨ। ਇਨ੍ਹਾਂ ਖ਼ਿਲਾਫ਼ ਥਾਣਾ ਡਿਵੀਜ਼ਨ ਨੰਬਰ 7 ਵਿਚ ਵੱਖ ਵੱਖ ਧਾਰਾਵਾਂ ਅਧੀਨ ਕੇਸ ਦਰਜ ਕੀਤਾ ਗਿਆ ਹੈ। ਇਨ੍ਹਾਂ ਕੋਲੋਂ ਪੁੱਛ ਪੜਤਾਲ ਕੀਤੀ ਜਾ ਰਹੀ ਹੈ। ਪੰਜਾਬ ਪੁਲੀਸ ਤੇ ਕਾਊਂਟਰ ਇੰਟੈਲੀਜੈਂਸ ਦੀ ਟੀਮ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਇਨ੍ਹਾਂ ਕੋਲੋਂ ਪੁੱਛ-ਪੜਤਾਲ ਦੌਰਾਨ ਕਈ ਅਹਿਮ ਖੁਲਾਸੇ ਹੋਏ ਹਨ। ਉਹ ਪੰਜਾਬ ਵਿੱਚ ਵੱਡੀਆਂ ਵਾਰਦਾਤਾਂ ਨੂੰ ਅੰਜਾਮ ਦੇ ਕੇ ਦਹਿਸ਼ਤ ਦਾ ਮਾਹੌਲ ਬਣਾਉਣਾ ਚਾਹੁੰਦੇ ਸਨ ਤਾਂ ਕਿ ਕਿਸੇ ਤਰ੍ਹਾਂ ਖਾਲਿਸਤਾਨ ਲਹਿਰ ਸੁਰਜੀਤ ਕੀਤੀ ਜਾ ਸਕੇ। ਇਨ੍ਹਾਂ ਖਾੜਕੂਆਂ ਤੋਂ ਪੰਜਾਬ ਵਿੱਚ ਪਿਛਲੇ ਦਿਨੀਂ ਮਾਰੇ ਗਏ ਆਰਐਸਐਸ ਨੇਤਾ ਜਗਦੀਸ਼ ਗਗਨੇਜਾ, ਹਿੰਦੂ ਆਗੂ ਦੁਰਗਾ ਗੁਪਤਾ, ਅਮਿਤ ਸ਼ਰਮਾ ਤੇ ਡੇਰਾ ਪ੍ਰੇਮੀਆਂ ਦੇ ਕਤਲ ਦੇ ਮਾਮਲੇ ਵਿੱਚ ਵੀ ਪੁੱਛ-ਪੜਤਾਲ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਖਾੜਕੂਆਂ ਦੇ ਨਿਸ਼ਾਨੇ 'ਤੇ ਪੰਜਾਬ ਦੇ ਕਈ ਅਜਿਹੇ ਹਿੰਦੂ ਨੇਤਾ ਅਤੇ ਹਿੰਦੂ ਜਥੇਬੰਦੀਆਂ ਸਨ, ਜੋ ਖਾਲਿਸਤਾਨ ਖ਼ਿਲਾਫ਼ ਖੁੱਲ੍ਹ ਕੇ ਬਿਆਨਬਾਜ਼ੀ ਕਰ ਰਹੀਆਂ ਸਨ। ਸ਼ਿਵ ਸੈਨਾ ਪੰਜਾਬ ਦੇ ਕੌਮੀ ਚੇਅਰਮੈਨ ਰਾਜੀਵ ਟੰਡਨ ਸਮੇਤ ਪੰਜਾਬ ਦੇ ਕਈ ਅਹਿਮ ਹਿੰਦੂ ਨੇਤਾ ਇਨ੍ਹਾਂ ਖਾੜਕੂਆਂ ਦੇ ਨਿਸ਼ਾਨੇ 'ਤੇ ਸਨ। ਇਨ੍ਹਾਂ ਖਾੜਕੂਆਂ ਤੋਂ ਕਈ ਏਜੰਸੀਆਂ ਪੁੱਛ-ਪੜਤਾਲ ਕਰ ਰਹੀਆਂ ਹਨ ਤਾਂ ਕਿ ਉਨ੍ਹਾਂ ਦੇ ਵਿਦੇਸ਼ ਵਿੱਚ ਬੈਠੇ ਸੰਪਰਕਾਂ ਬਾਰੇ ਪਤਾ ਲੱਗ ਸਕੇ। ਉਨ੍ਹਾਂ ਤੋਂ ਫੰਡਿੰਗ ਦੇ ਸਰੋਤ ਬਾਰੇ ਵੀ ਪਤਾ ਲਾਇਆ ਜਾ ਰਿਹਾ ਹੈ।

ਪੁਲੀਸ ਦੇ ਦਾਅਵੇ ਅਨੁਸਾਰ ਬੱਬਰ ਖਾਲਸਾ ਦੇ ਵਿਦੇਸ਼ ਵਿੱਚ ਰਹਿੰਦੇ ਖਾੜਕੂ ਸੁਰਿੰਦਰ ਸਿੰਘ ਬੱਬਰ ਨੇ ਪੰਜਾਬ ਦਾ ਮਾਹੌਲ ਖਰਾਬ ਕਰਨ ਲਈ 'ਟੀਮ ਖਾਲਿਸਤਾਨ' ਦੇ ਨਾਮ ਦਾ ਇਹ ਗੁੱਟ ਬਣਾਇਆ ਸੀ, ਜੋ ਲਗਾਤਾਰ ਉਸ ਦੇ ਹੁਕਮਾਂ 'ਤੇ ਕੰਮ ਕਰ ਰਿਹਾ ਸੀ। ਇਸ ਗੁੱਟ ਦੀਆਂ ਜ਼ਿਆਦਾਤਰ ਮੀਟਿੰਗਾਂ ਸਮਰਾਲਾ ਚੌਂਕ ਕੋਲ ਸਥਿਤ ਖਾਲਸਾ ਢਾਬੇ ਵਿੱਚ ਹੁੰਦੀਆਂ ਸਨ। ਖਾਲਸਾ ਢਾਬਾ ਵੀ ਹੁਣ ਬੰਦ ਪਿਆ ਹੈ। ਸ਼ੱਕ ਹੈ ਕਿ ਢਾਬਾ ਮਾਲਕ ਨੂੰ ਵੀ ਪੁਲੀਸ ਨੇ ਕਾਬੂ ਕਰ ਕੇ ਪੁੱਛ-ਪੜਤਾਲ ਸ਼ੁਰੂ ਕੀਤੀ ਹੈ। ਪੁਲੀਸ ਕਮਿਸ਼ਨਰ ਆਰ.ਐਨ. ਢੋਕੇ ਨੇ ਕਿਹਾ ਕਿ ਡੇਰਾ ਪ੍ਰੇਮੀਆਂ ਦੇ ਕਤਲ ਬਾਰੇ ਵੀ ਇਨ੍ਹਾਂ ਤੋਂ ਪੁੱਛ-ਪੜਤਾਲ ਕੀਤੀ ਜਾ ਰਹੀ ਹੈ ਪਰ ਹਾਲੇ ਤੱਕ ਕੋਈ ਸਬੂਤ ਨਹੀਂ ਮਿਲਿਆ।

## ਯੂਨਾਈਟਿਡ ਅਕਾਲੀ ਦਲ ਵੱਲੋਂ ਰਣਜੀਤ ਸਿੰਘ ਕਮਿਸ਼ਨ ਬਾਰੇ ਸ਼੍ਰੋਮਣੀ ਕਮੇਟੀ ਦੇ ਫ਼ੈਸਲੇ ਦੀ ਆਲੋਚਨਾ

**ਜਲੰਧਰ/ਬਿਊਰੋ ਨਿਊਜ਼ :** ਯੂਨਾਈਟਿਡ ਅਕਾਲੀ ਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੂੰ ਸਹਿਯੋਗ ਨਾ ਦਿੱਤੇ ਜਾਣ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਹ ਸਭ ਸ਼੍ਰੋਮਣੀ ਕਮੇਟੀ, ਬਾਦਲ ਪਰਿਵਾਰ ਨੂੰ ਬਚਾਉਣ ਲਈ ਕਰ ਰਹੀ ਹੈ। ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਮੋਹਕਮ ਸਿੰਘ ਅਤੇ ਜਨਰਲ ਸਕੱਤਰ ਗੁਰਦੀਪ ਸਿੰਘ ਬਠਿੰਡਾ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਸਿੱਧੇ ਤੌਰ 'ਤੇ ਬਾਦਲ ਸਰਕਾਰ ਜ਼ਿੰਮੇਵਾਰ ਰਹੀ ਹੈ ਤੇ ਹੁਣ ਵੀ ਬਾਦਲ ਪਰਿਵਾਰ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਦੋਹਾਂ ਆਗੂਆਂ ਨੇ ਕਿਹਾ ਕਿ ਪਾਰਟੀ 22 ਅਕਤੂਬਰ ਨੂੰ ਪਿੰਡ ਬਾਦਲ ਵਿੱਚ ਪ੍ਰਕਾਸ਼ ਸਿੰਘ ਬਾਦਲ ਦੀ ਕੋਠੀ ਦਾ ਘਿਰਾਓ ਕਰੇਗੀ। ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ 19 ਸਤੰਬਰ 2015 ਨੂੰ ਡੇਰਾ ਸਿਰਸਾ ਮੁਖੀ ਰਾਮ ਰਹੀਮ ਦੇ ਹੱਕ ਵਿੱਚ ਮਤਾ ਪਾਸ ਕੀਤਾ ਸੀ। ਉਨਾਂ ਕਿਹਾ ਕਿ ਜੇਕਰ ਸ਼੍ਰੋਮਣੀ ਕਮੇਟੀ ਨੇ ਇਸ ਮਤੇ ਨੂੰ ਵਾਪਸ ਨਾ ਲਿਆ ਤਾਂ 22 ਅਕਤੂਬਰ ਨੂੰ ਬਾਦਲ ਵਿੱਚ ਦਿੱਤੇ ਜਾਣ ਵਾਲੇ ਰੋਸ ਧਰਨੇ ਨੂੰ ਰੋਕਿਆ ਨਹੀਂ ਜਾ ਸਕੇਗਾ।



ਭਾਈ ਮੋਹਕਮ ਸਿੰਘ ਨੇ ਕਿਹਾ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਅਕਾਲ ਤਖ਼ਤ ਸਾਹਿਬ ਦੀ ਅਥਾਰਟੀ ਨੂੰ ਕੋਈ ਚੁਣੌਤੀ ਨਹੀਂ ਦਿੱਤੀ, ਸਗੋਂ ਉਨਾਂ ਨੇ ਬੇਅਦਬੀ ਦੀਆਂ ਘਟਨਾਵਾਂ ਸਬੰਧੀ ਅਤੇ ਰਾਮ ਰਹੀਮ ਨੂੰ ਮੁਆਫੀ ਦੇਣ ਬਾਰੇ ਰਿਕਾਰਡ ਮੰਗਿਆ ਹੈ। ਉਨਾਂ ਕਿਹਾ ਕਿ ਇਹ ਰਿਕਾਰਡ ਸ਼੍ਰੋਮਣੀ ਕਮੇਟੀ ਨੂੰ ਮੁਹੱਈਆ ਕਰਾਉਣਾ ਚਾਹੀਦਾ ਹੈ। ਇਸ ਮੌਕੇ ਗੁਰਦੀਪ ਸਿੰਘ ਨੇ ਦੱਸਿਆ ਕਿ 25 ਨਵੰਬਰ ਨੂੰ ਅੰਮ੍ਰਿਤਸਰ ਵਿੱਚ ਪੰਥਕ ਕਾਨਫਰੰਸ ਕੀਤੀ ਜਾਵੇਗੀ। ਇਸ ਮੌਕੇ ਵੱਸਣ ਸਿੰਘ ਜੱਫਰਵਾਲ, ਸਤਨਾਮ ਸਿੰਘ, ਡਾ. ਜੌਹਲ ਸਿੰਘ, ਗਿਆਨੀ ਦਵਿੰਦਰ ਸਿੰਘ, ਦਰਸ਼ਨ ਸਿੰਘ ਬਟਾਲਾ ਤੇ ਰਣਧੀਰ ਸਿੰਘ ਹਾਜ਼ਰ ਸਨ।

**'ਸ਼੍ਰੋਮਣੀ ਕਮੇਟੀ ਨੇ ਸਿੱਖ ਵਿਰੋਧੀ ਤਾਕਤਾਂ ਦਾ ਪੱਖ ਪੂਰਿਆ' :**

ਅਕਾਲੀ ਦਲ 1920 ਦੇ ਪ੍ਰਧਾਨ ਰਵੀਇੰਦਰ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਵਾਰ ਫਿਰ ਸਿੱਖ ਕੌਮ ਨਾਲ ਖੜਨ ਦੀ ਥਾਂ ਸਿੱਖ ਵਿਰੋਧੀ ਤਾਕਤਾਂ ਦਾ ਪੱਖ ਪੂਰਿਆ ਹੈ ਤੇ ਖ਼ਾਸ ਕਰਕੇ ਬਾਦਲ ਪਰਿਵਾਰ ਨੂੰ ਬਚਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੀ ਹੈ। ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੀ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੂੰ ਰਿਕਾਰਡ ਸੌਂਪਦੇ।

## ਨਵਜੋਤ ਸਿੱਧੂ ਨੇ ਭਗਤ ਸਿੰਘ ਦੇ ਜੱਦੀ ਘਰ ਦਾ ਬਿਜਲੀ ਬਿੱਲ ਤਾਰਿਆ

**ਬੰਗਾ/ਬਿਊਰੋ ਨਿਊਜ਼ :** ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਅਤੇ ਪਾਰਕ ਦੇ ਬਿਜਲੀ ਬਿੱਲ ਦੀ ਬਕਾਇਆ ਰਾਸ਼ੀ ਬਾਰੇ ਪਤਾ ਲੱਗਣ 'ਤੇ ਪਿੰਡ ਖਟਕੜ ਕਲਾਂ ਪੁੱਜੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਮੌਕੇ 'ਤੇ ਆਪਣੀ ਜੇਬ ਵਿਚੋਂ ਪਾਵਰਕੌਮ ਦੇ ਨਾਂ ਢਾਈ ਲੱਖ ਦਾ ਚੈੱਕ ਕੱਟ ਕੇ ਡਿਪਟੀ ਕਮਿਸ਼ਨਰ ਸੋਨਾਲੀ ਗਿਰੀ ਨੂੰ ਸੌਂਪ ਦਿੱਤਾ। ਉਹ ਸ਼ਹੀਦ ਭਗਤ ਸਿੰਘ ਦੀ ਯਾਦਗਾਰ ਤੇ ਮਿਊਜ਼ੀਅਮ ਦੇ ਉਸਾਰੀ ਕਾਰਜ ਦਾ ਜਾਇਜ਼ਾ ਲੈਣ ਆਏ ਸਨ। ਇਸ ਕਾਰਜ ਦੇ ਪਿਛਲੇ ਅੱਠ ਸਾਲਾਂ ਤੋਂ ਲਟਕਣ ਦਾ ਗੰਭੀਰ ਨੋਟਿਸ ਲੈਂਦਿਆਂ ਉਨਾਂ ਨੇ ਇਸ ਬਾਰੇ ਵਿਭਾਗ ਦੇ ਡਾਇਰੈਕਟਰ ਸ਼ਿਵਦੁਲਾਰ ਸਿੰਘ ਢਿੱਲੋਂ ਨਾਲ ਗੱਲ ਕਰਕੇ ਭਰੋਸਾ ਦਿੱਤਾ ਕਿ ਇਸ ਪ੍ਰਾਜੈਕਟ ਨੂੰ 23 ਮਾਰਚ, 2018 ਤਕ ਮੁਕੰਮਲ ਕਰ ਕੇ ਲੋਕਾਂ ਨੂੰ ਸਮਰਪਿਤ ਕੀਤਾ ਜਾਵੇਗਾ।

ਉਨਾਂ ਕਿਹਾ ਕਿ ਟੂਰਿਸਟ ਸਰਕਟਾਂ ਤਹਿਤ ਸੂਬੇ ਭਰ ਵਿਚ ਸ਼ਹੀਦਾਂ ਨਾਲ ਸਬੰਧਤ ਥਾਵਾਂ ਨੂੰ ਜੋੜਿਆ ਜਾਵੇਗਾ, ਜਿਸ ਨਾਲ ਸੈਲਾਨੀਆਂ ਨੂੰ ਸਹੂਲਤ ਹੋਵੇਗੀ। ਇਸ ਤੋਂ ਪਹਿਲਾਂ ਸ੍ਰੀ ਸਿੱਧੂ ਨੇ ਖਟਕੜ ਕਲਾਂ ਵਿੱਚ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਬੁੱਤਾਂ ਤੋਂ ਇਲਾਵਾ ਭਗਤ ਸਿੰਘ ਦੇ ਪਿਤਾ ਕਿਸ਼ਨ ਸਿੰਘ ਦੇ ਸਮਾਰਕ 'ਤੇ ਫੁੱਲ ਮਾਲਾਵਾਂ ਰੱਖ ਕੇ ਸਿਜਦਾ ਕੀਤਾ। ਇਸ ਬਾਅਦ ਪੁਰਾਣੇ ਮਿਊਜ਼ੀਅਮ ਤੇ ਨਵੇਂ ਬਣ ਰਹੇ ਮਿਊਜ਼ੀਅਮ ਤੇ ਯਾਦਗਾਰ ਦਾ ਦੌਰਾ ਕੀਤਾ। ਉਨਾਂ ਨੇ ਭਗਤ ਸਿੰਘ ਦੇ ਜੱਦੀ ਘਰ ਵਿੱਚ ਸ਼ਹੀਦ ਨਾਲ ਸਬੰਧਤ ਵਸਤਾਂ ਨੀਝ ਨਾਲ ਵੇਖੀਆਂ। ਇਸ ਮੌਕੇ ਵਿਧਾਇਕ ਪ੍ਰਗਟ ਸਿੰਘ, ਵਿਧਾਇਕ ਚੌਧਰੀ ਦਰਸ਼ਨ ਲਾਲ ਮੰਗੂਪੁਰ ਅਤੇ ਪਿੰਡ ਦੇ ਸਰਪੰਚ ਸੁਖਵਿੰਦਰ ਸਿੰਘ ਮੌਜੂਦ ਸਨ।



ਸ਼ਹੀਦ ਭਗਤ ਸਿੰਘ ਦੀ ਯਾਦਗਾਰ 'ਤੇ ਸਿਜਦਾ ਕਰਦੇ ਹੋਏ ਸਿੱਧੂ।

## ਗਿਆਨੀ ਗੁਰਮੁਖ ਸਿੰਘ ਦੇ ਭਰਾ ਨੇ ਸ਼੍ਰੋਮਣੀ ਕਮੇਟੀ ਦੀ ਨੌਕਰੀ ਤੋਂ ਦਿੱਤਾ ਅਸਤੀਫ਼ਾ

**ਅੰਮ੍ਰਿਤਸਰ/ਬਿਊਰੋ ਨਿਊਜ਼ :**

ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਦੇ ਭਰਾ ਭਾਈ ਹਿੰਮਤ ਸਿੰਘ, ਜੋ ਇਸ ਵੇਲੇ ਹਰਿਆਣਾ ਦੇ ਜ਼ਿਲ੍ਹਾ ਜੀਂਦ ਵਿਖੇ ਗੁਰਦੁਆਰਾ ਤਮਧਾਨ ਸਾਹਿਬ ਵਿੱਚ ਸਹਾਇਕ ਗ੍ਰੰਥੀ ਵਜੋਂ ਤਾਇਨਾਤ ਹਨ, ਨੇ ਅਚਨਚੇਤੀ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਨੇ ਅਸਤੀਫ਼ਾ ਪੱਤਰ ਵਿੱਚ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ 'ਤੇ ਤੰਗ ਪ੍ਰੇਸ਼ਾਨ ਕਰਨ ਦੇ ਦੋਸ਼ ਲਾਏ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਭੇਜੇ ਆਪਣੇ ਅਸਤੀਫ਼ੇ ਵਿੱਚ ਭਾਈ ਹਿੰਮਤ ਸਿੰਘ ਨੇ ਆਖਿਆ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਵੱਲੋਂ ਉਸ ਨੂੰ ਤੰਗ-ਪ੍ਰੇਸ਼ਾਨ ਕੀਤਾ ਗਿਆ। ਤੰਗ ਕਰਨ ਦਾ ਇਹ ਸਿਲਸਿਲਾ ਉਦੋਂ ਸ਼ੁਰੂ ਹੋਇਆ ਜਦੋਂ ਉਸ ਦੇ ਭਰਾ ਤੇ ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਵੱਲੋਂ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ ਕਰਨ ਪਿੱਛੇ ਭੇਤ ਦਾ ਖ਼ੁਲਾਸਾ ਕੀਤਾ ਗਿਆ। ਸਾਬਕਾ ਜਥੇਦਾਰ ਨੇ ਦਾਅਵਾ ਕੀਤਾ ਸੀ ਕਿ ਡੇਰਾ ਸਿਰਸਾ ਦੇ ਮੁਖੀ ਨੂੰ ਸਤੰਬਰ 2015 ਵਿੱਚ ਮੁਆਫ਼ ਕਰਨ ਵਾਲਾ ਪੱਤਰ ਸੁਖਬੀਰ ਸਿੰਘ ਬਾਦਲ ਅਤੇ ਪ੍ਰਕਾਸ਼ ਸਿੰਘ ਬਾਦਲ ਵੱਲੋਂ ਚੰਡੀਗੜ੍ਹ ਸੱਦ ਕੇ ਸੌਂਪਿਆ ਗਿਆ ਸੀ। ਇਸ ਸਬੰਧ ਵਿੱਚ ਤਿੰਨਾਂ ਤਖ਼ਤਾਂ ਦੇ ਜਥੇਦਾਰਾਂ ਨੂੰ ਚੰਡੀਗੜ੍ਹ ਸਥਿਤ ਮੁੱਖ ਮੰਤਰੀ ਰਿਹਾਇਸ਼ 'ਤੇ ਸੱਦਿਆ ਗਿਆ ਸੀ। ਭਾਈ ਹਿੰਮਤ ਸਿੰਘ ਨੇ ਆਖਿਆ ਕਿ ਇਸ ਮਾਮਲੇ ਨਾਲ ਭਾਵੇਂ ਉਸ ਦਾ ਕੋਈ ਸਬੰਧ ਨਹੀਂ ਹੈ ਪਰ ਸਾਬਕਾ ਜਥੇਦਾਰ ਦਾ ਭਰਾ ਹੋਣ ਕਾਰਨ ਉਸ ਨੂੰ ਤੰਗ-ਪ੍ਰੇਸ਼ਾਨ ਕੀਤਾ ਗਿਆ ਹੈ। ਇਸੇ ਤਹਿਤ ਉਸ ਦਾ ਤਬਾਦਲਾ ਅਕਾਲ ਤਖ਼ਤ ਤੋਂ ਹਰਿਆਣਾ ਵਿੱਚ ਕਰ ਦਿੱਤਾ ਗਿਆ ਸੀ। ਉਸ ਉਪਰ ਹੋਰ ਵੀ ਕਈ ਗੰਭੀਰ ਦੋਸ਼ ਲਾਏ ਗਏ ਸਨ। ਉਸ ਨੇ ਲਿਖਿਆ ਕਿ ਉਸ ਦੀ ਪਤਨੀ ਦਿਮਾਗ ਦੀ ਸੋਜ਼ ਨਾਲ ਪੀੜਤ ਹੈ ਅਤੇ ਅਧਰੰਗ ਦਾ ਅਟੈਕ ਵੀ ਹੋ ਚੁੱਕਿਆ ਹੈ। ਉਸ ਦੇ ਬੱਚੇ ਛੋਟੇ ਹਨ। ਇਸ ਬਾਰੇ ਪ੍ਰਬੰਧਕਾਂ ਨੂੰ ਦੱਸਿਆ ਵੀ ਗਿਆ ਹੈ ਪਰ ਇਸ ਦੇ ਬਾਵਜੂਦ ਉਸ ਦੀ ਬਦਲੀ ਹਰਿਆਣਾ ਵਿੱਚ ਕੀਤੀ ਗਈ। ਇਨ੍ਹਾਂ ਕਾਰਨਾਂ ਕਰਕੇ ਉਹ ਨੌਕਰੀ ਤੋਂ ਅਸਤੀਫ਼ਾ ਦੇ ਰਿਹਾ ਹੈ। ਉਸ ਨੇ ਦਾਅਵਾ ਕੀਤਾ ਕਿ ਉਹ ਜਸਟਿਸ ਰਣਜੀਤ ਸਿੰਘ ਕਮਿਸ਼ਨ ਕੋਲ ਪੇਸ਼

**ਬਾਕੀ ਸ਼ਫ਼ਾ 32 'ਤੇ**




# ਆਪਣਿਆਂ ਦੇ ਹੀ ਵਾਰ ਨਾਲ ਸੁੰਗੜੀ ਮੋਦੀ ਦੀ 56 ਇੰਚੀ ਛਾਤੀ

## *ਅਰਥਚਾਰੇ ਦੀ ਮੰਦਹਾਲੀ ਲਈ ਸਰਕਾਰਾਂ ਜ਼ਿੰਮੇਵਾਰ*

**ਨਵੀਂ ਦਿੱਲੀ/ਬਿਊਰੋ ਨਿਊਜ਼ :** ਵਿਗੜਦੀ ਅਰਥ ਵਿਵਸਥਾ ਨੂੰ ਲੈ ਕੇ ਕੇਂਦਰ ਦੀ ਭਾਜਪਾ ਸਰਕਾਰ ਆਪਣਿਆਂ ਵੱਲੋਂ ਘਿਰਦੀ ਨਜ਼ਰ ਆਈ। ਸਾਬਕਾ ਖਜ਼ਾਨਾ ਮੰਤਰੀ ਅਤੇ ਸੀਨੀਅਰ ਭਾਜਪਾ ਨੇਤਾ ਯਸ਼ਵੰਤ ਸਿਨਹਾ ਨੇ ਗਲਤ ਆਰਥਿਕ ਨੀਤੀਆਂ ਕਾਰਨ ਦੇਸ਼ ਦੇ ਅਰਥਚਾਰੇ ਦੀ ਮੰਦਹਾਲੀ ਲਈ ਕੇਂਦਰ ਸਰਕਾਰ ਅਤੇ ਖਾਸ ਤੌਰ 'ਤੇ ਖਜ਼ਾਨਾ ਮੰਤਰੀ ਅਰੁਣ ਜੇਤਲੀ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਭਾਰਤ ਸਾਲ 2019 ਤੱਕ ਇਸ ਤੋਂ ਉੱਭਰ ਨਹੀਂ ਸਕਦਾ (2019 ਵਿਚ ਲੋਕ ਸਭਾ ਚੋਣਾਂ ਹੋਣੀਆਂ ਹਨ)। ਯਸ਼ਵੰਤ ਸਿਨਹਾ ਦੇ ਅੰਗਰੇਜ਼ੀ ਦੇ ਇਕ ਅਖ਼ਬਾਰ ਵਿਚ ਛਪੇ ਲੇਖ ਵਿਚ ਨੋਟਬੰਦੀ ਅਤੇ ਜੀ.ਐਸ. ਟੀ. ਨੂੰ 2 ਅਹਿਮ ਰੁਕਾਵਟਾਂ ਕਰਾਰ ਦਿੱਤਾ, ਜਿਸ ਕਾਰਨ ਅਰਥਚਾਰੇ ਦੀ ਰਫ਼ਤਾਰ ਮੱਠੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਹਰ ਪਾਸੇ ਬੇਰੁਜ਼ਗਾਰੀ ਵੱਧ ਰਹੀ ਹੈ, ਵਪਾਰ ਦਾ ਮਾੜਾ ਹਾਲ ਹੈ ਅਤੇ ਅਰਥਚਾਰੇ ਦਾ ਬੁਰਾ ਹਾਲ ਜੇਤਲੀ ਵੱਲੋਂ ਕੀਤਾ ਗਿਆ ਹੈ। ਇਥੇ ਜ਼ਿਕਰਯੋਗ ਹੈ ਕਿ ਦੋ ਦਿਨ 'ਚ ਦੂਜੇ ਭਾਜਪਾ ਨੇਤਾ ਨੇ ਆਪਣੀ ਹੀ ਸਰਕਾਰ ਨੂੰ ਨਿਸ਼ਾਨੇ 'ਤੇ ਲਿਆ ਹੈ। ਇਸ ਤੋਂ ਪਹਿਲਾਂ ਕੇਂਦਰੀ ਮੰਤਰੀ ਮੇਨਕਾ ਗਾਂਧੀ ਦੇ ਪੁੱਤਰ ਅਤੇ ਭਾਜਪਾ ਨੇਤਾ ਵਰੁਣ ਗਾਂਧੀ ਨੇ ਰੋਹਿੰਗਿਆ ਮੁਸਲਮਾਨਾਂ ਨੂੰ ਸ਼ਰਨ ਦੇਣ ਦੇ ਮਾਮਲੇ ਵਿਚ ਪਾਰਟੀ ਦੇ ਸਟੈਂਡ ਤੋਂ ਉਲਟ ਵਿਚਾਰ ਪ੍ਰਗਟਾਉਂਦਿਆਂ ਕਿਹਾ ਕਿ ਭਾਰਤਨੂੰ ਰੋਹਿੰਗਿਆ ਮੁਸਲਮਾਨਾਂ ਨੂੰ ਸ਼ਰਨ ਦੇਣੀ ਚਾਹੀਦੀ ਹੈ।

ਸੀਨੀਅਰ ਭਾਜਪਾ ਨੇਤਾ ਯਸ਼ਵੰਤ ਸਿਨਹਾ ਨੇ ਆਪਣੇ-ਆਪਣੇ ਲੇਖ ਵਿਚ ਕਿਹਾ ਕਿ ਜੇਕਰ ਉਹ ਹੁਣ ਵੀ ਚੁੱਪ ਰਹੇ ਤਾਂ ਉਹ ਰਾਸ਼ਟਰ ਹਿਤ ਨਿਭਾਉਣ ਵਿਚ ਨਾਕਾਮ ਰਹਿਣਗੇ। ਉਨ੍ਹਾਂ ਇਹ ਵੀ ਕਿਹਾ ਕਿ ਜ਼ਿਆਦਾਤਰ ਭਾਜਪਾ ਨੇਤਾਵਾਂ ਦੀ ਵੀ ਇਹ ਰਾਇ ਹੈ ਪਰ ਉਹ ਡਰ ਦੇ ਕਾਰਨ ਬੋਲ ਨਹੀਂ ਪਾ ਰਹੇ। ਯਸ਼ਵੰਤ ਸਿਨਹਾ ਨੇ ਮੌਜੂਦਾ ਖਜ਼ਾਨਾ ਮੰਤਰੀ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਅਰੁਣ ਜੇਤਲੀ ਨੂੰ ਸਰਕਾਰ ਵਿਚ ਸਭ ਤੋਂ ਬਿਹਤਰੀਨ ਮੰਨਿਆ ਜਾਂਦਾ ਹੈ। ਇਥੋਂ ਤੱਕ ਕਿ ਅੰਮ੍ਰਿਤਸਰ ਲੋਕ ਸਭਾ ਚੋਣ ਹਾਰਨ ਤੋਂ ਬਾਅਦ ਵੀ ਇਹ ਸਭ ਨੂੰ ਪਤਾ ਸੀ ਕਿ ਨਵੀਂ ਸਰਕਾਰ ਵਿਚ ਉਹ ਵਿੱਤ ਮੰਤਰੀ ਹੋਣਗੇ। ਸਿਨਹਾ ਨੇ ਅਟਲ ਬਿਹਾਰੀ ਵਾਜਪਾਈ ਦਾ ਹਵਾਲਾ ਦਿੰਦਿਆਂ ਇਹ ਵੀ ਕਿਹਾ ਕਿ ਵਾਜਪਾਈ ਵੇਲੇ ਨਿੱਜੀ ਸਬੰਧਾਂ ਤੋਂ ਵੱਧ ਕਾਰਗੁਜ਼ਾਰੀ ਨੂੰ ਅਹਿਮੀਅਤ ਦਿੱਤੀ ਜਾਂਦੀ ਸੀ, ਜਿਸ ਕਾਰਨ ਪ੍ਰਮੋਦ ਮਹਾਲਕ ਅਤੇ ਜਸਵੰਤ ਸਿੰਘ ਦੇ ਚੋਣਾਂ ਹਾਰਨ ਕਾਰਨ ਉਨ੍ਹਾਂ ਨੂੰ ਮੰਤਰੀ ਮੰਡਲ ਵਿਚ ਥਾਂ ਨਹੀਂ ਦਿੱਤੀ ਗਈ। ਭਾਜਪਾ ਆਗੂ ਨੇ ਅਰਥਚਾਰੇ ਦੇ ਵਿਕਾਸ ਦੇ ਇਕ-ਇਕ ਸੂਚਕਾਂ ਰਾਹੀਂ ਆਪਣੀ ਗੱਲ ਰੱਖਦਿਆਂ ਕਿਹਾ ਕਿ ਨਿੱਜੀ ਖੇਤਰ ਵਿਚ ਨਿਵੇਸ਼ ਘਟ ਰਿਹਾ ਹੈ, ਉਦਯੋਗਿਕ ਉਤਪਾਦਨ ਤਕਰੀਬਨ ਖਤਮ ਹੋ ਚੁੱਕਾ ਹੈ, ਖੇਤੀਬਾੜੀ ਅਤੇ ਉਸਾਰੀ ਖੇਤਰ ਦੀ ਹਾਲਤ ਮੰਦੀ ਹੈ ਅਤੇ ਬਰਾਮਦਾਂ ਘੱਟ ਹਨ। ਇਨ੍ਹਾਂ ਸਭ ਦਾ ਅਸਰ ਅਰਥਚਾਰੇ 'ਤੇ ਸਾਫ ਝਲਕ ਰਿਹਾ ਹੈ। ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਜਿਨ੍ਹਾਂ ਨੇ ਨੋਟਬੰਦੀ ਨੂੰ ਆਰਥਿਕ ਪਤਨ ਦਾ ਕਾਰਨ ਦੱਸਿਆ ਸੀ, ਦੀ ਤਰਜ਼ 'ਤੇ ਸਿਨਹਾ ਨੇ ਨੋਟਬੰਦੀ ਨੂੰ 'ਆਰਥਿਕ ਤਬਾਹੀ' ਕਰਾਰ ਦਿੰਦਿਆਂ ਜੇਤਲੀ 'ਤੇ ਤਨਜ਼ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਕਈ ਵਾਰ ਕਿਹਾ ਹੈ ਕਿ ਉਨ੍ਹਾਂ ਨੇ ਗਰੀਬੀ ਨੂੰ ਕਾਫੀ ਨੇੜਿਉਂ ਵੇਖਿਆ ਹੈ ਅਤੇ ਖਜ਼ਾਨਾ ਮੰਤਰੀ ਇਹ ਤਜਰਬਾ ਪੂਰੇ ਦੇਸ਼ ਨੂੰ ਕਰਵਾਉਣਾ ਚਾਹੁੰਦੇ ਹਨ। ਵਿਰੋਧੀ ਧਿਰ ਦੀ ਤਰਜ਼ 'ਤੇ ਜੀ. ਐਸ. ਟੀ. ਨੂੰ ਕਾਹਲੀ ਵਿਚ ਲਾਗੂ ਕੀਤਾ ਫੈਸਲਾ ਦੱਸਦਿਆਂ ਯਸ਼ਵੰਤ ਸਿਨਹਾ ਨੇ ਜੀ. ਐਸ. ਟੀ. ਨੂੰ ਜੁਲਾਈ ਦੀ ਥਾਂ 'ਤੇ ਅਕਤੂਬਰ ਵਿਚ ਲਾਗੂ ਕਰਨ ਦੀ ਵਕਾਲਤ ਕੀਤੀ। ਸਿਨਹਾ ਨੇ ਕਿਹਾ ਕਿ ਜੀ. ਐਸ. ਟੀ. ਨੂੰ ਕਾਹਲੀ ਵਿਚ ਲਾਗੂ ਕੀਤੇ ਜਾਣ ਕਾਰਨ ਪੂਰੇ ਕਾਰੋਬਾਰ ਜਗਤ ਵਿਚ ਅਫਰਾ-ਤਫਰੀ ਦਾ ਮਾਹੌਲ ਪੈਦਾ ਹੋ ਗਿਆ ਹੈ। ਲੱਖਾਂ ਲੋਕ ਬੇਰੁਜ਼ਗਾਰ ਹੋ ਗਏ ਅਤੇ ਬਾਜ਼ਾਰ ਵਿਚ ਨੌਕਰੀਆਂ ਦੇ ਨਵੇਂ ਮੌਕੇ ਨਹੀਂ ਹਨ। ਸਿਨਹਾ ਨੇ ਇਹ ਵੀ ਕਿਹਾ ਕਿ ਸਰਕਾਰ ਦਾ ਇਹ ਦਾਅਵਾ ਹੈ ਕਿ ਅਰਥਚਾਰੇ ਵਿਚ ਗਿਰਾਵਟ ਨੋਟਬੰਦੀ ਕਾਰਨ ਨਹੀਂ ਆਈ। ਬਿਲਕੁਲ ਠੀਕ ਹੈ ਕਿਉਂਕਿ ਗਿਰਾਵਟ ਤਾਂ ਪਹਿਲਾਂ ਤੋਂ ਹੀ ਆ ਰਹੀ ਸੀ। ਨੋਟਬੰਦੀ ਨੇ ਤਾਂ ਸਿਰਫ ਅੱਗ ਵਿਚ ਘਿਉ ਦਾ ਕੰਮ ਕੀਤਾ। ਸੀਨੀਅਰ ਭਾਜਪਾ ਨੇਤਾ ਨੇ ਜੇਤਲੀ ਨੂੰ ਇਕ ਤੋਂ ਵੱਧ ਮੰਤਰਾਲਿਆਂ ਦਾ ਭਾਰ ਸੌਂਪਣ 'ਤੇ ਵੀ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਇਕ ਬਦਲਦੇ ਦੌਰ 'ਚ ਉਥੇ 24 ਘੰਟੇ ਕੰਮ ਦੀ ਦਰਕਰਾਰ ਹੁੰਦੀ ਹੈ ਅਤੇ ਜੇਤਲੀ ਜਿਹੇ ਸੁਪਰਮੈਨ ਵਿਅਕਤੀ ਵੀ ਉਸ ਨਾਲ ਇਨਸਾਫ ਨਹੀਂ ਕਰ ਸਕਦਾ। ਦੱਸਣਯੋਗ ਹੈ ਕਿ ਹਾਲ ਵਿਚ ਹੋਏ ਮੰਤਰੀ ਮੰਡਲ ਵਿਸਥਾਰ ਤੋਂ ਪਹਿਲਾਂ ਜੇਤਲੀ ਖਜ਼ਾਨਾ ਮੰਤਰਾਲੇ ਦੇ ਨਾਲ-ਨਾਲ ਰੱਖਿਆ ਮੰਤਰਾਲੇ ਦਾ ਭਾਰ ਵੀ ਵੇਖ ਰਹੇ ਸਨ। ਮੋਦੀ ਸਰਕਾਰ ਵਿਚ ਅਣਗੌਲੇ ਗਏ ਭਾਜਪਾ ਨੇਤਾ ਨੇ ਸਰਕਾਰ 'ਤੇ ਸ਼ਬਦੀ ਤੀਰ ਚਲਾਉਂਦਿਆਂ ਕਿਹਾ ਕਿ ਅਰਥਚਾਰੇ ਨੂੰ ਰਫਤਾਰ ਦੇਣ ਵਿਚ ਸਮਾਂ ਲਗਦਾ ਹੈ ਪਰ ਉਸ ਨੂੰ ਤਬਾਹ ਅਸਾਨੀ ਨਾਲ ਕੀਤਾ ਜਾ ਸਕਦਾ ਹੈ। ਉਨ੍ਹਾਂ ਸਰਕਾਰ ਵਲੋਂ ਪੇਸ਼ ਕੀਤੇ ਵਿਕਾਸ ਦਰ ਦੇ ਅੰਕੜੇ 5.7 ਫੀਸਦੀ ਨੂੰ ਵੀ ਗਲਤ ਠਹਿਰਾਉਂਦਿਆਂ ਕਿਹਾ ਕਿ ਜੀ. ਡੀ. ਪੀ. ਦਾ ਅਨੁਮਾਨ ਲਾਉਣ ਦੇ ਫਾਰਮੂਲੇ ਵਿਚ ਆਈ ਤਬਦੀਲੀ ਕਾਰਨ ਇਹ ਅੰਕੜਾ 5.7 'ਤੇ ਹੈ, ਨਹੀਂ ਤਾਂ ਇਹ 3 ਫੀਸਦੀ 'ਤੇ ਆ ਸਕਦਾ ਹੈ। ਸਿਨਹਾ ਨੇ 2019 ਦੀਆਂ ਚੋਣਾਂ ਲਈ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਕਿਸੇ ਕੋਲ ਜਾਦੂ ਦੀ ਛੜੀ ਨਹੀਂ ਹੈ ਕਿ ਘੁਮਾਉਣ ਨਾਲ ਉਹ ਪਟਰੀ 'ਤੇ ਆ ਜਾਵੇ। ਦਿਖਾਵਾ ਅਤੇ ਧਮਕੀ ਚੋਣਾਂ ਲਈ ਠੀਕ ਹੈ ਪਰ ਅਸਲ ਹਾਲਾਤ ਵਿਚ ਇਹ ਸਭ ਗਾਇਬ ਹੋ ਜਾਂਦਾ ਹੈ।




## ਚਿਦੰਬਰਮ ਬੋਲੇ- ਸਿਨਹਾ ਨੇ ਮੋਦੀ ਸਰਕਾਰ ਦਾ ਸੱਚ ਦੱਸਿਆ

ਨਵੀਂ ਦਿੱਲੀ ਕਾਂਗਰਸੀ ਨੇਤਾ ਪੀ. ਚਿਦੰਬਰਮ ਨੇ ਉਦਯੋਗਿਕ ਸੰਸਥਾਵਾਂ ਅਤੇ ਅਰਥਚਾਰੇ ਦੇ ਮਾਹਰ ਆਗੂਆਂ ਨੂੰ 'ਡਰ' ਨੂੰ ਛੱਡ ਕੇ ਦੇਸ਼ ਦੀ ਸਹੀ ਆਰਥਿਕ ਤਸਵੀਰ ਨੂੰ ਪੇਸ਼ ਕਰਨ ਦੀ ਅਪੀਲ ਕੀਤੀ। ਪੀ. ਚਿਦੰਬਰਮ ਨੇ ਸਾਬਕਾ ਖਜ਼ਾਨਾ ਮੰਤਰੀ ਅਤੇ ਭਾਜਪਾ ਆਗੂ ਯਸ਼ਵੰਤ ਸਿਨਹਾ ਦੀ ਟਿੱਪਣੀ ਦਾ ਹਵਾਲਾ ਦਿੱਤਾ ਜਿਸ ਚ ਉਨ੍ਹਾਂ ਕਿਹਾ ਸੀ ਕਿ ਲੋਕਾਂ ਦੇ ਮਨ ਵਿਚ ਦਹਿਸ਼ਤ ਪੈਦਾ ਕਰਨਾ ਹੀ ਨਵੀਂ 'ਖੇਡ' ਦਾ ਨਾਂਅ ਹੈ। ਪੀ. ਚਿਦੰਬਰਮ ਨੇ ਕਿਹਾ ਕਿ 1991 ਤੋਂ ਬਾਅਦ ਦੇ ਦੌਰ 'ਚ ਦੇਸ਼ ਨੂੰ 3 ਵਾਰ ਵੱਡੇ ਆਰਥਿਕ ਸੰਕਟਾਂ ਨਾਲ ਦੋ-ਚਾਰ ਹੋਇਆ ਹੈ। 1997 ਦਾ ਆਰਥਿਕ ਸੰਕਟ, 2008 ਵਿਚ ਅੰਤਰਰਾਸ਼ਟਰੀ ਆਰਥਿਕ ਸੰਕਟ ਦੇ ਪ੍ਰਭਾਵ ਅਤੇ 2013 ਵਿਚ ਅਮਰੀਕਾ 'ਚ ਆਏ ਸੰਕਟ ਕਾਰਨ ਭਾਰਤ ਦੀ ਅਰਥ ਵਿਵਸਥਾ 'ਤੇ ਖਾਸਾ ਪ੍ਰਭਾਵ ਪਿਆ, ਜਿਸ ਤੋਂ ਉੱਭਰਨ ਲਈ ਖਾਸੀ ਮਿਹਨਤ ਕਰਨੀ ਪਈ ਪਰ ਮੌਜੂਦਾ ਸਰਕਾਰ ਪਿਛਲੇ ਡੇਢ ਸਾਲ ਤੋਂ ਆਈ ਆਰਥਿਕ ਮੰਦੀ ਦੇ ਕਾਰਨ ਹੀ ਲੱਭਣ 'ਚ ਨਾਕਾਮ ਰਹੀ ਹੈ। ਚਿਦੰਬਰਮ ਨੇ ਨੌਕਰੀਆਂ ਦੀ ਘਾਟ ਦੇ ਮੁੱਦੇ 'ਤੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਜਦ ਤੱਕ ਵਿਕਾਸ ਦਰ 8 ਫੀਸਦੀ ਦੇ ਅੰਕੜੇ 'ਤੇ ਨਹੀਂ ਪਹੁੰਚੇਗੀ, ਤਦ ਤੱਕ ਨੌਕਰੀਆਂ ਦੇ ਮੌਕੇ ਪੈਦਾ ਨਹੀਂ ਹੋ ਸਕਦੇ। ਸਰਕਾਰ ਵਲੋਂ ਆਰਥਿਕ ਸਲਾਹਕਾਰ ਕਮੇਟੀ ਦੇ ਮੁੜ ਗਠਨ ਨੂੰ ਇਕ ਪ੍ਰਭਾਵੀ ਪਰ ਨਾਕਾਫੀ ਕਦਮ ਕਰਾਰ ਦੱਸਦਿਆਂ ਕਿਹਾ ਕਿ ਟੁੱਟੀਆਂ ਹੱਡੀਆਂ ਨੂੰ ਜੋੜਨ ਲਈ ਸਰਜਰੀ ਦੀ ਲੋੜ ਹੁੰਦੀ ਹੈ, ਉਸ ਵੇਲੇ 'ਮੱਲ੍ਹਮ ਪੱਟੀ' ਕੰਮ ਨਹੀਂ ਆਉਂਦੀ। ਚਿਦੰਬਰਮ ਨੇ ਦੇਸ਼ ਦੇ ਮੌਜੂਦਾ ਆਰਥਿਕ ਹਾਲਾਤ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਹਰ ਖਜ਼ਾਨਾ ਮੰਤਰੀ ਦੀ ਕਾਰਗੁਜ਼ਾਰੀ ਦੇ ਕੁਝ ਸੂਚਕ ਹੁੰਦੇ ਹਨ ਜਿਵੇਂ ਨਿਵੇਸ਼, ਲਾਭ ਅਤੇ ਵਾਧਾ, ਨੌਕਰੀਆਂ ਪਰ ਮੌਜੂਦਾ ਸਰਕਾਰ ਹਰ ਸੂਚਕ 'ਤੇ ਨਤੀਜੇ ਦੇਣ ਵਿਚ ਨਾਕਾਮ ਰਹੀ ਹੈ। ਚਿਦੰਬਰਮ ਨੇ ਯਸ਼ਵੰਤ ਸਿਨਹਾ ਦੇ ਲੇਖ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਪਿਛਲੇ 18 ਮਹੀਨਿਆਂ ਤੋਂ ਕਾਂਗਰਸ ਨੇ ਅਰਥਚਾਰੇ ਦੀਆਂ ਗੰਭੀਰ ਚੁਣੌਤੀਆਂ ਨੂੰ ਉਜਾਗਰ ਕੀਤਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਖੁਸ਼ੀ ਹੈ ਕਿ ਸਿਨਹਾ ਨੇ ਸਰਕਾਰ ਦੇ ਬਾਰੇ ਵਿਚ ਸਾਡੀਆਂ ਆਲੋਚਨਾਵਾਂ ਨੂੰ ਦੁਹਰਾਇਆ ਹੈ। ਕਾਂਗਰਸ ਦੇ ਸਦਰ ਮੁਕਾਮ ਵਿਖੇ ਕੀਤੀ ਪ੍ਰੈੱਸ ਕਾਨਫਰੰਸ ਤੋਂ ਪਹਿਲਾਂ ਵੀ ਟਵਿੱਟਰ 'ਤੇ ਜੰਮ ਕੇ ਨਿਸ਼ਾਨਾ ਬਣਾਇਆ। ਉਨ੍ਹਾਂ ਸਿਨਹਾ ਦੇ ਲੇਖ ਦੇ ਆਧਾਰ 'ਤੇ ਕੀਤੇ ਲੜੀਵਾਰ ਟਵੀਟਾਂ ਵਿਚ ਕਿਹਾ ਕਿ ਪਹਿਲਾ ਸੱਚ : ਯਸ਼ਵੰਤ ਸਿਨਹਾ ਦਾ ਕਹਿਣਾ ਹੈ ਕਿ 5.7 ਫੀਸਦੀ ਦੀ ਵਿਕਾਸ ਦਰ ਅਸਲ ਵਿਚ 3.7 ਫੀਸਦੀ ਜਾਂ ਉਸ ਤੋਂ ਘੱਟ ਹੈ। ਦੂਜਾ ਸੱਚ : ਯਸ਼ਵੰਤ ਸਿਨਹਾ ਦਾ ਕਹਿਣਾ ਹੈ ਕਿ ਲੋਕਾਂ ਦੇ ਦਿਮਾਗ ਵਿਚ ਡਰ ਭਰਨਾ ਇਸ ਖੇਡ ਦਾ ਨਾਂਅ ਹੈ।


ਯਸ਼ਵੰਤ ਸਿਨਹਾ

## ਰਾਹੁਲ ਬੋਲੇ- ਪਾਗਲ ਹੋ ਗਿਐ ਵਿਕਾਸ

ਸੁਰੇਂਦਰਨਗਰ (ਗੁਜਰਾਤ) :ਗੁਜਰਾਤ ਵਿਧਾਨ ਸਭਾ ਚੋਣਾਂ ਤੋਂ ਠੀਕ ਪਹਿਲਾਂ ਗੁਜਰਾਤ ਦੀ ਯਾਤਰਾ 'ਤੇ ਨਿਕਲੇ ਕਾਂਗਰਸ ਦੇ ਉਪ-ਪ੍ਰਧਾਨ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਇਕ ਤੋਂ ਬਾਅਦ ਇਕ ਏਨੇ ਝੂਠ ਬੋਲੇ ਕਿ ਵਿਕਾਸ ਵੀ ਪਾਗਲ ਹੋ ਗਿਆ। ਉਨ੍ਹਾਂ ਨੇ ਭਾਜਪਾ ਨੇਤਾ ਯਸ਼ਵੰਤ ਸਿਨਹਾ ਦੇ ਬਹਾਨੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਿਆ। ਰਾਹੁਲ ਨੇ ਕਿਹਾ ਯਸ਼ਵੰਤ ਜੀ ਕਹਿੰਦੇ ਹਨ ਕਿ ਭਾਜਪਾ 'ਚ ਸਭ ਡਰਦੇ ਹਨ, ਇਸ ਲਈ ਕੋਈ ਬੋਲਣਾ ਨਹੀਂ ਚਾਹੁੰਦਾ ਹੈ। ਅਰਥ ਵਿਵਸਥਾ ਤਬਾਹ ਹੋ ਗਈ ਹੈ। ਅਸਲ 'ਚ ਰਾਹੁਲ ਗਾਂਧੀ ਦਾ ਇਸ਼ਾਰਾ ਯਸ਼ਵੰਤ ਸਿਨਹਾ ਦੇ ਅੱਜ ਛਪੇ ਉਸ ਲੇਖ ਵਾਲੇ ਪਾਸੇ ਸੀ। ਜਿਸ 'ਚ ਉਨ੍ਹਾਂ ਕਿਹਾ ਹੈ ਕਿ ਵਿੱਤ ਮੰਤਰੀ ਨੇ ਅਰਥ ਵਿਵਸਥਾ ਦਾ ਜੋ 'ਕਬਾੜਾ' ਕੀਤਾ ਹੈ, ਉਸ 'ਤੇ ਜੇਕਰ ਮੈਂ ਹੁਣ ਵੀ ਚੁੱਪ ਰਿਹਾ ਤਾਂ ਰਾਸ਼ਟਰੀ ਕਰਤੱਵ ਨਿਭਾਉਣ 'ਚ ਨਾਕਾਮ ਰਹਾਂਗਾ। ਸਿਨਹਾ ਨੇ ਇਹ ਵੀ ਕਿਹਾ ਕਿ ਮੈਨੂੰ ਇਹ ਵੀ ਪਤਾ ਹੈ ਕਿ ਜੋ ਮੈਂ ਕਹਿਣ ਜਾ ਰਿਹਾ ਹਾਂ, ਭਾਜਪਾ ਦੇ ਜ਼ਿਆਦਾਤਰ ਲੋਕਾਂ ਦੀ ਇਹ ਸਲਾਹ ਹੈ ਪਰ ਉਹ ਡਰ ਦੇ ਕਾਰਨ ਬੋਲ ਨਹੀਂ ਰਹੇ ਹਨ। ਪ੍ਰਧਾਨ ਮੰਤਰੀ ਦਾਅਵਾ ਕਰਦੇ ਹਨ ਕਿ ਉਨ੍ਹਾਂ ਨੇ ਗਰੀਬੀ ਨੂੰ ਕਾਫ਼ੀ ਹੱਦ ਤੱਕ ਨੇੜਿਓਂ ਦੇਖਿਆ ਹੈ ਪਰ ਅਜਿਹਾ ਲਗਦਾ ਹੈ ਉਨ੍ਹਾਂ ਦੇ ਵਿੱਤ ਮੰਤਰੀ ਵਾਧੂ ਸਮਾਂ ਕੰਮ ਕਰ ਰਹੇ ਹਨ, ਜਿਸ 'ਚ ਉਹ ਸਾਰੇ ਭਾਰਤੀਆਂ ਦੀ ਗਰੀਬੀ ਨੂੰ ਕਾਫ਼ੀ ਨੇੜਿਓ ਦੇਖ ਸਕਣ।

## ਅਦਾਕਾਰ ਪ੍ਰਕਾਸ਼ ਰਾਜ ਨੇ ਗੌਰੀ ਲੰਕੇਸ਼ ਦੇ ਕਤਲ ਸਬੰਧੀ ਮੋਦੀ ਦੀ ਖ਼ਾਮੋਸ਼ੀ 'ਤੇ ਉਠਾਏ ਸਵਾਲ

**ਬੰਗਲੌਰ/ਬਿਊਰੋ ਨਿਊਜ਼ :** ਦੱਖਣੀ ਭਾਰਤ ਦੇ ਨਾਮੀ ਅਦਾਕਾਰ ਪ੍ਰਕਾਸ਼ ਰਾਜ ਨੇ ਕੰਨੜ ਭਾਸ਼ਾ ਦੀ ਸੀਨੀਅਰ ਪੱਤਰਕਾਰ ਗੌਰੀ ਲੰਕੇਸ਼ ਦੇ ਕਤਲ ਉਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਖ਼ਾਮੋਸ਼ੀ ਲਈ ਉਨਾਂ ਦੀ ਸਖ਼ਤ ਨਿਖੇਧੀ ਕੀਤੀ ਹੈ। ਉਨਾਂ ਕਿਹਾ ਕਿ ਬੀਬੀ ਲੰਕੇਸ਼ ਦੇ ਕਤਲ ਪਿੱਛੋਂ ਸੋਸ਼ਲ ਮੀਡੀਆ ਉਤੇ ਖ਼ੁਸ਼ੀਆਂ ਮਨਾਉਣ ਵਾਲਿਆਂ ਨੂੰ ਸ੍ਰੀ ਮੋਦੀ ਵੱਲੋਂ ਫਾਲੋ ਕੀਤਾ ਜਾਣਾ 'ਅਫ਼ਸੋਸਨਾਕ' ਹੈ। ਸ੍ਰੀ ਰਾਜ ਬੀਤੇ ਦਿਨ ਇਥੇ ਭਾਰਤੀ ਜਨਵਾਦੀ ਨੌਜਵਾਨ ਸਭਾ (ਡੀਵਾਈਐਫ਼ਆਈ) ਦੇ ਸੂਬਾਈ ਇਜਲਾਸ ਨੂੰ ਸੰਬੋਧਨ ਕਰ ਰਹੇ ਸਨ। ਉਨਾਂ ਕਿਹਾ, "ਗੌਰੀ ਦੇ ਕਾਤਲਾਂ ਨੂੰ ਹਾਲੇ ਤੱਕ ਫੜਿਆ ਨਹੀਂ ਜਾ ਸਕਿਆ। ਇਸ ਤੋਂ ਵੀ ਵੱਧ ਅਫ਼ਸੋਸਨਾਕ ਹੈ ਕਿ ਲੋਕ ਸੋਸ਼ਲ ਮੀਡੀਆ ਉਤੇ ਉਸ ਦੇ ਕਤਲ ਦੇ ਜਸ਼ਨ ਮਨਾਉਂਦੇ ਹੋਏ ਨਫ਼ਰਤ ਫੈਲਾ ਰਹੇ ਹਨ।" ਉਨਾਂ ਕਿਹਾ, "ਕਤਲ ਦੇ ਜਸ਼ਨ ਮਨਾਉਣ ਵਾਲੇ ਅਜਿਹੇ ਲੋਕਾਂ ਵਿੱਚੋਂ ਕੁਝ ਨੂੰ ਟਵਿੱਟਰ ਉਤੇ ਪ੍ਰਧਾਨ ਮੰਤਰੀ (ਨਰਿੰਦਰ ਮੋਦੀ) ਵੱਲੋਂ ਫਾਲੋ ਕੀਤਾ ਜਾਂਦਾ ਹੈ।" ਉਨਾਂ ਨਾਲ ਹੀ ਯੂਪੀ ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਦੀ ਵੀ ਨਿਖੇਧੀ ਕੀਤੀ ਤੇ ਕਿਹਾ ਕਿ ਕਈ ਵਾਰ ਤਾਂ ਉਨਾਂ ਦੇ ਬਿਆਨਾਂ ਤੋਂ ਸਮਝ ਨਹੀਂ ਆਉਂਦਾ ਕਿ ਕੀ ਉਹ ਮੁੱਖ ਮੰਤਰੀ ਹੈ ਜਾਂ ਪੁਜਾਰੀ।



## ਲੰਗਰ ਦੀ ਦਾਲ ਚੋਰੀ ਕਰਨ ਵਾਲੇ 4 ਮੁਲਾਜ਼ਮ ਮੁਅੱਤਲ

**ਦਸੂਹਾ/ਬਿਊਰੋ ਨਿਊਜ਼ :** ਲੰਗਰ ਦੀ ਦਾਲ ਚੋਰੀ ਕਰਕੇ ਵੇਚਣ ਦੇ ਦੋਸ਼ ਹੇਠ ਸ਼੍ਰੋਮਣੀ ਕਮੇਟੀ ਨੇ ਹੁਸ਼ਿਆਰਪੁਰ ਦੇ ਗੁਰਦੁਆਰਾ ਗਰਨਾ ਸਾਹਿਬ, ਬੋਦਲ ਦੇ ਚਾਰ ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਗੁਰਦੁਆਰੇ ਵਿਚੋਂ ਦਾਲ ਚੋਰੀ ਕਰਨ ਦੇ ਦੋਸ਼ ਵਿਚ ਗੁਰਦੁਆਰਾ ਸ੍ਰੀ ਗਰਨਾ ਸਾਹਿਬ ਦੇ ਮੈਨੇਜਰ ਸੁਰਿੰਦਰਪਾਲ ਸਿੰਘ, ਸਟੋਰ ਕੀਪਰ ਸਰਬਜੀਤ ਸਿੰਘ, ਹੈਲਪਰ ਇੰਦਰਜੀਤ ਸਿੰਘ ਤੇ ਮਾਲੀ ਦੀਵਾਨ ਚੰਦ ਨੂੰ ਮੁਅੱਤਲ ਕਰ ਦਿੱਤਾ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਫਲਾਇੰਗ ਵਿਭਾਗ ਵੱਲੋਂ ਜਾਂਚ ਦੌਰਾਨ ਇਹ ਮੁਲਾਜ਼ਮ ਦਾਲ ਚੋਰੀ ਕਰਕੇ ਦਸੂਹਾ ਦੇ ਇਕ ਕਰਿਆਨਾ ਸਟੋਰ ਵਿਚ ਵੇਚਣ ਦੇ ਦੋਸ਼ੀ ਪਾਏ ਗਏ ਸਨ ਅਤੇ ਚੋਰੀ ਕੀਤੀ ਦਾਲ ਵੀ ਬਰਾਮਦ ਕਰ ਲਈ ਸੀ।




ਅੰਮ੍ਰਿਤਸਰ ਟਾਈਮਜ਼ AMRITSAR TIMES

04 ਅਕਤੂਬਰ 2017 ਤੋਂ 10 ਅਕਤੂਬਰ 2017

# ਮੰਜ਼ਿਲ ਵਲ ਵਧਦੇ ਸਾਬਤ ਸਬੂਤ ਕਦਮ

## *ਜਗਮੀਤ ਸਿੰਘ ਦੀ ਜਿੱਤ ਸਿੱਖ ਭਾਈਚਾਰੇ ਲਈ ਵੱਡਾ ਮਾਣ*

38 ਸਾਲਾ ਅੰਮ੍ਰਿਤਧਾਰੀ ਸਿੱਖ ਨੌਜਵਾਨ ਵਕੀਲ ਜਗਮੀਤ ਸਿੰਘ ਦਾ ਕਨੇਡਾ ਦੀ ਵਿਰੋਧੀ ਧਿਰ ਨਿਊ ਡੈਮੋਕਰੇਟਿਕ ਪਾਰਟੀ (ਐਨ ਡੀ ਪੀ) ਦੇ ਆਗੂ ਦੀ ਚੋਣ ਜਿੱਤਣਾ ਸਮੁੱਚੇ ਸਿੱਖ ਭਾਈਚਾਰੇ ਲਈ ਭਾਰੀ ਖ਼ੁਸ਼ੀ ਅਤੇ ਉਤਸ਼ਾਹ ਵਾਲੀ ਗੱਲ ਹੈ। ਦੂਜੇ ਪਾਸੇ ਬੇਹੱਦ ਸਰਗਰਮ, ਨਿਮਰ, ਸਾਬਤ ਸਬੂਤ ਅਤੇ ਸਪੱਸ਼ਟ ਵਿਚਾਰਾਂ ਵਾਲੇ ਸਿੱਖ ਦਾ ਕਨੇਡਾ ਦੇ ਸੰਭਾਵੀ ਪ੍ਰਧਾਨ ਮੰਤਰੀ ਦੇ ਉਮੀਦਵਾਰ ਵਜੋਂ ਉੱਭਰ ਕੇ ਸਾਹਮਣੇ ਆਉਣ ਨਾਲ ਭਾਰਤ ਸਰਕਾਰ ਲਈ ਪ੍ਰੇਸ਼ਾਨੀ ਖੜ੍ਹੀ ਹੋਣੀ ਸੁਭਾਵਕ ਹੈ। ਪੰਜਾਬ ਦੇ ਬਰਨਾਲਾ ਜਿਲ੍ਹੇ ਦੇ ਇਤਿਹਾਕਸ ਪਿੰਡ ਠੀਕਰੀਵਾਲਾ ਨਾਲ ਸਬੰਧ ਰੱਖਣ ਵਾਲੇ ਜਗਮੀਤ ਸਿੰਘ ਨੂੰ ਸਿੱਖ ਹੱਕਾਂ ਲਈ ਆਵਾਜ਼ ਬੁਲੰਦ ਕਰਨ ਬਦਲੇ ਟੋਰਾਂਟੋ ਵਿਚਲੀ ਭਾਰਤੀ ਅੰਬੈਸੀ ਨੇ ਚਾਰ ਕੁ ਸਾਲ ਪਹਿਲਾਂ ਵੀਜ਼ਾ ਦੇਣੋ ਨਾਂਹ ਕਰਕੇ ਸੰਕੀਰਣ ਸੋਚ ਦਾ ਪ੍ਰਗਟਾਵਾ ਕੀਤਾ ਹੈ।

ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਨਾਲ ਭਾਰਤ ਵਲੋਂ ਅਜਿਹੀ ਪੱਖਪਾਤੀ ਅਤੇ ਵਿਤਕਰੇ ਕਾਰਵਾਈ ਕਰਨ ਦਾ ਪਿਛੋਕੜ ਵੀ ਵੇਖਣਾ ਬਣਦਾ ਹੈ ਤਾਂ ਜੋ ਜਾਣ ਸਕੀਏ ਕਿ ਦਿੱਲੀ ਦਰਬਾਰ ਸਿੱਖਾਂ ਪ੍ਰਤੀ ਕਿਸ ਹੱਦ ਤੱਕ ਬਦਲਾਖੋਰੀ ਵਾਲੀਆਂ ਭਾਵਨਾਵਾਂ ਰੱਖਦਾ ਹੈ। ਕਨੇਡਾ ਵਿੱਚ ਜੰਮਿਆ ਪਲਿਆ ਜਗਮੀਤ ਬਚਪਨ ਤੋਂ ਹੀ ਅਪਣੇ ਮਾਪਿਆਂ ਨਾਲ ਅਤੇ ਫਿਰ ਅਪਣੇ ਤੌਰ ਉੱਤੇ ਅਕਸਰ ਪੰਜਾਬ ਜਾਂਦਾ-ਆਉਂਦਾ ਰਹਿੰਦਾ ਸੀ। ਜਨਵਰੀ 2013 ਵਿੱਚ ਉਹ ਸਿੱਖ ਸਟੂਡੈਂਟਸ ਫੈਡਰੇਸ਼ਨ, ਜਿਹੜੀ ਸਿੱਖ ਸੰਘਰਸ਼ ਦੇ ਸਰਗਰਮ ਆਗੂ ਭਾਈ ਦਲਜੀਤ ਸਿੰਘ ਬਿੱਟੂ ਦੀ ਪਾਰਟੀ ਨਾਲ ਸਬੰਧ ਰੱਖਦੀ ਸੀ, ਦੇ ਸੱਦੇ ਉੱਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਕੀਤੇ ਇੱਕ ਸਮਾਗਮ ਵਿੱਚ ਭਾਗ ਲੈਣ ਪੁੱਜੇ ਜਿੱਥੇ ਉਨ੍ਹਾਂ ਨੇ ਪੰਜਾਬ ਅਤੇ ਸਿੱਖਾਂ ਨਾਲ ਸਬੰਧਤ ਮਸਲਿਆਂ ਬਾਰੇ ਵਿਚਾਰ ਵਟਾਂਦਰੇ ਵਿੱਚ ਭਾਗ ਲਿਆ।

ਅੰਮ੍ਰਿਤਧਾਰੀ ਨੌਜਵਾਨ ਦਾ ਕਿਸੇ ਬਾਹਰਲੇ ਮੁਲਕ ਅਹਿਮ ਮੈਂਬਰ ਵਜੋਂ ਚੁਣਿਆ ਹੋਣਾ ਰੂਬਰੂ ਦੌਰਾਨ ਵਿਦਿਆਰਥੀਆਂ ਲਈ ਖ਼ਾਸ ਖਿੱਚ ਦਾ ਕੇਂਦਰ ਸੀ। ਪਰ ਉਸਦੇ ਵਿਚਾਰ ਉੱਥੇ ਪੁੱਜੇ ਖ਼ੁਫ਼ੀਆਂ ਏਜੰਸੀਆਂ ਦੇ ਮੁਲਾਜ਼ਮਾਂ ਲਈ ਤਕਲੀਫਦੇਹ ਸਨ

ਉਨ੍ਹਾਂ ਦੀ ਉਹ ਭਾਰਤ ਆਖ਼ਰੀ ਫੇਰੀ ਸਿੱਧ ਹੋਈ ਕਿਉਂਕਿ ਸਿੱਖ ਹੱਕਾਂ ਲਈ ਆਵਾਜ਼ ਉਠਾਉਣ ਵਾਲੇ ਇਸ ਯੋਧੇ ਨੂੰ ਭਾਰਤੀ ਹਕੂਮਤ ਸਬਕ ਸਿਖਾਉਣਾ ਚਾਹੁੰਦੀ ਸੀ। ਲੈ ਦੇ ਕੇ ਉਹ ਇਸਨੂੰ ਅੱਗੋਂ ਵੀਜ਼ੇ ਤੋਂ ਨਾਂਹ ਕਰ ਸਕਦੇ ਸੀ ਅਤੇ ਉਹੀ ਕੀਤਾ ਗਿਆ ਪਰ ਅਪਣਾ ਫੈਸਲਾ ਗੁਪਤ ਰੱਖਿਆ। ਜਗਮੀਤ ਸਿੰਘ ਨੇ ਜਦੋਂ ਅਗਲੀ ਵਾਰ ਵੀਜ਼ੇ ਲਏ ਕਾਗਜ਼ ਭੇਜੇ ਤਾਂ ਫਾਈਲ ਰੋਕ ਲਈ ਅਤੇ ਕਾਰਨ ਜਾਨਣ ਲਈ ਉਸਨੇ ਜਦੋਂ ਟੋਰਾਂਟੋ ਸਥਿੱਤ ਭਾਰਤੀ ਦੂਤਾਵਾਸ ਨਾਲ ਸੰਪਰਕ ਕੀਤਾ ਤਾਂ ਉਚ ਅਧਿਕਾਰੀ ਨੇ ਨਿੱਜੀ ਮਿਲਣੀ ਦੌਰਾਨ ਸਿੱਖ ਆਗੂ ਨੂੰ ਅਪਣੇ ਸਟੈਂਡ 'ਚ ਨਰਮੀ ਲਿਆਉਣ ਦਾ ਸੰਕੇਤ ਦਿੱਤਾ ਜੋ ਅਸਲ ਵਿੱਚ ਸਿੱਖਾਂ ਉੱਤੇ ਭਾਰਤ 'ਚ ਜੂਨ 84 ਤੇ ਨਵੰਬਰ 84 ਦੌਰਾਨ ਢਾਹੇ ਜੁਲਮਾਂ ਬਾਰੇ ਜ਼ੁਬਾਨ ਬੰਦ ਰੱਖਣ ਦੀ ਸ਼ਰਤ ਸੀ। ਸਦਾ ਹੀ ਮਸਲਿਆਂ ਬਾਰੇ ਸਪੱਸ਼ਟ ਤੇ ਧੜੱਲੇਦਾਰ ਸਟੈਂਡ ਲੈਣ ਵਾਲੇ ਜਗਮੀਤ ਸਿੰਘ ਨੇ ਭਾਰਤੀ ਅਧਿਕਾਰੀਆਂ ਨੂੰ ਮੂੰਹ ਉੱਤੇ ਹੀ ਝਾੜ ਪਾਉਂਦਿਆਂ ਵੀਜਾਂ ਜਾਂ ਕੋਈ ਵੀ ਹੋਰ ਰਿਆਇਤ ਲੈਣੋਂ ਸਪੱਸ਼ਟ ਨਾਂਹ ਕੀਤੀ। ਇਹ ਜ਼ਿਕਰ ਕਰਨਾ ਵੀ ਬਣਦਾ ਹੈ ਕਿ ਨਵੰਬਰ 84 ਦੇ ਸਿੱਖ ਵਿਰੋਧੀ ਦੰਗਿਆਂ ਦੀ ਸਿੱਖ ਨਸ਼ਲਕੁਸ਼ੀ ਵਜੋਂ ਨਿਖੇਧੀ ਕਰਨ ਦਾ ਮਤਾ ਪੇਸ਼ ਕਰਨ ਦੀ ਪਹਿਲ ਜਗਮੀਤ ਸਿੰਘ ਨੇ ਪਿਛਲੇ ਸਾਲ ਓਂਟਾਰੀਓ ਦੀ ਪ੍ਰੋਵੈਂਸ਼ੀਅਲ ਪਾਰਲੀਮੈਂਟ 'ਚ ਐਨ ਡੀ ਪੀ ਦੇ ਡਿਪਟੀ ਆਗੂ ਵਜੋ ਕੀਤੀ। ਭਾਵੇਂ ਉਹ ਮਤਾ ਘੱਟ ਵੋਟਾਂ ਹੋਣ ਕਾਰਨ ਉੱਥੇ ਰੱਦ ਹੋ ਗਿਆ ਪਰ ਉਸੇ ਕੜੀ ਅਧੀਨ ਮੈਂਬਰ ਪਾਰਲੀਮੈਂਟ ਹਰਿੰਦਰ ਕੌਰ ਮੱਲ੍ਹੀ ਵਲੋਂ ਪੇਸ ਕੀਤਾ ਮਤਾ ਕਨੇਡਾ ਦੀ ਪਾਰਲੀਮੈਂਟ 'ਚ ਪ੍ਰਵਾਨ ਹੋਇਆ।

ਬੇਸ਼ੱਕ ਭਾਰਤ ਤੋਂ ਬਾਹਰ ਵੱਖ ਵੱਖ ਮੁਲਕਾਂ ਵਿੱਚ ਸਿੱਖਾਂ ਨੇ ਵੱਖ ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਤੋਂ ਇਲਾਵਾ ਰਾਜਸੀ ਪਿੜ ਵਿੱਚ ਮਾਣਯੋਗ ਪ੍ਰਾਪਤੀਆਂ ਕੀਤੀਆਂ ਹਨ, ਪਰ ਇਹ ਜਿੱਤ ਕਈ ਪਹਿਲੂਆਂ ਤੋਂ ਅਹਿਮੀਅਤ ਰਖਦੀ ਹੈ। ਪਿਛਲੇ ਕਈ ਵਰ੍ਹਿਆਂ ਤੋਂ ਕਨੇਡਾ ਦੀ ਰਾਜਨੀਤੀ ਵਿੱਚ ਅਪਣਾ ਖ਼ਾਸ ਸਥਾਨ ਬਣਾਉਣ ਸਦਕਾ ਸਿੱਖ ਦੇਸ਼ ਦੀ ਪਾਰਲੀਮੈਂਟ ਤੇ ਰਾਜਾਂ ਦੀਆਂ ਅਸੈਂਬਲੀਆਂ ਵਿੱਚ ਮੈਂਬਰ ਚੁਣੇ ਜਾਣ ਤੋਂ ਇਲਾਵਾ ਕੌਮੀ ਅਤੇ ਸੂਬਾਈ ਸਰਕਾਰਾਂ ਵਿੱਚ ਮੰਤਰੀਆਂ ਵਜੋਂ ਅਹਿਮ ਮਹਿਕਮਿਆਂ ਦੇ ਮੰਤਰੀ ਬਣ ਕੇ ਨਾਮਨਾ ਖੱਟਦੇ ਆ ਰਹੇ ਹਨ। ਯੂਰਪਸਮੇਤ ਹੋਰਨਾਂ ਮੁਲਕਾਂ ਵਿੱਚ ਸਿੱਖ ਨੁਮਾਇੰਦੇ ਹਨ ਪਰ ਕਿਸੇ ਦੇਸ਼ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਕਿਸੇ ਸਿੱਖ ਆਗੂ ਦਾ ਇਸ ਮੁਕਾਮ ਤੱਕ ਪੁਜਣ ਦਾ ਪਹਿਲਾ ਮੌਕਾ ਹੈ।

ਦਿਲਚਸਪ ਗੱਲ ਇਹ ਹੈ ਕਿ ਘੱਟਗਿਣਤੀਆਂ ਲਈ ਸਤਿਕਾਰਤ ਮਾਨਤਾ ਦੇਣ ਲਈ ਜਾਣੇ ਜਾਂਦੇ ਕੈਨੇਡਾ ਦੀ ਸਿਆਸਤ 'ਚ ਹੁਣ ਦੇਸ਼ ਦੇ ਅਗਲੇ ਮੁਖੀ ਦੀ ਚੋਣ ਵਾਸਤੇ ਨੌਜਵਾਨਾਂ ਦੇ ਟਾਕਰੇ ਹੋਣਗੇ। 2019 ਦੀਆਂ ਚੋਣਾਂ 'ਚ ਲਿਬਰਲ ਆਗੂ ਤੇ ਮੌਜੂਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ 47 ਸਾਲ ਦੇ ਹੋ ਜਾਣਗੇ ਜਦਕਿ ਐਨ.ਡੀ.ਪੀ. ਆਗੂ ਜਗਮੀਤ ਸਿੰਘ ਅਤੇ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ 40-40 ਸਾਲ ਦੇ ਹੋਣਗੇ। 2015 ਦੀਆਂ ਚੋਣਾਂ 'ਚ ਅੱਧੋਂ ਵੱਧ ਪਈਆਂ ਵੋਟਾਂ 25 ਤੋਂ 54 ਸਾਲ ਉਮਰ ਦੇ ਲੋਕਾਂ ਦੀਆਂ ਸਨ ਅਤੇ ਹੁਣ ਹੋਰ ਨੌਜਵਾਨ ਵੋਟ ਪਾਉਣ ਲਈ ਉਤਸ਼ਾਹਿਤ ਹੋਣਗੇ।

ਐਨਡੀਪੀ ਦੇ ਆਗੂ ਲਈ ਚੋਣ ਮੁਹਿੰਮ ਦੌਰਾਨ ਜਗਮੀਤ ਸਿੰਘ ਨੇ ਜਿਸ ਸਿਆਣਪ ਅਤੇ ਸਹਿਜ ਨਾਲ ਅਪਣੇ ਵਿਰੋਧੀਆਂ ਦੇ ਪ੍ਰਚਾਰ ਦਾ ਸਾਹਮਣਾ ਕਰਕੇ ਜਿੱਤ ਵਲ ਪਹਿਲਕਦਮੀ ਕੀਤੀ ਉਹ ਭਵਿੱਖ ਵਿੱਚ ਉਸ ਵਲੋਂ ਵੱਡੀਆਂ ਮੰਜ਼ਿਲਾਂ ਤਹਿ ਕਰ ਲੈਣ ਦਾ ਸੰਕੇਤ ਹੈ।

ਜਗਮੀਤ ਸਿੰਘ ਦੀ ਜੁਝਾਰੂ ਤੇ ਦਲੇਰਾਨਾ ਸੋਚ ਪਿਛੇ ਇਤਿਹਾਸਕ ਤੱਥ ਅਤੇ ਖਾਨਦਾਨੀ ਪਿਛੋਕੜ ਹੈ। ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਇਹ ਬਹੁ ਚਰਚਿਤ ਨੌਜਵਾਨ ਅਸਲ ਵਿੱਚ ਦੇਸ਼ ਆਜ਼ਾਦ ਹੋਣ ਵੇਲੇ ਪੰਜਾਬ ਦੀ ਮੁਜਾਰਾ ਲਹਿਰ ਲਈ ਸ਼ਹੀਦ ਹੋਣ ਵਾਲੇ ਸਰਦਾਰ ਸੇਵਾ ਸਿੰਘ ਠੀਕਰੀਵਾਲ ਦਾ ਰਿਸ਼ਤੇ ਵਿੱਚ ਪੜਪੋਤਾ ਹੈ। ਸ. ਸੇਵਾ ਸਿੰਘ ਉਸ ਵੇਲੇ ਦੀ ਪਟਿਆਲਾ ਰਿਆਸਤ 'ਚ ਬੇਜ਼ਮੀਨੇ ਕਿਸਾਨਾਂ ਵਲੋਂ ਮਾਲਕੀ ਦੇ ਹੱਕਾਂ ਲਈ ਚਲਾਏ ਅੰਦੋਲਨ ਉੱਤੇ ਸਰਕਾਰੀ ਜੁਲਮ ਦਾ ਵਿਰੋਧ ਕਰਦਿਆਂ ਸ਼ਹੀਦ ਹੋਏ ਸਨ।

ਹਲਾਤ ਦੇ ਮੱਦੇਨਜ਼ਰ ਭਾਵੇਂ ਕਨੇਡਾ ਦੀ ਵੱਡੀ ਫੈਡਰਲ ਪਾਰਟੀ ਦਾ ਆਗੂ ਚੁਣੇ ਜਾਣ ਬਾਅਦ ਜਗਮੀਤ ਸਿੰਘ ਲਈ ਅਗਲਾ ਪੈਂਡਾ ਕਾਫ਼ੀ ਚੁਣੌਤੀਆਂ ਭਰਿਆ ਹੋਣਾ ਹੈ, ਪਰ ਵੱਡੀਆਂ ਮੁਹਿੰਮਾਂ ਦਾ ਸਾਬਤ ਸਬੂਤ ਕਦਮੀਂ ਖਿੜੇ ਮੱਥੇ ਸਾਹਮਣਾ ਕਰਨ ਵਾਲੇ ਸਿੱਖ ਲਈ ਉਘੇ ਸ਼ਾਇਰ ਫੈਜ਼ ਅਹਿਮਦ ਫੈਜ਼ ਦੇ ਸ਼ਬਦ "ਫੈਜ਼ ਥੀ ਰਾਹ ਸਰ-ਬ-ਸਰ ਮੰਜ਼ਿਲ, ਹਮ ਯਹਾਂ ਪਹੁੰਚੇ ਕਾਮਯਾਬ ਆਏ" ਢੁਕਵੀਂ ਸਾਬਾਸ਼ ਹੋ ਸਕਦੇ ਹਨ।

# ਪਾਕਿਸਤਾਨੀ ਕੁਬੋਲਾਂ ਦਾ ਜਵਾਬ ਕੁਬੋਲਾਂ ਰਾਹੀਂ ਕਿਉਂ ?

**ਪ੍ਰਧਾਨ ਮੰਤਰੀ ਮੋਦੀ ਨੇ ਸੱਤਾ ਸੰਭਾਲਦਿਆਂ ਹੀ ਜਿਹੜੀ 'ਆਰਥਿਕ ਸਲਾਹਕਾਰ ਕੌਂਸਲ' (ਈਏਸੀ) ਭੰਗ ਕਰ ਦਿੱਤੀ ਸੀ, ਉਸ ਨੂੰ ਮੁੜ ਸ਼ੁਰੂ ਕਰ ਲਿਆ ਹੈ। ਇਸ ਤੋਂ ਇਹੋ ਪਤਾ ਲੱਗਦਾ ਹੈ ਕਿ ਉਹ ਹੁਣ ਇਹ ਮੰਨ ਰਹੇ ਹਨ ਕਿ ਕੋਈ ਨਾ ਕੋਈ ਸਮੱਸਿਆ ਤਾਂ ਜ਼ਰੂਰ ਹੈ। ਪਰ ਉਸ ਕੌਂਸਲ ਲਈ ਅਰਥ-ਸ਼ਾਸਤਰੀਆਂ ਦੀ ਚੋਣ ਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਉਹ ਕੋਈ ਤਾਜ਼ਾ ਸਲਾਹ ਨਹੀਂ ਲੈ ਰਹੇ ਕਿਉਂਕਿ ਉਨ੍ਹਾਂ ਨੇ ਉਨ੍ਹਾਂ ਹੀ ਮਾਹਰਾਂ ਨੂੰ ਲਿਆ ਹੈ, ਜਿਨ੍ਹਾਂ ਨੇ ਨੋਟਬੰਦੀ ਜਿਹੇ ਉਨ੍ਹਾਂ ਦੇ ਫ਼ੈਸਲਿਆਂ ਦੇ ਹੱਕ ਵਿੱਚ ਬਿਆਨ ਦਿੱਤੇ ਸਨ, ਜਦ ਕਿ 'ਦਿ ਫਾਈਨੈਂਸ਼ੀਅਲ ਟਾਈਮਜ਼' ਉਨ੍ਹਾਂ ਫ਼ੈਸਲਿਆਂ ਨੂੰ ਮਾੜਾ ਕਰਾਰ ਦੇ ਚੁੱਕਾ ਹੈ।**

**ਕੇ.ਸੀ. ਸਿੰਘ,**
ਲੇਖਕ ਭਾਰਤ ਦੇ ਵਿਦੇਸ਼ ਮੰਤਰਾਲੇ ਦਾ ਸਾਬਕਾ ਸਕੱਤਰ ਹੈ

ਕੂਟਨੀਤਕ ਤੌਰ 'ਤੇ ਸਤੰਬਰ ਮਹੀਨੇ ਸੰਯੁਕਤ ਰਾਸ਼ਟਰ ਮਹਾਂ ਸਭਾ ਦੇ ਉੱਚ-ਪੱਧਰੀ ਆਮ ਇਜਲਾਸ ਵਿੱਚ ਅਗਲੇ ਸਾਲਾਨਾ ਸੈਸ਼ਨ ਦੀ ਸ਼ੁਰੂਆਤ ਹੁੰਦੀ ਹੈ। ਭਾਰਤ ਹਰ ਸਾਲ ਵਿਸ਼ਵ ਏਜੰਡੇ ਵਿੱਚ ਆਪਣਾ ਯੋਗਦਾਨ ਪਾਉਣ ਲਈ ਨਿਊਯਾਰਕ ਜਾਂਦਾ ਹੈ, ਉੱਥੇ ਉਸ ਨੂੰ ਪਾਕਿਸਤਾਨ ਦੀਆਂ ਕੁਚਾਲਾਂ ਤੇ ਉਸ ਦੇ 'ਕਸ਼ਮੀਰ' ਖ਼ਬਤੇ ਨਾਲ ਜੁੜੇ ਪੈਂਤੜਿਆਂ ਬਾਰੇ ਵੀ ਸੁਚੇਤ ਰਹਿਣਾ ਪੈਂਦਾ ਹੈ। ਪਿਛਲੇ ਸਾਲਾਂ ਦੌਰਾਨ ਭਾਰਤ ਅਤੇ ਪਾਕਿਸਤਾਨ ਵਿਚਾਲੇ ਸਿਆਸੀ ਪੱਧਰ ਦੀ ਕੋਈ ਗੱਲਬਾਤ ਨਾ ਹੋਣੀ ਪਾਕਿਸਤਾਨ ਵਿੱਚ ਨਵਾਜ਼ ਸ਼ਰੀਫ਼ ਸਰਕਾਰ ਉੱਤੇ ਫ਼ੌਜ ਦਾ ਮੁੜ ਭਾਰੂ ਹੋਣਾ ਅਤੇ ਕਸ਼ਮੀਰ ਵਿਚ ਪਿਛਲੇ ਵਰ੍ਹੇ 2016 ਦੌਰਾਨ ਬੁਰਹਾਨ ਵਾਨੀ ਦੇ ਮੁਕਾਬਲੇ ਵਿੱਚ ਮਾਰੇ ਜਾਣ ਤੋਂ ਬਾਅਦ ਵਧੀ ਗੜਬੜੀ ਸਦਕਾ ਪਾਕਿਸਤਾਨ ਨੂੰ ਉਸ ਬੇਚੈਨੀ ਦਾ ਲਾਹਾ ਲੈਣ ਤੇ ਅਜਿਹੇ ਮਾੜੇ ਹਾਲਾਤ ਨੂੰ ਹੋਰ ਹਵਾ ਦੇਣ ਦੇ ਨਾਲ-ਨਾਲ ਰੋਸ ਪ੍ਰਗਟਾ ਕੇ ਪੂਰੀ ਦੁਨੀਆਂ ਦਾ ਧਿਆਨ ਖਿੱਚਣ ਦਾ ਮੌਕਾ ਮਿਲ ਗਿਆ।

ਇਸ ਵਰ੍ਹੇ ਪਾਕਿਸਤਾਨ ਦੇ ਨਵੇਂ ਪ੍ਰਧਾਨ ਮੰਤਰੀ ਸ਼ਾਹਿਦ ਖ਼ਾਕਾਨ ਅੱਬਾਸੀ ਨੇ ਹੋਰ ਕੁਝ ਤਾਂ ਨਹੀਂ ਕੀਤਾ, ਪਰ ਪਾਕਿ ਦੇ ਭਾਰਤ ਵਿਰੋਧੀ ਰਾਗ ਨੂੰ ਹੋਰ ਤਿੱਖਾ ਕਰ ਦਿੱਤਾ। ਇਸ ਤੋਂ ਜਿੱਥੇ ਉਨ੍ਹਾਂ ਦੀ ਨਿਰਾਸ਼ਾ ਜ਼ਾਹਰ ਹੋਈ, ਉੱਥੇ ਇਹ ਵੀ ਪਤਾ ਲੱਗ ਗਿਆ ਕਿ ਭਾਰਤ ਦੇ ਮਾਮਲੇ ਨੂੰ ਹੁਣ ਪਾਕਿਸਤਾਨੀ ਫ਼ੌਜ ਆਪਣੇ ਹੱਥ ਵਿਚ ਲੈਂਦੀ ਜਾ ਰਹੀ ਹੈ। ਪਾਕਿਸਤਾਨ ਨੇ ਸੰਯੁਕਤ ਰਾਸ਼ਟਰ ਵਿੱਚ ਜਿਸ ਕਿਸਮ ਦੀ ਭਾਸ਼ਾ ਵਰਤੀ, ਉਸ ਦਾ ਭਾਰਤ ਦੀ ਇੱਕ ਜੂਨੀਅਰ ਸਫ਼ਾਰਤੀ ਅਧਿਕਾਰੀ ਨੇ 'ਜਵਾਬ ਦੇਣ ਦੇ ਭਾਰਤੀ ਹੱਕ' ਦੀ ਵਰਤੋਂ ਕਰਦਿਆਂ ਸੱਚਮੁਚ ਮੂੰਹ-ਤੋੜਵਾਂ ਜਵਾਬ ਦਿੱਤਾ ਅਤੇ ਪਾਕਿਸਤਾਨ ਨੂੰ 'ਟੈਰਰਿਸਤਾਨ' ਕਰਾਰ ਦਿੱਤਾ। ਤਦ ਤੋਂ ਇਹ ਬਹਿਸ ਵੀ ਛਿੜ ਗਈ ਹੈ ਕਿ ਕੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਵੀ ਉਹੀ ਰਾਹ ਅਖ਼ਤਿਆਰ ਕਰਨਾ ਚਾਹੀਦਾ ਸੀ, ਜੋ ਇਰਾਨ ਦੇ ਰਾਸ਼ਟਰਪਤੀ ਹਸਨ ਰੂਹਾਨੀ ਨੇ ਕੀਤਾ ਸੀ। ਰੂਹਾਨੀ ਨੇ ਇਰਾਨ 'ਤੇ ਡੋਨਾਲਡ ਟਰੰਪ ਦੇ ਤਿੱਖੇ ਲਫ਼ਜ਼ੀ ਹਮਲੇ, ਜਿਸ ਰਾਹੀਂ ਟਰੰਪ ਨੇ ਰਾਸ਼ਟਰਪਤੀ ਓਬਾਮਾ ਵੱਲੋਂ ਇਰਾਨ ਨਾਲ ਕੀਤੇ ਪਰਮਾਣੂ ਸਮਝੌਤੇ ਦੀ ਤਿੱਖੀ ਨਿੰਦਾ ਕੀਤੀ ਸੀ, ਦਾ ਲਫ਼ਜ਼-ਬਾਲਫਜ਼ ਜਵਾਬ ਦੇਣ ਤੋਂ ਗੁਰੇਜ਼ ਕੀਤਾ, ਪਰ ਸੰਖੇਪ ਤੇ ਸੁਹਜਮਈ ਢੰਗ ਨਾਲ ਜਿੱਥੇ ਆਪਣੇ ਉੱਤੇ ਲੱਗੇ ਦੋਸ਼ਾਂ ਦਾ ਜਵਾਬ ਦਿੱਤਾ, ਉੱਥੇ ਉਨ੍ਹਾਂ ਨੇ ਸੰਯੁਕਤ ਰਾਸ਼ਟਰ ਵਿਚ ਅਮਰੀਕੀ ਰਾਸ਼ਟਰਪਤੀ ਦੀ ਨਾਵਾਜਬ ਭਾਸ਼ਾ ਦੀ ਸਖ਼ਤ ਮਜ਼ੱਮਤ ਵੀ ਕੀਤੀ।

ਸ੍ਰੀਮਤੀ ਸਵਰਾਜ ਨੇ ਖੇਤਰੀ ਤਣਾਵਾਂ, ਵਾਤਾਵਰਣਕ ਤਬਦੀਲੀਆਂ, ਟਿਕਾਊ ਵਿਕਾਸ, ਸਮੁੰਦਰਾਂ ਦੀ ਆਜ਼ਾਦੀ, ਸਾਈਬਰ ਸੁਰੱਖਿਆ ਤੇ ਦਹਿਸ਼ਤਗਰਦੀ ਜਿਹੀਆਂ ਵਿਸ਼ਵ-ਪੱਧਰੀ ਚੁਣੌਤੀਆਂ ਦਾ ਜ਼ਿਕਰ ਕਰਦਿਆਂ ਬਹੁਤ ਵਧੀਆ ਤਰੀਕੇ ਨਾਲ ਸ਼ੁਰੂਆਤ ਕੀਤੀ ਸੀ। ਪਾਕਿਸਤਾਨ ਦਾ ਜ਼ਿਕਰ ਕਰਦਿਆਂ, ਉਨ੍ਹਾਂ ਸਮੱਸਿਆ ਨੂੰ ਇੱਕ ਸਤਰ ਵਿੱਚ ਦਰਸਾਉਣ ਦੀ ਕੋਸ਼ਿਸ਼ ਕਰਦਿਆਂ ਕਿਹਾ ਭਾਰਤ ਗ਼ਰੀਬੀ ਨਾਲ ਜੰਗ ਲੜਦਾ ਹੈ, ਪਰ ਪਾਕਿ ਸਦਾ ਭਾਰਤ ਨਾਲ ਜੰਗ ਲੜਦਾ ਹੈ। ਪਰ ਉਸ ਤੋਂ ਬਾਅਦ ਉਨ੍ਹਾਂ ਦੀ ਜ਼ੁਬਾਨ ਕੁਝ ਥਿੜਕ ਕੇ ਰਾਜਸੀ ਸੂਝ-ਬੂਝ ਤੋਂ ਲਾਂਭੇ ਹੋ ਗਈ ਤੇ ਸਥਾਨਕ ਪੱਧਰ ਦੇ ਚੋਣ ਪ੍ਰਚਾਰ ਵਾਲੇ ਪੱਧਰ ਦੀ ਦੂਸ਼ਣਬਾਜ਼ੀ ਉੱਤੇ ਆ ਗਈ। ਉਨ੍ਹਾਂ ਸਮੁੱਚੇ ਪਾਕਿਸਤਾਨ ਨੂੰ ਹੀ ਕੱਟੜਪ੍ਰਸਤੀ ਤੇ ਦਹਿਸ਼ਤਗਰਦੀ ਦੀ ਰੰਗਤ ਵਿੱਚ ਰੰਗ ਦਿੱਤਾ। ਭਾਰਤ ਵਿਚ ਇਸ ਬਿਆਨ ਦੀ ਬਹੁਤ ਸ਼ਲਾਘਾ ਹੋਈ ਅਤੇ ਪ੍ਰਧਾਨ ਮੰਤਰੀ ਮੋਦੀ ਨੇ ਤੁਰੰਤ ਟਵੀਟ ਕਰ ਕੇ ਉਸ ਦੀ ਤਾਈਦ ਵੀ ਕਰ ਦਿੱਤੀ, ਪਰ ਨਾਲ ਹੀ ਇਹ ਸੁਆਲ ਵੀ ਖੜ੍ਹਾ ਹੋ ਗਿਆ ਕਿ ਕੀ ਬਹੁਤੇ ਦੇਸ਼ ਇਸ ਨੂੰ ਸੰਸਾਰਕ-ਚੁਣੌਤੀਆਂ ਤੋਂ ਧਿਆਨ ਲਾਂਭੇ ਕਰਨ ਵਾਲੀ ਭਾਰਤ-ਪਾਕਿਸਤਾਨ ਦੀ ਆਪਸੀ ਦੂਸ਼ਣਬਾਜ਼ੀ ਵਜੋਂ ਲੈਣਗੇ ਜਾਂ ਦਹਿਸ਼ਤਗਰਦੀ ਨੂੰ ਹਵਾ ਦੇਣ ਵਾਲੇ ਇੱਕ ਦੇਸ਼ ਨੂੰ ਇੱਕ ਕਰਾਰਾ ਜਵਾਬ ਸਮਝਣਗੇ। ਟੈਲੀਵੀਜ਼ਨ 'ਤੇ ਭਾਰਤੀ ਜਨਤਾ ਪਾਰਟੀ ਦੇ ਬੁਲਾਰੇ ਨੇ ਦਲੀਲ ਦਿੱਤੀ ਕਿ ਸਮਾਂ ਤੇ ਸਥਾਨ ਭਾਵੇਂ ਕੋਈ ਵੀ ਹੋਣ, ਪਾਕਿਸਤਾਨ ਨੂੰ ਅਜਿਹੀ ਝਾੜ ਪਾਉਣ ਦੀ ਲੋੜ ਸੀ। ਉਨ੍ਹਾਂ ਨੇ 'ਬਰਿਕਸ' ਦੇ ਬਿਆਨ ਵਿੱਚ ਵੀ ਪਾਕਿਸਤਾਨ ਨੂੰ ਅਲੱਗ-ਥਲੱਗ ਹੋਏ ਵੇਖਿਆ, ਜਿਸ ਵਿੱਚ ਲਿਖਿਆ ਸੀ ਕਿ ਭਾਰਤ ਨੂੰ ਨਿਸ਼ਾਨਾ ਬਣਾ ਕੇ ਪਾਕਿਸਤਾਨ ਨੇ ਦਹਿਸ਼ਤਗਰਦ ਸਮੂਹਾਂ ਦੀ ਪੁਸ਼ਤ-ਪਨਾਹੀ ਕੀਤੀ। ਰਾਸ਼ਟਰਪਤੀ ਟਰੰਪ ਨੇ ਅਫ਼ਗ਼ਾਨਿਸਤਾਨ ਬਾਰੇ ਆਪਣੇ ਨੀਤੀਗਤ ਬਿਆਨ ਵਿੱਚ ਵੀ ਪਾਕਿਸਤਾਨ ਦੀ ਝਾੜ-ਝੰਬ ਕੀਤੀ ਅਤੇ ਬਿਲਕੁਲ ਇਹੋ ਰਾਹ ਅਮਰੀਕੀ ਰੱਖਿਆ ਮੰਤਰੀ ਜੇਮਸ ਮੈਟਿਸ ਨੇ ਵੀ ਆਪਣੀ ਭਾਰਤ-ਅਫ਼ਗ਼ਾਨਿਸਤਾਨ ਯਾਤਰਾ ਦੌਰਾਨ ਇਹੋ ਸਟੈਂਡ ਲਿਆ।

ਹਰੇਕ ਔਸਤ ਦੇਸ਼-ਭਗਤ ਭਾਰਤ ਪਾਕਿਸਤਾਨ ਦੀ ਅਜਿਹੀ ਝਾੜ-ਝੰਬ ਤੋਂ ਖ਼ੁਸ਼ ਹੈ। ਪਰ ਅਜਿਹੀਆਂ ਗੱਲਾਂ ਨਾਲ ਦੇਸ਼ ਦੇ ਅਰਥਚਾਰੇ ਬਾਰੇ ਲਗਾਤਾਰ ਆ ਰਹੀਆਂ ਮਾੜੀਆਂ ਖ਼ਬਰਾਂ, ਜੀਐੱਸਟੀ ਨੂੰ ਮਾੜੇ ਢੰਗ ਨਾਲ ਲਾਗੂ ਕਰਨ ਅਤੇ ਭਾਜਪਾ ਦੀਆਂ ਸਰਕਾਰਾਂ ਵਾਲੇ ਕੁਝ ਸੂਬਿਆਂ ਵਿੱਚ ਅਨਿਸ਼ਚਤ ਜਿਹੇ ਸ਼ਾਸਨ ਦੀਆਂ ਵਾਰ-ਵਾਰ ਸਾਹਮਣੇ ਆ ਰਹੀਆਂ ਘਟਨਾਵਾਂ ਤੋਂ ਜਨਤਾ ਦਾ ਧਿਆਨ ਵੀ ਲਾਂਭੇ ਹੁੰਦਾ ਹੈ। ਖ਼ਾਸ ਤੌਰ 'ਤੇ ਉੱਤਰ ਪ੍ਰਦੇਸ਼ ਵਿੱਚ ਇੱਕ ਨਾਤਜਰਬੇਕਾਰ ਸੰਨਿਆਸੀ ਗ਼ਲਤ ਤਰਜੀਹਾਂ 'ਤੇ ਕੰਮ ਕਰ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਸੱਤਾ ਸੰਭਾਲਦਿਆਂ ਹੀ ਜਿਹੜੀ 'ਆਰਥਿਕ ਸਲਾਹਕਾਰ ਕੌਂਸਲ' (ਈਏਸੀ) ਭੰਗ ਕਰ ਦਿੱਤੀ ਸੀ, ਉਸ ਨੂੰ ਮੁੜ ਸ਼ੁਰੂ ਕਰ ਲਿਆ ਹੈ। ਇਸ ਤੋਂ ਇਹੋ ਪਤਾ ਲੱਗਦਾ ਹੈ ਕਿ ਉਹ ਹੁਣ ਇਹ ਮੰਨ ਰਹੇ ਹਨ ਕਿ ਕੋਈ ਨਾ ਕੋਈ ਸਮੱਸਿਆ ਤਾਂ ਜ਼ਰੂਰ ਹੈ। ਪਰ ਉਸ ਕੌਂਸਲ ਲਈ ਅਰਥ-ਸ਼ਾਸਤਰੀਆਂ ਦੀ ਚੋਣ ਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਉਹ ਕੋਈ ਤਾਜ਼ਾ ਸਲਾਹ ਨਹੀਂ ਲੈ ਰਹੇ ਕਿਉਂਕਿ ਉਨ੍ਹਾਂ ਨੇ ਉਨ੍ਹਾਂ ਹੀ ਮਾਹਰਾਂ ਨੂੰ ਲਿਆ ਹੈ, ਜਿਨ੍ਹਾਂ ਨੇ ਨੋਟਬੰਦੀ ਜਿਹੇ ਉਨ੍ਹਾਂ ਦੇ ਫ਼ੈਸਲਿਆਂ ਦੇ ਹੱਕ ਵਿੱਚ ਬਿਆਨ ਦਿੱਤੇ ਸਨ, ਜਦ ਕਿ 'ਦਿ ਫਾਈਨੈਂਸ਼ੀਅਲ ਟਾਈਮਜ਼' ਉਨ੍ਹਾਂ ਫ਼ੈਸਲਿਆਂ ਨੂੰ ਮਾੜਾ ਕਰਾਰ ਦੇ ਚੁੱਕਾ ਹੈ।

ਇਸ ਦੌਰਾਨ ਥਲ ਸੈਨਾ ਮੁਖੀ ਜਨਰਲ ਬਿਪਿਨ ਰਾਵਤ ਨੇ ਪਾਕਿਸਤਾਨ ਨੂੰ ਚੇਤਾਵਨੀ ਦੇ ਦਿੱਤੀ ਹੈ ਕਿ ਜੇ ਉਹ ਇੰਜ ਹੀ ਗ਼ਲਤੀਆਂ ਕਰਦਾ ਰਿਹਾ, ਤਾਂ 'ਸਰਜੀਕਲ ਹਮਲੇ' ਦੋਬਾਰਾ ਵੀ ਕੀਤੇ ਜਾ ਸਕਦੇ ਹਨ। ਪ੍ਰਧਾਨ ਮੰਤਰੀ ਮੋਦੀ ਤਾਂ ਪਾਕਿਸਤਾਨ ਨੀਤੀ ਦੇ ਮੁੱਦੇ 'ਤੇ ਸਦਾ ਕੋਈ ਨਾ ਕੋਈ ਹੈਰਾਨਕੁਨ ਫ਼ੈਸਲੇ ਲੈਂਦੇ ਹੀ ਰਹਿੰਦੇ ਹਨ, ਪਰ ਹਾਲ ਦੀ ਘੜੀ ਉਹ ਅਜਿਹਾ ਕੁਝ ਨਹੀਂ ਕਰਨਗੇ ਕਿਉਂਕਿ ਇਸੇ ਵਰ੍ਹੇ ਗੁਜਰਾਤ ਵਿਚ ਅਤੇ ਅਗਲੇ ਵਰ੍ਹੇ ਰਾਜਸਥਾਨ ਤੇ ਛੱਤੀਸਗੜ੍ਹ ਅਤੇ ਦੱਖਣੀ ਭਾਰਤ ਵਿਚ ਕਾਂਗਰਸ ਦੇ ਆਖ਼ਰੀ ਗੜ੍ਹ ਕਰਨਾਟਕ ਵਿੱਚ ਚੋਣਾਂ ਹੋਣ ਜਾ ਰਹੀਆਂ ਹਨ। ਉੱਧਰ ਪਾਕਿਸਤਾਨ ਵਿੱਚ ਵੀ ਅਗਲੇ ਸਾਲ ਚੋਣਾਂ ਹੋਣੀਆਂ ਹਨ। ਲਿਹਾਜ਼ਾ, ਇਹ ਯਕੀਨੀ ਹੈ ਕਿ ਪਾਕਿਸਤਾਨ ਪ੍ਰਤੀ ਭਾਰਤੀ ਨੀਤੀ ਵਿੱਚ ਕੋਈ ਤਬਦੀਲੀ ਨਹੀਂ ਆਵੇਗੀ। ਜੋ ਆਸਾਰ ਹਨ, ਉਨ੍ਹਾਂ ਤੋਂ ਤਾਂ ਇਹੋ ਭਾਸਦਾ ਹੈ ਕਿ ਡੰਡਾ ਜ਼ਿਆਦਾ ਚਲਾਇਆ ਜਾਂ ਘੁਮਾਇਆ ਜਾਵੇਗਾ, ਪਾਕਿਸਤਾਨ ਨਾਲ ਸੁਖਾਵੀਆਂ ਗੱਲਾਂ ਘੱਟ ਕੀਤੀਆਂ ਜਾਣਗੀਆਂ।

ਭਾਰਤ ਅਮਰੀਕਾ ਤੇ ਪਾਕਿਸਤਾਨ ਵਿਚਾਲੇ ਵਧਦੇ ਜਾ ਰਹੇ ਤਣਾਅ 'ਤੇ ਵੀ ਭਰੋਸਾ ਕਰ ਰਿਹਾ ਜਾਪਦਾ ਹੈ ਕਿਉਂਕਿ ਟਰੰਪ ਨੇ ਪਾਕਿਸਤਾਨ 'ਤੇ ਦਬਾਅ ਵਧਾਉਣਾ ਸ਼ੁਰੂ ਕਰ ਦਿੱਤਾ ਹੈ ਕਿ ਉਹ ਅਫ਼ਗ਼ਾਨਿਸਤਾਨ 'ਚ ਆਪਣੀਆਂ ਕਾਰਵਾਈਆਂ ਦੌਰਾਨ ਤਾਲਿਬਾਨ ਅਤੇ ਹੱਕਾਨੀਆਂ ਦੀ ਮਦਦ ਕਰਨੀ ਤੇ ਹੱਲਾਸ਼ੇਰੀ ਦੇਣੀ ਬੰਦ ਕਰੇ। ਅਮਰੀਕਾ ਭਾਵੇਂ ਇਸ ਵੇਲੇ ਪਾਕਿਸਤਾਨ 'ਤੇ ਦੋਸ਼ ਲਾ ਰਿਹਾ ਹੈ ਅਤੇ ਭਾਰਤ ਵੀ ਕੰਟਰੋਲ ਰੇਖਾ ਲਾਗਲੇ ਇਲਾਕਿਆਂ ਵਿਚ ਸੋਚੀ-ਸਮਝੀ ਕਾਰਵਾਈ ਦੀ ਧਮਕੀ ਦੇ ਰਿਹਾ ਹੈ ਅਤੇ ਕੌਮਾਂਤਰੀ ਪੱਧਰ ਉੱਤੇ ਪਾਕਿਸਤਾਨ ਦਾ ਨਾਂਅ ਲੈ ਕੇ ਸ਼ਰਮਸਾਰ ਵੀ ਕਰ ਰਿਹਾ ਹੈ, ਪਰ ਇਨ੍ਹਾਂ ਗੱਲਾਂ ਨਾਲ ਪਾਕਿਸਤਾਨੀ ਫ਼ੌਜ ਬਹੁਤਾ ਸਮਾਂ ਨਹੀਂ ਰੁਕੇਗੀ, ਉਹ ਅਜਿਹੇ ਹਾਲਾਤ ਦਾ ਜਵਾਬ ਦੇਣ ਲਈ ਕੋਈ ਨਾ ਕੋਈ ਨੀਤੀ ਜ਼ਰੂਰ ਉਲੀਕੇਗੀ। ਤਰਕਪੂਰਨ ਢੰਗ ਨਾਲ ਸੋਚਿਆ ਜਾਵੇ, ਤਾਂ ਉਹ ਅਮਰੀਕਾ ਦੀਆਂ ਕੁਝ ਗੱਲਾਂ ਮੰਨ ਜ਼ਰੂਰ ਲੈਣਗੇ, ਪਰ ਕਿਤੇ ਨਾ ਕਿਤੇ ਕੋਈ ਚਲਾਕੀ ਜ਼ਰੂਰ ਵਰਤਣਗੇ ਅਤੇ ਇੰਜ ਉਸ ਨੂੰ ਸ਼ਾਂਤ ਕਰਨ ਦਾ ਜਤਨ ਕਰਨਗੇ। ਭਾਰਤ ਨਾਲ ਪਾਕਿਸਤਾਨ ਦੇ ਸਬੰਧ ਹਾਲੇ ਛੇਤੀ ਕਿਤੇ ਸੁਧਰਨ ਵਾਲੇ ਨਹੀਂ ਲੱਗਦੇ।

ਭਾਰਤ ਦੇ ਦ੍ਰਿਸ਼ਟੀਕੋਣ ਤੋਂ, ਪਾਕਿਸਤਾਨ ਬਾਰੇ ਇਹ ਕੋਈ ਟਿਕਾਊ ਨੀਤੀ ਨਹੀਂ ਹੈ। ਜਦੋਂ ਦੋ ਦੁਸ਼ਮਣਾਂ ਦੀ ਤਾਕਤ ਵਿੱਚ ਕੋਈ ਬਹੁਤਾ ਫ਼ਰਕ ਨਾ ਹੋਵੇ, ਤਾਂ ਜ਼ਬਰਦਸਤੀ ਨਾਲ ਅਨਿਸ਼ਚਤ ਕਿਸਮ ਦੇ ਨਤੀਜੇ ਸਾਹਮਣੇ ਆ ਸਕਦੇ ਹਨ। ਅਜਿਹਾ ਖ਼ਾਸ ਤੌਰ 'ਤੇ ਇਸ ਲਈ ਹੈ ਕਿਉਂਕਿ ਭਾਰਤ ਲਈ ਅਸਲ ਚੁਣੌਤੀ ਤਾਂ ਚੀਨ ਹੈ। ਚੀਨ ਦੇ ਉਭਾਰ ਦੀ ਵਿਸ਼ਾਲਤਾ 'ਦਿ ਇਕੌਨੋਮਿਸਟ' ਵਿੱਚ ਛਪੇ ਇੱਕ ਲੇਖ ਤੋਂ ਉਜਾਗਰ ਹੁੰਦੀ ਹੈ। ਚੀਨ ਵਿਚ 89 ਨਵੀਆਂ ਕੰਪਨੀਆਂ ਹਨ, ਜਿਨ੍ਹਾਂ ਦੀ ਕੀਮਤ ਇੱਕ ਅਰਬ ਡਾਲਰ ਤੋਂ ਵੱਧ ਹੈ, ਜਿਨ੍ਹਾਂ ਦਾ ਮੁਲਾਂਕਣ

**ਬਾਕੀ ਸਫ਼ਾ** 32 'ਤੇ

# ਕੀ ਮਨਮੋਹਨ ਸਿੰਘ ਸਹੀ ਅਤੇ ਮੋਦੀ ਗਲਤ ਸਾਬਤ ਹੋਏ ?

## ਚੀਨ ਅਤੇ ਜਾਪਾਨ ਤੋਂ ਬਾਅਦ ਏਸ਼ੀਆ ਦੀ ਤੀਜੀ ਸਭ ਤੋਂ ਵੱਧ ਅਰਥਵਿਵਸਥਾ ਭਾਰਤ ਦੀ ਕਮਜ਼ੋਰ ਹੋ ਰਹੀ ਸਿਹਤ ਦੀ ਚਰਚਾ ਦੁਨੀਆਂ ਭਰ ਦੇ ਮੀਡੀਆ 'ਚ ਹੋ ਰਹੀ ਹੈ।



*ਮੋਦੀ ਸਰਕਾਰ ਦੇ ਨੋਟਬੰਦੀ ਦੇ ਫੈਸਲੇ ਦੀ ਚਾਰੇ ਪਾਸੇ ਨਿਖੇਧੀ ਹੋ ਰਹੀ ਹੈ। ਅਜਿਹਾ ਪਾਰਟੀ ਅੰਦਰ ਯਸ਼ਵੰਤ ਸਿਨਹਾ ਜਿਹੇ ਨੇਤਾ ਕਰ ਰਹੇ ਹਨ ਤਾਂ ਦੂਜੇ ਪਾਸੇ ਸ਼ਿਵਸੈਨਾ ਜਿਹੀ ਸਹਿਯੋਗੀ ਪਾਰਟੀ ਵੀ ਕਰ ਰਹੀ ਹੈ। ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਨੇ ਕਿਹਾ ਕਿ ਜੀਡੀਪੀ 'ਚ ਗਿਰਾਵਟ ਨੋਟਬੰਦੀ ਅਤੇ ਜੀਐਸਟੀ ਕਾਰਨ ਹੈ।*

ਜਦੋਂ ਸਾਲ 2014 'ਚ ਸੱਤਾ ਬਦਲੀ ਅਤੇ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਬਣੇ ਤਾਂ ਅਰਥਵਿਵਸਥਾ ਨੂੰ ਤੇਜ਼ੀ ਮਿਲਣ ਦੀ ਉਮੀਦ ਪ੍ਰਗਟਾਈ ਜਾ ਰਹੀ ਸੀ। ਸਾਲ 2016 'ਚ ਅਰਥਵਿਵਸਥਾ ਲਗਭਗ 7 ਫ਼ੀਸਦੀ ਦੀ ਦਰ ਨਾਲ ਵਧੀ। ਅੱਜ ਦੀ ਤਰੀਕ 'ਚ ਇਹ ਸਾਰੇ ਸਾਲਾਂ 'ਚ ਆਪਣੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਈ ਹੈ। ਹਾਲੇ 5.7 ਫ਼ੀਸਦੀ ਦੀ ਦਰ ਨਾਲ ਭਾਰਤੀ ਅਰਥਵਿਵਸਥਾ ਵੱਧ ਰਹੀ ਹੈ। ਇਸ ਨੂੰ ਲੈ ਕੇ ਸਰਕਾਰ ਦੀ ਪ੍ਰੇਸ਼ਾਨੀ ਵੱਧ ਗਈ ਹੈ ਅਤੇ ਵਿਰੋਧੀ ਧਿਰ ਵੀ ਹਮਲਾਵਰ ਹੋ ਗਿਆ ਹੈ।

ਮੋਦੀ ਸਰਕਾਰ ਨੇ ਜਿਹੜੀ ਆਰਥਿਕ ਸਲਾਹਕਾਰ ਪ੍ਰੀਸ਼ਦ ਨੂੰ ਆਉਂਦੇ ਹੀ ਭੰਗ ਕਰ ਦਿੱਤਾ ਸੀ, ਉਸ ਨੂੰ ਫਿਰ ਤੋਂ ਅਰਥਸ਼ਾਸਤਰੀ ਵਿਵੇਕ ਦੇਬਰਾਏ ਦੀ ਪ੍ਰਧਾਨਗੀ 'ਚ ਬਹਾਲ ਕਰ ਦਿੱਤਾ ਗਿਆ ਹੈ। ਮੋਦੀ ਸਰਕਾਰ ਦੇ ਇਸ ਯੂਟਰਨ ਨੂੰ ਅਰਥਵਿਵਸਥਾ 'ਤੇ ਉਸ ਦੀ ਵੱਧ ਰਹੀ ਚਿੰਤਾ ਵਜੋਂ ਵੇਖਿਆ ਜਾ ਸਕਦਾ ਹੈ। ਮੋਦੀ ਸਰਕਾਰ ਦੀ ਅਰਥ ਨੀਤੀ 'ਤੇ ਨਾ ਸਿਰਫ ਵਿਰੋਧੀ ਧਿਰ ਸਵਾਲ ਚੁੱਕ ਰਿਹਾ ਹੈ, ਸਗੋਂ ਪਾਰਟੀ ਅੰਦਰ ਵੀ ਸਵਾਲ ਖੜ੍ਹੇ ਹੋਣ ਲੱਗੇ ਹਨ।

ਅਟਲ ਬਿਹਾਰੀ ਵਾਜਪਾਈ ਸਰਕਾਰ 'ਚ ਵਿੱਤ ਮੰਤਰੀ ਰਹੇ ਯਸ਼ਵੰਤ ਸਿਨਹਾ ਨੇ ਆਪਣੀ ਪਾਰਟੀ ਦੀ ਸਰਕਾਰ 'ਤੇ ਅਰਥਵਿਵਸਥਾ ਨੂੰ ਹੇਠਾਂ ਲਿਜਾਣ ਦੇ ਗੰਭੀਰ ਦੋਸ਼ ਲਗਾਏ ਹਨ। ਯਸ਼ਵੰਤ ਸਿਨਹਾ ਨੇ ਇਥੋਂ ਤਕ ਕਿਹਾ ਕਿ ਜੇ ਇਹ ਸਰਕਾਰ ਅਰਥਵਿਵਸਥਾ ਦੀ ਵਾਧਾ ਦਰ ਨੂੰ ਮਾਪਣ ਦਾ ਤਰੀਕਾ ਨਾ ਬਦਲਦੀ ਤਾਂ ਅਸਲ ਵਾਧਾ ਦਰ 3.7 ਫ਼ੀਸਦੀ ਹੀ ਹੁੰਦਾ।

ਮੋਦੀ ਸਰਕਾਰ ਦੇ ਨੋਟਬੰਦੀ ਦੇ ਫੈਸਲੇ ਦੀ ਚਾਰੇ ਪਾਸੇ ਨਿਖੇਧੀ ਹੋ ਰਹੀ ਹੈ। ਅਜਿਹਾ ਪਾਰਟੀ ਅੰਦਰ ਯਸ਼ਵੰਤ ਸਿਨਹਾ ਜਿਹੇ ਨੇਤਾ ਕਰ ਰਹੇ ਹਨ ਤਾਂ ਦੂਜੇ ਪਾਸੇ ਸ਼ਿਵਸੈਨਾ ਜਿਹੀ ਸਹਿਯੋਗੀ ਪਾਰਟੀ ਵੀ ਕਰ ਰਹੀ ਹੈ। ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਨੇ ਕਿਹਾ ਕਿ ਜੀਡੀਪੀ 'ਚ ਗਿਰਾਵਟ ਨੋਟਬੰਦੀ ਅਤੇ ਜੀਐਸਟੀ ਕਾਰਨ ਹੈ।

**ਵਿਦੇਸ਼ੀ ਮੀਡੀਆ 'ਚ ਵੀ ਨਿਖੇਧੀ**

ਭਾਰਤ ਦੀ ਅਰਥਵਿਵਸਥਾ 'ਚ ਆਈ ਮੰਦੀ ਅਤੇ ਇਸ ਨਾਲ ਜੂਝਣ ਦੀ ਮੋਦੀ ਸਰਕਾਰ ਦੀ ਨੀਤੀ ਦੀ ਨਾਕਾਮੀ ਦੀ ਚਰਚਾ ਚੀਨੀ ਮੀਡੀਆ 'ਚ ਵੀ ਹੋ ਰਹੀ ਹੈ। ਚੀਨ ਦੇ ਸਰਕਾਰੀ ਗਲੋਬਲ ਟਾਈਮਜ਼ ਨੇ ਮੋਦੀ ਸਰਕਾਰ ਦੇ ਕਥਿਤ ਦੋਹਰੇ ਰਵੱਈਏ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ। ਗਲੋਬਲ ਟਾਈਮਜ਼ ਨੇ ਲਿਖਿਆ, "ਮੋਦੀ ਨੂੰ ਬਿਜ਼ਨੈਸ ਸਮਰਥਕ ਮੰਨਿਆ ਜਾਂਦਾ ਹੈ, ਪਰ ਉਨ੍ਹਾਂ ਦੀ ਕਥਨੀ ਅਤੇ ਕਰਨੀ 'ਚ ਕਾਫੀ ਅੰਤਰ ਹੈ।"

ਇਸ ਤੋਂ ਪਹਿਲਾਂ 24 ਜੂਨ ਨੂੰ 'ਦੀ ਇਕਨੋਮਿਸਟ' ਨੇ ਮੋਦੀ ਸਰਕਾਰ ਦੀਆਂ ਆਰਥਿਕ ਨੀਤੀਆਂ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਸੀ। 'ਦੀ ਇਕਨੋਮਿਸਟ' ਨੇ ਕਿਹਾ ਸੀ ਕਿ ਮੋਦੀ ਜਿੰਨੇ ਵੱਡੇ ਸੁਧਾਰਕ ਵਿਖਾਈ ਦਿੰਦੇ ਹਨ, ਓਨੇ ਵੱਡੇ ਨਹੀਂ ਹਨ ਅਤੇ ਮੋਦੀ ਨੂੰ ਇਕ ਸੁਧਾਰਕ ਦੇ ਮੁਕਾਬਲੇ ਪ੍ਰਸ਼ਾਸਕ ਵੱਧ ਦਸਿਆ ਸੀ।

'ਗਲੋਬਲ ਟਾਈਮਜ਼' ਨੇ ਆਪਣੀ ਰਿਪੋਰਟ 'ਚ 'ਦੀ ਇਕਨੋਮਿਸਟ' ਦੇ ਇਸ ਲੇਖ ਦਾ ਵੀ ਜ਼ਿਕਰ ਕੀਤਾ ਹੈ। ਗਲੋਬਲ ਟਾਈਮਜ਼ ਨੇ ਲਿਖਿਆ ਹੈ, "ਭਾਰਤ ਅਤੇ ਚੀਨ ਦੋਨਾਂ ਦੀ ਅਰਥਵਿਵਸਥਾ ਦੀ ਯਾਤਰਾ ਇਕ ਨਿਯੰਤਰਿਤ ਅਰਥਵਿਵਸਥਾ ਤੋਂ ਸ਼ੁਰੂ ਹੋਈ ਸੀ ਅਤੇ ਅੱਜ ਦੀ ਤਰੀਕ 'ਚ ਬਾਜ਼ਾਰ ਦੇ ਨਾਲ ਕਦਮ ਮਿਲਾ ਕੇ ਚੱਲਣ ਦੇ ਮੁਕਾਮ ਤਕ ਪਹੁੰਚ ਚੁੱਕੀ ਹੈ। ਭਾਰਤ ਨੂੰ ਆਰਥਿਕ ਨੀਤੀਆਂ ਦੇ ਪੱਧਰ 'ਤੇ ਚੀਨ ਤੋਂ ਸਿਖਲਾਈ ਲੈਣੀ ਚਾਹੀਦੀ ਹੈ। ਮੋਦੀ ਨੂੰ ਛੋਟੇ ਪੱਧਰ 'ਤੇ ਸਥਾਈ ਨੀਤੀਆਂ ਨੂੰ ਸਥਾਪਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਅਚਾਨਕ ਹੈਰਾਨ ਕਰਨ ਵਾਲੇ ਫੈਸਲਿਆਂ ਤੋਂ ਬਚਣ ਦੀ ਲੋੜ ਹੈ।

ਭਾਜਪਾ ਦੀਆਂ ਆਰਥਿਕ ਨੀਤੀਆਂ ਨੂੰ ਲੈ ਕੇ ਫਾਰਚਿਊਨ ਨੇ ਵੀ ਇਕ ਰਿਪੋਰਟ ਪ੍ਰਕਾਸ਼ਿਤ ਕੀਤੀ ਹੈ। ਫਾਰਚਿਊਨ ਨੇ ਲਿਖਿਆ ਹੈ ਕਿ ਭਾਜਪਾ ਦੇ ਦਿਮਾਗ਼ 'ਚ ਕਿਹੜੀ ਅਰਥਵਿਵਸਥਾ ਹੈ, ਇਸ ਦਾ ਅੰਦਾਜ਼ਾ ਲਗਾਉਣਾ ਆਸਾਨ ਨਹੀਂ ਹੈ।

ਫਾਰਚਿਊਨ ਨੇ ਸਾਬਕਾ ਵਿੱਤ ਮੰਤਰੀ ਯਸ਼ਵੰਤ ਸਿਨਹਾ ਦਾ ਹਵਾਲਾ ਦਿੰਦੇ ਹੋਏ ਲਿਖਿਆ ਹੈ, "ਸਾਲ 2012 'ਚ ਸਤੰਬਰ ਦਾ ਮਹੀਨਾ ਸੀ। ਤਰੀਕ ਸੀ 27। ਥਾਂ ਸੀ ਅਮਰੀਕਾ ਦੀ ਸਟੈਨਫੋਰਟ ਯੂਨੀਵਰਸਟੀ। ਲਗਭਗ 500 ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਇਕੱਠ ਸੀ। ਉਥੇ ਮੌਜੂਦ ਸਨ ਭਾਰਤ 'ਚ ਚਾਰ ਵਾਰ ਆਮ ਬਜਟ ਪੇਸ਼ ਕਰ ਚੁੱਕੇ ਅਤੇ ਆਰਥਿਕ ਸੁਧਾਰਾਂ ਦੇ ਹਮਾਇਤੀ ਯਸ਼ਵੰਤ ਸਿਨਹਾ। ਬਾਜ਼ਾਰ ਨਾਲ ਦੋਸਤਾਨਾ ਨੀਤੀਆਂ ਦੇ ਸਮਰਥਕ ਯਸ਼ਵੰਤ ਸਿਨਹਾ ਉਸ ਦਿਨ ਦੁਖੀ ਅਤੇ ਅਫਸੋਸ ਨਾਲ ਮੌਜੂਦ ਸਨ।"

ਫਾਰਚਿਊਨ ਨੇ ਅੱਗੇ ਲਿਖਿਆ ਹੈ, "ਯਸ਼ਵੰਤ ਸਿਨਹਾ ਸਾਲ 2004 'ਚ ਭਾਜਪਾ ਦੀ ਹਾਰ ਦਾ ਦੋਸ਼ ਆਪਣੇ ਉੱਪਰ ਲੈ ਰਹੇ ਸਨ। ਉਨ੍ਹਾਂ ਕਿਹਾ ਸੀ - ਮੈਂ ਮਹਿਸੂਸ ਕਰਦਾ ਹਾਂ ਕਿ ਸਾਲ 2004 'ਚ ਪਾਰਟੀ ਦੀ ਹਾਰ ਲਈ ਸਿਰਫ ਮੈਂ ਜ਼ਿੰਮੇਵਾਰ ਹਾਂ। ਉਨ੍ਹਾਂ ਚੋਣਾਂ 'ਚ ਮੈਂ ਜਿਹੜਾ ਸਬਕ ਲਿਆ, ਉਸ ਨੂੰ ਕਦੇ ਭੁੱਲ ਨਹੀਂ ਸਕਦਾ।"

ਜਦੋਂ ਯਸ਼ਵੰਤ ਸਿਨਹਾ ਸਟੈਨਫੋਰਡ ਯੂਨੀਵਰਸਿਟੀ 'ਚ ਇਹ ਸਭ ਕਹਿ ਰਹੇ ਸਨ ਤਾਂ ਮੋਦੀ ਸਰਕਾਰ ਨਹੀਂ ਬਣੀ ਸੀ। ਉਦੋਂ ਉਹ ਲੋਕ ਸਭਾ ਸੰਸਦ ਮੈਂਬਰ ਸਨ ਅਤੇ ਉਨ੍ਹਾਂ ਨੂੰ ਉਮੀਦ ਰਹੀ ਹੋਵੇਗੀ ਕਿ ਸਾਲ 2014 'ਚ ਭਾਜਪਾ ਜਿੱਤ ਪ੍ਰਾਪਤ ਕਰਦੀ ਹੈ ਤਾਂ ਉਹ ਫਿਰ ਵਿੱਤ ਮੰਤਰੀ ਬਣ ਸਕਦੇ ਹਨ।

ਯਸ਼ਵੰਤ ਸਿਨਹਾ ਦੇ ਬਿਆਨ ਨੂੰ ਫਾਰਚਿਊਨ ਨੇ ਲਿਖਿਆ ਹੈ, "ਮੈਂ ਵਿੱਤ ਮੰਤਰੀ ਰਹਿੰਦੇ ਹੋਏ ਕੈਰੋਸੀਨ ਤੇਲ ਕੀਮਤ ਢਾਈ ਰੁਪਏ ਪ੍ਰਤੀ ਲੀਟਰ ਤੋਂ ਵਧਾ ਕੇ 9.50 ਰੁਪਏ ਪ੍ਰਤੀ ਲੀਟਰ ਕਰ ਦਿੱਤੀ ਸੀ। ਪੇਂਡੂ ਭਾਰਤ 'ਚ ਕੈਰੋਸੀਨ ਤੇਲ ਦੀ ਵਰਤੋਂ ਵੱਡੇ ਪੱਧਰ 'ਤੇ ਰੌਸ਼ਨੀ ਅਤੇ ਖਾਣਾ ਬਣਾਉਣ ਲਈ ਹੁੰਦੀ ਹੈ। ਜਦੋਂ ਮੈਂ ਆਪਣੇ ਲੋਕ ਸਭਾ ਖੇਤਰ 'ਚ ਇਕ ਪਿੰਡ ਵਿਚ ਚੋਣ ਪ੍ਰਚਾਰ ਕਰਨ ਗਿਆ ਤਾਂ ਇਕ ਬਜ਼ੁਰਗ ਔਰਤ ਨੂੰ ਵੋਟ ਦੇਣ ਲਈ ਕਿਹਾ ਅਤੇ ਉਸ ਨੇ ਕਿਹਾ ਕਿ ਠੀਕ ਹੈ ਪਰ ਕੀ ਮੈਂ ਕੈਰੋਸੀਨ ਦੀ ਕੀਮਤ ਵਧਾਉਣ ਲਈ ਜ਼ਿੰਮੇਵਾਰ ਨਹੀਂ ਸੀ ? ਕੀ ਇਸ ਕਾਰਨ ਉਸ ਬਜ਼ੁਰਗ ਔਰਤ ਦੀ ਜ਼ਿੰਦਗੀ ਹੋਰ ਮੁਸ਼ਕਲ ਨਹੀਂ ਹੋਈ ਸੀ ?"

ਸਿਨਹਾ ਨੇ ਕਿਹਾ ਸੀ, "ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਨੇ ਵਿਕਾਸ ਦੇ ਕਈ ਕੰਮ ਕੀਤੇ ਸਨ, ਜਿਨ੍ਹਾਂ 'ਚ ਹਾਈਵੇਅ ਦਾ ਨਿਰਮਾਣ ਸਭ ਤੋਂ ਅਹਿਮ ਸੀ। ਹਾਲਾਂਕਿ ਸਾਨੂੰ ਚੋਣਾਂ ਜਿੱਤਣ 'ਚ ਮਦਦ ਨਹੀਂ ਮਿਲੀ। ਸਾਲ 20 14 'ਚ ਕਾਂਗਰਸ ਨੂੰ ਬੁਰੀ ਤਰ੍ਹਾਂ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਭਾਜਪਾ ਨੂੰ ਨਰਿੰਦਰ ਮੋਦੀ ਦੀ ਅਗਵਾਈ 'ਚ ਵੱਡੀ ਜਿੱਤ ਮਿਲੀ।

**ਮਹਿੰਗਾਈ ਅਤੇ ਪੈਟਰੋਲ**

ਇਕ ਵਾਰ ਫਿਰ ਮੋਦੀ ਸਰਕਾਰ ਮਹਿੰਗਾਈ ਅਤੇ ਖਾਸ ਕਰ ਪੈਟਰੋਲ ਦੀ ਮਹਿੰਗਾਈ ਨੂੰ ਲੈ ਕੇ ਘਿਰੀ ਹੋਈ ਹੈ। ਯਸ਼ਵੰਤ ਸਿਨਹਾ ਦਾ ਕਹਿਣਾ ਹੈ ਕਿ ਸਰਕਾਰ ਨੇ ਨੋਟਬੰਦੀ ਜਿਹਾ ਫੈਸਲਾ ਲੈ ਕੇ ਅਰਥਵਿਵਸਥਾ ਨੂੰ ਡੂੰਘੀ ਸੱਟ ਪਹੁੰਚਾਈ ਹੈ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਮੋਦੀ ਸਰਕਾਰ ਨੇ ਜਿਹੜੇ ਰੁਜ਼ਗਾਰ ਪੈਦਾ ਕਰਨ ਦਾ ਵਾਅਦਾ ਕੀਤਾ ਸੀ, ਉਸ 'ਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ। ਭਾਰਤੀ ਅਰਥਵਿਵਸਥਾ 'ਤੇ ਜੋਬਲੈਸ ਗ੍ਰੋਥ ਦਾ ਦੋਸ਼ ਕੋਈ ਨਵੀਂ ਗੱਲ ਨਹੀਂ ਹੈ।

ਜਦੋਂ ਨੋਟਬੰਦੀ 'ਤੇ ਸੰਸਦ 'ਚ ਬਹਿਸ ਹੋ ਰਹੀ ਸੀ ਤਾਂ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਸੀ ਕਿ ਦੇਸ਼ ਦੀ ਜੀਡੀਪੀ 'ਚ ਘੱਟੋ-ਘੱਟ 2 ਫੀਸਦੀ ਦੀ ਗਿਰਾਵਟ ਆਵੇਗੀ। ਉਦੋਂ ਜੋ ਵਾਧਾ ਦਰ ਹੈ, ਉਸ 'ਚ ਮਨਮੋਹਨ ਸਿੰਘ ਦਾ ਕਿਹਾ ਬਿਲਕੁਲ ਸਹੀ ਸਾਬਤ ਹੋਇਆ ਹੈ। ਜਦੋਂ ਜੀਐਸਟੀ ਨੂੰ ਸੰਸਦ 'ਚ ਪਾਸ ਕੀਤਾ ਗਿਆ ਤਾਂ ਸਰਕਾਰ ਦਾ ਮੰਨਣਾ ਸੀ ਕਿ ਇਸ ਨਾਲ ਜੀਡੀਪੀ ਉੱਪਰ ਜਾਵੇਗੀ।

ਸਰਕਾਰ ਦਾ ਆਂਕਲਨ ਗਲਤ ਸਾਬਤ ਹੋਇਆ। ਪਰ ਮਨਮੋਹਨ ਸਿੰਘ ਸਹੀ ਸਾਬਤ ਹੋਏ। ਦਰਅਸਲ ਮੋਦੀ ਸਰਕਾਰ ਵੱਲੋਂ ਜਿਸ ਤਰ੍ਹਾਂ ਜੀਐਸਟੀ ਨੂੰ ਲਾਗੂ ਕੀਤਾ ਗਿਆ, ਉਸ 'ਤੇ ਸਵਾਲ ਪੈਦਾ ਹੋ ਰਹੇ ਹਨ। ਦੇਸ਼ 'ਚ ਸਰਕਾਰ ਨੇ ਇਕ ਜੁਲਾਈ ਨੂੰ ਜੀਐਸਟੀ ਲਾਗੂ ਕਰਨ ਦਾ ਐਲਾਨ ਕੀਤਾ ਸੀ। ਜੀਐਸਟੀ ਬਾਰੇ ਕਿਹਾ ਗਿਆ ਕਿ 1991 'ਚ ਭਾਰਤੀ ਅਰਥਵਿਵਸਥਾ ਖੋਲ੍ਹੇ ਜਾਣ ਤੋਂ ਬਾਅਦ ਇਹ ਸਭ ਤੋਂ ਵੱਡਾ ਸੁਧਾਰ ਹੈ। 'ਇਕ ਦੇਸ਼ ਇਕ ਟੈਕਸ' ਦਾ ਨਾਅਰਾ ਦਿੱਤਾ ਗਿਆ।

ਸ਼ੁਰੂਆਤ 'ਚ ਜੀਐਸਟੀ ਨੂੰ ਲੈ ਕੇ ਕਾਫੀ ਭੰਬਲਭੂਸਾ ਰਿਹਾ। 'ਇਕ ਦੇਸ਼ ਇਕ ਟੈਕਸ' ਦਾ ਨਾਅਰਾ ਭਾਵੇਂ ਦਿੱਤਾ ਗਿਆ, ਪਰ ਟੈਕਸ ਦੇ ਕਈ ਪੱਧਰ ਬਣਾਏ ਗਏ ਹਨ। ਦੂਜੇ ਪਾਸੇ ਜਿਨ੍ਹਾਂ ਦੇਸ਼ਾਂ 'ਚ ਜੀਐਸਟੀ ਹੈ, ਉਥੇ ਟੈਕਸ ਦੇ ਰੇਟ ਵੱਖ-ਵੱਖ ਨਹੀਂ ਹਨ। ਵਪਾਰੀਆਂ ਦਾ ਦਾਅਵਾ ਹੈ ਕਿ ਭਾਰੀ ਟੈਕਸ ਦਰਾਂ ਕਾਰਨ ਸਰਕਾਰ ਨੂੰ ਫਾਇਦੇ ਦੇ ਬਦਲੇ ਨੁਕਸਾਨ ਹੀ ਹੋਣਾ ਹੈ।

'ਬਲੂਮਬਰਗ' ਨੇ ਲਿਖਿਆ ਹੈ, "ਭਾਰਤ ਦੀ ਕਰੰਸੀ ਅਤੇ ਬਾਂਡ ਮਾਰਕਿਟ 'ਤੇ ਸੰਕਟ ਦੇ ਬੱਦਲ ਛਾ ਰਹੇ ਹਨ। ਵਿਦੇਸ਼ੀ ਸ਼ੇਅਰ ਮਾਰਕਿਟ ਤੋਂ ਆਪਣਾ ਬਾਂਡ ਵੇਚ ਰਹੇ ਹਨ। ਭਾਰਤੀ ਬਾਜ਼ਾਰ 'ਤੇ ਲੋਕਾਂ ਦਾ ਭਰੋਸਾ ਘੱਟ ਹੋ ਰਿਹਾ ਹੈ ਅਤੇ ਇਸ ਨਾਲ ਅਰਥਵਿਵਸਥਾ 'ਚ ਹੋਰ ਗਿਰਾਵਟ ਦੀ ਸੰਭਾਵਨਾ ਵੱਧ ਗਈ ਹੈ। ਆਉਣ ਵਾਲੇ ਸਮੇਂ 'ਚ ਰੁਪਇਆ ਡਾਲਰ ਦੇ ਮੁਕਾਬਲੇ ਹੋਰ ਕਮਜ਼ੋਰ ਪੈ ਸਕਦਾ ਹੈ।"

ਬੀ.ਬੀ.ਸੀ. ਤੋਂ ਧੰਨਵਾਦ ਸਹਿਤ

# ਪਾਕਿਸਤਾਨੀ ਵਿਦੇਸ਼ ਮੰਤਰੀ ਨੇ ਮੋਦੀ ਨੂੰ ਕਿਹਾ 'ਅਤਿਵਾਦੀ'

**ਇਸਲਾਮਾਬਾਦ/ਨਵੀਂ ਦਿੱਲੀ/ਬਿਊਰੋ ਨਿਊਜ਼ :** ਕੂਟਨੀਤਕ ਸ਼ਿਸ਼ਟਾਚਾਰ ਦੀ ਉਲੰਘਣਾ ਕਰਦਿਆਂ ਪਾਕਿਸਤਾਨ ਦੇ ਵਿਦੇਸ਼ ਮੰਤੀ ਖਵਾਜਾ ਆਸਿਫ਼ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 'ਅਤਿਵਾਦੀ' ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਭਾਰਤ ਨੂੰ 'ਅਤਿਵਾਦੀ ਪਾਰਟੀ' ਵੱਲੋਂ ਚਲਾਇਆ ਜਾ ਰਿਹਾ ਹੈ। ਇਸ ਬਿਆਨ ਦਾ ਤਿੱਖਾ ਪ੍ਰਤੀਕਰਮ ਦਿੰਦਿਆਂ ਭਾਜਪਾ ਨੇ ਉਸ ਦੇ ਬਿਆਨ ਨੂੰ ਖ਼ਾਰਜ ਕਰਦਿਆਂ ਕਿਹਾ ਕਿ ਪਾਕਿਸਤਾਨੀ ਮੰਤਰੀ ਦੀ ਹੈਸੀਅਤ 'ਸਿਆਸੀ ਤੌਰ 'ਤੇ ਤੁੱਛ' ਹੈ। ਜੀਓ ਟੀਵੀ ਦੇ ਇਕ ਪ੍ਰੋਗਰਾਮ ਦੌਰਾਨ ਆਸਿਫ਼ ਨੇ ਭਾਰਤੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਵੱਲੋਂ ਸੰਯੁਕਤ ਰਾਸ਼ਟਰ ਆਮ ਸਭਾ ਦੌਰਾਨ ਦਿੱਤੇ ਭਾਸ਼ਨ ਦੌਰਾਨ ਪਾਕਿਸਤਾਨ ਨੂੰ ਅਤਿਵਾਦ ਪੈਦਾ ਕਰਨ ਅਤੇ ਉਸ ਦੀ ਬਰਾਮਦ ਕਰਨ ਦੇ ਦੋਸ਼ ਤੋਂ ਬਾਅਦ ਇਹ ਟਿੱਪਣੀ ਕੀਤੀ ਸੀ। ਭਾਜਪਾ ਤਰਜਮਾਨ ਜੀ ਵੀ ਐਲ ਨਰਸਿਮਹਾ ਰਾਓ ਨੇ ਕਿਹਾ ਕਿ ਪਾਕਿਸਤਾਨ ਦਾ ਵਿਦੇਸ਼ ਮੰਤਰੀ ਸ਼ਕਤੀਹੀਨ ਸਰਕਾਰ ਵਿਚ ਸਿਆਸੀ ਤੌਰ 'ਤੇ ਤੁੱਛ ਹੈ। ਉਨ੍ਹਾਂ ਕਿਹਾ ਕਿ ਅਜਿਹੀ ਕਾਇਰਾਨਾ ਟਿੱਪਣੀ ਪਾਕਿਸਤਾਨ ਦੀ ਨਿਰਾਸ਼ਾ ਨੂੰ ਜ਼ਾਹਰ ਕਰਦੀ ਹੈ ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਫ਼ਲ ਕੂਟਨੀਤੀ ਨੇ ਪਾਕਿਸਤਾਨ ਦੇ ਚਿਹਰੇ ਨੂੰ ਦੁਨੀਆ ਮੂਹਰੇ ਬੇਨਕਾਬ ਕਰ ਦਿੱਤਾ ਹੈ। 'ਡਾਅਨ' ਦੀ ਰਿਪੋਰਟ ਮੁਤਾਬਕ ਆਸਿਫ਼ ਨੇ ਇਹ ਟਿੱਪਣੀਆਂ ਜੰਮੂ-ਕਸ਼ਮੀਰ ਵਿਚ ਕਸ਼ਮੀਰੀਆਂ ਦੇ ਮਾਰੇ ਜਾਣ ਅਤੇ ਕੰਟਰੋਲ ਰੇਖਾ 'ਤੇ ਸਰਹੱਦ ਪਾਰੋਂ ਗੋਲੀਬਾਰੀ ਵਿਚ ਆਮ ਨਾਗਰਿਕਾਂ ਦੀ ਮੌਤ ਤਗਰੋਂ ਕੀਤੀਆਂ ਸਨ। ਉਸ ਨੇ ਕਿਹਾ, "ਇਕ ਅਤਿਵਾਦੀ ਉਨ੍ਹਾਂ ਦਾ ਪ੍ਰਧਾਨ ਮੰਤਰੀ ਹੈ ਜਿਸ ਦੇ ਹੱਥ ਗੁਜਰਾਤ ਵਿਚ ਮੁਸਲਮਾਨਾਂ ਦੇ ਖ਼ੂਨ ਨਾਲ ਲਿਬੜੇ ਹੋਏ ਹਨ।" ਉਸ ਨੇ ਕਿਹਾ ਕਿ ਮੁਲਕ 'ਤੇਅਤਿਵਾਦੀ ਪਾਰਟੀ ਦਾ ਸ਼ਾਸਨ ਹੈ, ਰਾਸ਼ਟਰੀ ਸਵੈਮ ਸੇਵਕ ਸੰਘ ਉਨ੍ਹਾਂ 'ਤੇ ਰਾਜ ਕਰ ਰਹੀ ਹੈ। ਭਾਰਤੀ ਜਨਤਾ ਪਾਰਟੀ ਉਨ੍ਹਾਂ ਦੀ ਇਕ ਜਥੇਬੰਦੀ ਵਾਂਗ ਹੈ ਪਰ ਨਰਿੰਦਰ ਮੋਦੀ ਚੁਣੇ ਹੋਏ 'ਅਤਿਵਾਦੀ' ਹਨ। ਜਦੋਂ ਸ਼ੋਅ ਦੇ ਮੇਜ਼ਬਾਨ ਹਾਮਿਦ ਮੀਰ ਨੇ ਟੋਕਿਆ ਤਾਂ ਉਸ ਨੇ ਕਿਹਾ ਕਿ ਜਿਹੜਾ ਮੁਲਕ ਅਤਿਵਾਦੀ ਦੀ ਚੋਣ ਕਰਦਾ ਹੈ ਉਹ ਕਿਹੋ ਜਿਹਾ ਮੁਲਕ ਹੈ। ਸਫ਼ਾਈ ਦਿੰਦਿਆਂ ਆਸਿਫ਼ ਨੇ ਕਿਹਾ ਕਿ ਭਾਰਤੀ ਪ੍ਰਧਾਨ ਮੰਤਰੀ ਵੱਲੋਂ ਵਰਤੀ ਜਾਂਦੀ ਭਾਸ਼ਾ ਵਲ ਦੇਖੋ, ਜਿਵੇਂ ਮੁਸਲਮਾਨ ਮਾਰੇ ਜਾ ਰਹੇ ਹਨ ਅਤੇ ਗਾਂ ਨਾਲ ਸਬੰਧਤ ਮਸਲੇ ਦੇਖ ਲਓ। ਉਸ ਨੇ ਦਾਅਵਾ ਕੀਤਾ ਕਿ ਦਸਹਿਰੇ ਮੌਕੇ ਉਨ੍ਹਾਂ ਰੋਹਿੰਗੀਆ ਮੁਸਲਮਾਨਾਂ ਦੇ ਬੁੱਤ ਸਾੜੇ।



## ਅ.ਫਗਾਨਿਸਤਾਨ ਤੋਂ ਆਏ ਸਿੱਖਾਂ ਨੂੰ ਮਿਲੀ ਭਾਰਤੀ ਨਾਗਰਿਕਤਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਅ.ਫਗਾਨਿਸਤਾਨ ਦੇ ਕਾਲੇ ਦੌਰ ਦੌਰਾਨ ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਪੁੱਜੇ ਅ.ਫਗਾਨ ਸਿੱਖ ਸ਼ਰਨਾਰਥੀਆਂ ਵਿੱਚੋਂ 55 ਨੂੰ ਭਾਰਤੀ ਨਾਗਰਿਕਤਾ ਮੁਹੱਈਆ ਕਰਵਾਈ ਗਈ ਹੈ। ਤਿਲਕ ਨਗਰ ਤੋਂ ਵਿਧਾਇਕ ਤੇ ਪੱਛਮੀ ਜ਼ਿਲ੍ਹਾ ਵਿਕਾਸ ਬੋਰਡ ਦੇ ਚੇਅਰਮੈਨ ਜਰਨੈਲ ਸਿੰਘ ਨੇ ਦੱਸਿਆ ਕਿ ਇਸ ਇਲਾਕੇ ਦੇ ਮੈਜਿਸਟਰੇਟ ਦੇ ਦਫ਼ਤਰ ਵਿਖੇ 55 ਅ.ਫਗਾਨ ਸਿੱਖਾਂ ਨੂੰ ਨਾਗਰਿਕਤਾ ਦੇ ਦਸਤਾਵੇਜ਼ ਸੌਂਪੇ ਗਏ। ਵਿਧਾਇਕ ਨੇ ਦੱਸਿਆ ਕਿ ਬਾਕੀ ਰਹਿੰਦੇ ਮਾਮਲੇ ਵੀ ਅਗਲੇ 3 ਮਹੀਨਿਆਂ ਦੌਰਾਨ ਨਜਿੱਠ ਲਏ ਜਾਣਗੇ। ਉਨ੍ਹਾਂ ਦੱਸਿਆ ਕਿ ਇਹ ਸ਼ਰਨਾਰਥੀ ਸਿੱਖ ਪਿਛਲੇ 18-19 ਸਾਲਾਂ ਤੋਂ ਭਾਰਤੀ ਨਾਗਰਿਕਤਾ ਲਈ ਭਟਕ ਰਹੇ ਸਨ ਤੇ ਹੁਣ ਉਹ ਇੱਥੇ ਰਹਿ ਸਕਣਗੇ।

## ਭਾਰਤੀ ਅਕਾਦਮੀਸ਼ੀਅਨ ਤ੍ਰਿਵੇਦੀ ਅਮਰੀਕੀ ਅਕੈਡਮੀ 'ਨਾਪਾ' ਦੇ ਫੈਲੋ ਚੁਣੇ ਗਏ



**ਵਾਸ਼ਿੰਗਟਨ/ਬਿਊਰੋ ਨਿਊਜ਼ :** ਭਾਰਤੀ ਅਕਾਦਮੀਸ਼ੀਅਨ ਪ੍ਰਜਾਪਤੀ ਤ੍ਰਿਵੇਦੀ (64) ਨੂੰ ਅਮਰੀਕਾ ਦੀ ਮਸ਼ਹੂਰ ਨੈਸ਼ਨਲ ਅਕੈਡਮੀ ਆਫ਼ ਪਬਲਿਕ ਐਡਮਿਨਿਸਟਰੇਸ਼ਨ (ਨਾਪਾ) ਵਿਚ ਫੈਲੋ ਚੁਣਿਆ ਗਿਆ ਹੈ। ਉਹ ਪਹਿਲੇ ਭਾਰਤੀ ਹਨ, ਜਿਨ੍ਹਾਂ ਨੂੰ ਨਾਪਾ ਲਈ ਚੁਣਿਆ ਗਿਆ ਹੈ। ਇਸ ਸਬੰਧੀ ਸਮਾਗਮ 16 ਅਤੇ 17 ਨਵੰਬਰ ਨੂੰ ਵਾਸ਼ਿੰਗਟਨ ਵਿਚ ਹੋਵੇਗਾ। ਨਾਪਾ ਆਜ਼ਾਦ, ਮੁਨਾਫ਼ੇ ਅਤੇ ਪੱਖਪਾਤ ਰਹਿਤ ਜਥੇਬੰਦੀ ਹੈ ਜਿਸ ਦੀ ਸਥਾਪਨਾ ਅਮਰੀਕੀ ਕਾਂਗਰਸ ਵੱਲੋਂ 1967 ਵਿਚ ਕੀਤੀ ਗਈ ਸੀ ਤਾਂ ਜੋ ਸਰਕਾਰੀ ਅਫ਼ਸਰਾਂ ਨੂੰ ਕਾਰਜਕੁਸ਼ਲ, ਜਵਾਬਦੇਹ ਅਤੇ ਪਾਰਦਰਸ਼ੀ ਬਣਾਇਆ ਜਾ ਸਕੇ। ਸ੍ਰੀ ਤ੍ਰਿਵੇਦੀ ਇਸ ਸਮੇਂ ਇੰਡੀਅਨ ਸਕੂਲ ਆਫ਼ ਬਿਜ਼ਨਸ ਦੀ ਜਨਤਕ ਨੀਤੀ ਦੇ ਸੀਨੀਅਰ ਫੈਲੋ (ਸ਼ਾਸਨ) ਅਤੇ ਪ੍ਰੋਫ਼ੈਸਰ ਹਨ।

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM



# KHALSA INSURANCE AGENCY, INC.

**Khalsa Insurance Agency is among TOP 50 agencies of Blue Cross in USA.**




» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the Lowest Health Insurance Premiums available
Some Households qualify for FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

## ਸੈਕਸ ਸਕੈਂਡਲ : ਗ੍ਰਿ.ਫਤਾਰੀ ਦੇ ਡਰੋਂ ਲੰਗਾਹ ਨੇ ਅਦਾਲਤ ਦਾ ਦਰ ਖੜਕਾਇਆ

*ਸ.ਫਾ ਇਕ ਦਾ ਬਾਕੀ*

ਉਧਰ ਲੰਗਾਹ ਦੇ ਮਾਮਲੇ ’ਤੇ ਜਿੱਥੇ ਸ਼੍ਰੋਮਣੀ ਅਕਾਲੀ ਦਲ ਨੂੰ ਲਗਾਤਾਰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਪੰਜਾਬ ਪੁਲੀਸ ਵੱਲੋਂ ਅਪਣਾਏ ਜਾ ਰਹੇ ਪੈਂਤੜੇ ਵੀ ਪੁਲੀਸ ਦੀ ਹਾਲਤ ਹਾਸੋਹੀਣੀ ਬਣਾ ਰਹੇ ਹਨ। ਗੁਰਦਾਸਪੁਰ ਵਿੱਚ ਜਬਰ ਜਨਾਹ ਅਤੇ ਧੋਖਾਧੜੀ ਦਾ ਕੇਸ ਦਰਜ ਹੋਣ ਤੋਂ ਬਾਅਦ ਪੁਲੀਸ ਇਸ ਆਗੂ ਨੂੰ ਗ੍ਰਿਫਤਾਰ ਕਰਨ ਵਿਚ ਕਾਮਯਾਬ ਨਾ ਹੋਈ ਤਾਂ ਪੰਜਾਬ ਸਮੇਤ ਹੋਰਨਾਂ ਰਾਜਾਂ ਦੀ ਪੁਲੀਸ ਨੂੰ ਲਿਖਤੀ ਅਲਰਟ ਜਾਰੀ ਕੀਤਾ ਗਿਆ ਹੈ। ਇਸ ਵਿੱਚ ਕਿਹਾ ਗਿਆ ਹੈ: “ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਜਿੱਥੇ ਵੀ ਦਿਖਾਈ ਦੇਵੇ ਉਸ ਨੂੰ ਤੁਰੰਤ ਹਿਰਾਸਤ ਵਿੱਚ ਲੈ ਲਿਆ ਜਾਵੇ।” ਸਾਬਕਾ ਅਕਾਲੀ ਆਗੂ ਦਾ ਦੋਸ਼ ਹੈ ਕਿ ਬਲਾਤਕਾਰ ਦਾ ਇਹ ਕੇਸ ਉਸ ਦੇ ਸਿਆਸੀ ਵਿਰੋਧੀਆਂ ਨੇ ਗੁਰਦਾਸਪਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਜਿੱਤਣ ਦੀ ਨਾਕਾਮ ਕੋਸ਼ਿਸ਼ ਵਿੱਚ ਬਦਲਾਖ਼ੋਰੀ ਤਹਿਤ ਦਰਜ ਕਰਵਾਇਆ ਹੈ। ਉਸ ਮੁਤਾਬਕ ਇਹ ਸਾਜ਼ਿਸ਼ ਕਾਂਗਰਸੀ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੇ ਰਚੀ ਹੈ। ਇਹ ਅਪੀਲ ਉਸ ਖ਼ਿਲਾ.ਫ ਗੁਰਦਾਸਪਰ ਸਿਟੀ ਪੁਲੀਸ ਥਾਣੇ ਵਿੱਚ ਬਲਾਤਕਾਰ ਦਾ ਕੇਸ ਦਰਜ ਹੋਣ ਤੋਂ ਚਾਰ ਦਿਨਾਂ ਬਾਅਦ ਦਾਇਰ ਕੀਤੀ ਗਈ ਹੈ। ਲੰਗਾਹ ਦਾ ਦਾਅਵਾ ਹੈ ਕਿ ਉਸ ਨੂੰ ਕੇਸ ਵਿੱਚ ‘ਝੂਠਾ ਤੇ .ਗਲਤ ਢੰਗ ਨਾਲ’ ਫਸਾਇਆ ਗਿਆ ਹੈ। ਉਸ ਨੇ ਕਿਹਾ ਕਿ ਉਹ 5 ਵਾਰ ਵਿਧਾਨ ਸਭਾ ਚੋਣਾਂ ਲੜ ਚੁੱਕਾ ਤੇ ਦੋ ਵਾਰ ਕੈਬਨਿਟ ਮੰਤਰੀ ਰਿਹਾ ਹੈ, ਜਿਸ ਕਾਰਨ ਉਸ ਨੂੰ ਫਸਾਇਆ ਗਿਆ ਹੈ। ਹਾਲੀਆ ਵਿਧਾਨ ਸਭਾ ਚੋਣਾਂ ਵਿੱਚ ਉਹ ਸ੍ਰੀ ਰੰਧਾਵਾ ਤੋਂ ਕੁਝ ਸੈਂਕੜੇ ਵੋਟਾਂ ਨਾਲ ਹਾਰ ਗਿਆ ਸੀ। ਮੁਲਜ਼ਮ ਨੇ ਅਦਾਲਤ ਨੂੰ ਦਿੱਤੀ ਅਰਜ਼ੀ ਵਿੱਚ ਕਿਹਾ ਹੈ ਕਿ ਉਸ ਖ਼ਿਲਾ.ਫ ਸਿਆਸੀ ਬਦਲਾਖ਼ੋਰੀ ਤਹਿਤ ਕੇਸ ਦਰਜ ਕੀਤਾ ਗਿਆ ਹੈ ਅਤੇ ਉਸ ਨੂੰ ਬਲਾਤਕਾਰ ਦੇ ਝੂਠੇ ਕੇਸ ਵਿੱਚ ਫ਼ਸਾਇਆ ਗਿਆ ਹੈ। ਅਰਜ਼ੀ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਉਸ ਨੂੰ ਡਰ ਹੈ ਕਿ ਗੁਰਦਾਸਪੁਰ ਵਿੱਚ ਅਦਾਲਤ ਅੱਗੇ ਪੇਸ਼ ਹੋਣ ਨਾਲ ਪੰਜਾਬ ਪੁਲੀਸ ਸਰਕਾਰ ਦੇ ਦਬਾਅ ਹੇਠ ਉਸ ’ਤੇ ਤਸ਼ੱਦਦ ਕਰ ਸਕਦੀ ਹੈ। ਲੰਗਾਹ ਨੇ ਅਰਜ਼ੀ ਵਿੱਚ ਵਿਸ਼ੇਸ਼ ਤੌਰ ’ਤੇ ਗੁਰਦਾਸਪੁਰ ਤੋਂ ਕਾਂਗਰਸ ਦੇ ਵਿਧਾਇਕ ਅਤੇ ਸਾਬਕਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ’ਤੇ ਉਸ ਨੂੰ ਫਸਾਉਣ ਲਈ ਸਾਜ਼ਿਸ਼ ਘੜਨ ਦਾ ਦੋਸ਼ ਲਾਇਆ ਹੈ।

ਚਿੱਟੇ ਕੁੜਤੇ ਪਜਾਮੇ ਅਤੇ ਨੀਲੀ ਦਸਤਾਰ ਬੰਨ੍ਹ ਕੇ ਅਦਾਲਤ ਵਿੱਚ ਪੇਸ਼ ਹੋਣ ਮੌਕੇ ਲੰਗਾਹ ਦੇ ਨਾਲ ਉਸ ਦੇ ਪਰਿਵਾਰਕ ਮੈਂਬਰ ਵੀ ਮੌਜੂਦ ਸਨ। ਚੰਡੀਗੜ੍ਹ ਤੋਂ ਸਾਬਕਾ ਕਾਂਗਰਸ ਆਗੂ ਵਿਜੈਪਾਲ ਡਿੰਪੀ ਵੀ ਉਸ ਦੇ ਨਾਲ ਆਏ। ਪੁਲੀਸ ਕੋਲ ਦਰਜ ਕੇਸ ਮੁਤਾਬਕ ਮੁਲਜ਼ਮ ਉਤੇ ਆਪਣੀ ਬੇਟੀ ਦੀ ਹਮਜਮਾਤਣ ਰਹੀ ਮਹਿਲਾ ਨਾਲ ਨੌਕਰੀ ਦਾ ਝਾਂਸਾ ਦੇ ਕੇ 8 ਸਾਲਾਂ ਤੋਂ ਬਲਾਤਕਾਰ ਕਰਨ ਦੇ ਦੋਸ਼ ਲੱਗੇ ਹਨ। ਸ਼ਿਕਾਇਤਕਰਤਾ, ਜੋ ਇਸ ਵੇਲੇ ਪੰਜਾਬ ਵਿਜੀਲੈਂਸ ਵਿੱਚ ਤਾਇਨਾਤ ਹੈ, ਨੇ ਸ਼ਿਕਾਇਤ ਨਾਲ ਵੀਡੀਓ ਵੀ ਨੱਥੀ ਕੀਤੀ ਹੈ। ਇਸ ਦੌਰਾਨ ਮੁਲਜ਼ਮ ਦੇ ਵਕੀਲ ਅਤੇ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਰਵਿੰਦਰ ਸਿੰਘ ਜੌਲੀ ਨੇ ਦੱਸਿਆ ਕਿ ਅਦਾਲਤ ਨੇ ਅਧਿਕਾਰ ਖੇਤਰ ਦਾ ਹਵਾਲਾ ਦੇ ਕੇ ਗੁਰਦਾਸਪੁਰ ਅਦਾਲਤ ਅੱਗੇ ਆਤਮ ਸਮਰਪਣ ਕਰਨ ਲਈ ਕਿਹਾ ਹੈ ਅਤੇ ਮੁਲਜ਼ਮ ਇਸ ਲਈ ਰਾਜ਼ੀ ਹੈ।

ਜ਼ਿਕਰਯੋਗ ਹੈ ਕਿ ਬੀਤੀ 29 ਸਤੰਬਰ ਨੂੰ ਗੁਰਦਾਸਪੁਰ ਦੇ ਥਾਣਾ ਸਿਟੀ ਵਿਖੇ ਸੁੱਚਾ ਸਿੰਘ ਲੰਗਾਹ ਖ਼ਿਲਾ.ਫ ਇਕ ਔਰਤ ਵਲੋਂ ਜਬਰ ਜਨਾਹ ਤੇ ਧੋਖਾਧੜੀ ਦਾ ਮਾਮਲਾ ਦਰਜ ਕਰਵਾਇਆ ਗਿਆ ਸੀ, ਜਿਸ ਦੇ ਬਾਅਦ ਲੰਗਾਹ ਵਲੋਂ ਅਗਲੇ ਦਿਨ ਆਤਮ-ਸਮਰਪਣ ਲਈ ਕਿਹਾ ਗਿਆ ਸੀ ਪਰ 30 ਸਤੰਬਰ ਨੂੰ ਅਦਾਲਤ ਵਿਚ ਆਤਮ-ਸਮਰਪਣ ਨਾ ਕੀਤੇ ਜਾਣ ਦੇ ਬਾਅਦ ਪੁਲੀਸ ਵਲੋਂ ਵਿਸ਼ੇਸ਼ ਟੀਮਾਂ ਗਠਿਤ ਕਰਕੇ ਉਸ ਦੀ ਭਾਲ ਸ਼ੁਰੂ ਕੀਤੀ ਗਈ। ਪੀੜਤ ਨੇ ਪੁਲੀਸ ਦੇ ਉੱਚ ਅਧਿਕਾਰੀਆਂ ਨੂੰ ਦਿੱਤੀ ਲਿਖਤੀ ਸ਼ਿਕਾਇਤ ਨਾਲ ਵੀਡੀਓ ਕਲਿੱਪ ਵੀ ਦਿੱਤੀ। ਥਾਣਾ ਸਿਟੀ ਵਿੱਚ ਸਾਬਕਾ ਅਕਾਲੀ ਮੰਤਰੀ ਖ਼ਿਲਾ.ਫ ਦਰਜ ਚਾਰ ਪੰਨਿਆਂ ਦੀ ਐਫਆਈਆਰ ਵਿੱਚ ਪੀੜਤ ਨੇ ਕਈ ਖੁਲਾਸੇ ਕੀਤੇ ਹਨ। ਉਸ ਨੇ ਉੱਚ ਅਧਿਕਾਰੀਆਂ ਨੂੰ ਇਨਸਾਫ਼ ਦੀ ਅਪੀਲ ਕਰਦਿਆਂ ਖ਼ੁਦ ਅਤੇ ਪਰਿਵਾਰ ਦੀ ਜਾਨ ਨੂੰ ਖ਼ਤਰਾ ਹੋਣ ਦਾ ਖ਼ਦਸ਼ਾ ਜ਼ਾਹਰ ਕੀਤਾ ਅਤੇ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ ਕੀਤੀ। ਪੀੜਤ ਨੇ ਸ਼ਿਕਾਇਤ ਵਿੱਚ ਦੱਸਿਆ ਕਿ 2008 ਵਿੱਚ ਉਸ ਦੇ ਪਤੀ ਦੀ ਮੌਤ ਹੋਣ ਕਾਰਨ 2 ਬੱਚਿਆਂ ਦੀ ਜ਼ਿੰਮੇਵਾਰੀ ਉਸ ਦੇ ਸਿਰ ਹੋਣ ਕਾਰਨ ਨੌਕਰੀ ਦੀ ਸਖ਼ਤ ਲੋੜ ਸੀ। ਇਸ ਕਾਰਨ ਪਹਿਲੀ ਵਾਰ 2009 ਵਿੱਚ ਪਰਿਵਾਰ ਸਮੇਤ ਸੁੱਚਾ ਸਿੰਘ ਲੰਗਾਹ ਨੂੰ ਪੰਜਾਬ ਭਵਨ ਚੰਡੀਗੜ੍ਹ ਵਿੱਚ ਮਿਲੀ। ਇਸ ਤੋਂ ਬਾਅਦ ਦੋ-ਤਿੰਨ ਵਾਰ ਜਦੋਂ ਇਕੱਲੀ ਮਿਲੀ ਤਾਂ ਡਰਾ ਧਮਕਾ ਕੇ ਅਤੇ ਨੌਕਰੀ ਦਿਵਾਉਣ ਦਾ ਆਖ ਕੇ ਸੁੱਚਾ ਸਿੰਘ ਲੰਗਾਹ ਨੇ ਉਸ ਦਾ ਸਰੀਰਿਕ ਸ਼ੋਸ਼ਣ ਕੀਤਾ। ਪੀੜਤ ਨੂੰ ਪਤੀ ਦੀ ਥਾਂ ਤਰਸ ਦੇ ਆਧਾਰ ਉੱਤੇ ਨੌਕਰੀ ਮਿਲਣ ਤੋਂ ਬਾਅਦ ਵੀ ਬਲੈਕਮੇਲ ਕਰ ਕੇ ਸਰੀਰਿਕ ਸ਼ੋਸ਼ਣ ਕੀਤਾ ਜਾਂਦਾ ਰਿਹਾ। ਉਸ ਨੇ ਲੰਗਾਹ ਉਤੇ ਹੋਰ ਔਰਤਾਂ ਦੀ ਜ਼ਿੰਦਗੀ ਬਰਬਾਦ ਕਰਨ ਦੇ ਨਾਲ ਨਾਲ ਉਸ ਦੀ ਜ਼ਮੀਨ ਅਤੇ ਮਕਾਨ ਵਿਕਵਾਉਣ ਤੋਂ ਇਲਾਵਾ ਧਮਕਾਉਣ ਦੇ ਕਈ ਗੰਭੀਰ ਦੋਸ਼ ਲਾਏ।

# ਵਿਵਾਦਾਂ ਵਿਚ ਹੀ ਘਿਰਿਆ ਰਿਹੈ ਲੰਗਾਹ ਦਾ ਜੀਵਨ



## ਖਾੜਕੂਵਾਦ ਵੇਲੇ ਲੰਗਾਹ ਨੇ ਲਾਈ ਸੀ ਬਾਦਲਾਂ ਨਾਲ ਯਾਰੀ

**ਚੰਡੀਗੜ੍ਹ/ਬਿਊਰੋ ਨਿਊਜ਼ :**

ਸ਼੍ਰੋਮਣੀ ਅਕਾਲੀ ਦਲ ਦੇ ਮਾਝੇ ਨਾਲ ਸਬੰਧਤ ਆਗੂ ਸੁੱਚਾ ਸਿੰਘ ਲੰਗਾਹ ਦਾ ਵਿਵਾਦਾਂ ਨਾਲ ਵਾਹ ਕੋਈ ਨਵੀਂ ਗੱਲ ਨਹੀਂ। ਉਹ ਆਪਣੇ ਇਲਾਕੇ ਵਿੱਚ ਭਾਵੇਂ ਮਕਬੂਲ ਹੋਵੇ ਪਰ ਢਾਈ ਦਹਾਕਿਆਂ ਤੋਂ ਉਹ ਕਿਸੇ ਨਾ ਕਿਸੇ ਵਿਵਾਦ ਵਿਚ ਘਿਰਦਾ ਆ ਰਿਹਾ ਹੈ। ਇਹ ਵੱਖਰੀ ਗੱਲ ਹੈ ਕਿ ਹੁਣ ਉਸ ’ਤੇ ਬਲਾਤਕਾਰ ਸਮੇਤ ਹੋਰ ਸੰਗੀਨ ਦੋਸ਼ ਲੱਗੇ ਹਨ ਜਿਨ੍ਹਾਂ ਵਿਚੋਂ ਬਚਾਅ ਸੌਖਾ ਨਹੀਂ ਜਾਪਦਾ। ਪੁਲੀਸ ਤੇ ਸਰਕਾਰ ਨੇ ਮੁਢਲੀਆਂ ਸ਼ਰਤਾਂ ਪੂਰੀਆਂ ਕਰਨ ਬਾਅਦ ਹੀ ਇਸ ਅਕਾਲੀ ਆਗੂ ਖ਼ਿਲਾ.ਫ ਕਾਨੂੰਨੀ ਕਾਰਵਾਈ ਕੀਤੀ ਹੈ। ਦੱਸਣਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੇ ਪਹਿਲੇ ਕਾਰਜਕਾਲ (2002-2007) ਦੌਰਾਨ ਵੀ ਲੰਗਾਹ ਖ਼ਿਲਾ.ਫ ਭ੍ਰਿਸ਼ਟਾਚਾਰ ਤੇ ਹੋਰ ਧਾਰਾਵਾਂ ਤਹਿਤ ਕੇਸ ਦਰਜ ਹੋਇਆ ਸੀ। ਇਸ ਮਾਮਲੇ ਵਿਚ ਮੁਹਾਲੀ ਦੀ ਅਦਾਲਤ ਨੇ ਸਜ਼ਾ ਵੀ ਸੁਣਾਈ ਹੈ ਪਰ ਸੁਪਰੀਮ ਕੋਰਟ ਵਿਚੋਂ ਰਾਹਤ ਮਿਲਣ ਬਾਅਦ ਹੀ ਉਹ ਲੰਘੀਆਂ ਵਿਧਾਨ ਸਭਾ ਚੋਣਾਂ ਲੜਨ ਵਿਚ ਕਾਮਯਾਬ ਹੋ ਗਿਆ ਸੀ। ਇਸ ਅਕਾਲੀ ਆਗੂ ਨੂੰ ਪਾਰਟੀ ਦੇ ਸਰਪ੍ਰਸਤ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਕਰੀਬੀਆਂ ਵਿਚੋਂ ਮੰਨਿਆ ਜਾਂਦਾ ਹੈ। ਪਾਰਟੀ ਹਲਕਿਆਂ ਮੁਤਾਬਕ ਖਾੜਕੂਵਾਦ ਵੇਲੇ ਲੰਗਾਹ ਦੀ ਬਾਦਲ ਪਰਿਵਾਰ ਨੇੜਤਾ ਬਣੀ ਸੀ। 1997 ਵਿੱਚ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਬਣੀ ਤਾਂ ਇਸ ਨੂੰ ਸਭ ਤੋਂ ਪ੍ਰਭਾਵਸ਼ਾਲੀ ਲੋਕ ਨਿਰਮਾਣ ਮੰਤਰੀ ਬਣਾਇਆ ਗਿਆ। ਸਾਲ 2007 ਵਿਚ ਅਕਾਲੀ ਸਰਕਾਰ ਨੇ ਲੰਗਾਹ ਨੂੰ ਖੇਤੀਬਾੜੀ ਮੰਤਰੀ ਬਣਾਇਆ ਸੀ।

ਪਾਰਟੀ ਅੰਦਰ ਇਹ ਮੰਨਿਆ ਜਾਂਦਾ ਹੈ ਕਿ ਖਾੜਕੂਵਾਦ ਦੀਆਂ ‘ਮਿਹਰਬਾਨੀਆਂ’ ਸਦਕਾ ਪ੍ਰਕਾਸ਼ ਸਿੰਘ ਬਾਦਲ ਨੇ ਹਮੇਸ਼ਾ ਸ੍ਰੀ ਲੰਗਾਹ ਦਾ ਪੱਖ ਲਿਆ ਹੈ ਪਰ ਹੁਣ ਹਾਲਾਤ ਹੀ ਕੁੱਝ ਅਜਿਹੇ ਬਣ ਗਏ ਹਨ ਕਿ ਬਾਦਲ ਪਰਿਵਾਰ ਵੀ ਬੇਵੱਸ ਦਿਖਾਈ ਦੇ ਰਿਹਾ ਹੈ। ਸੂਤਰਾਂ ਮੁਤਾਬਕ ਜਦੋਂ ਬਲਾਤਕਾਰ ਦਾ ਇਹ ਮਾਮਲਾ ਸਾਹਮਣੇ ਆਇਆ ਤਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਪਹਿਲਾਂ ਤਾਂ ਆਪਣੇ ਤੌਰ ’ਤੇ ਕਮੇਟੀ ਕਾਇਮ ਕਰਕੇ ਜਾਂਚ ਕਰਾਉਣ ਦਾ ਫੈਸਲਾ ਕੀਤਾ ਤਾਂ ਜੋ ਸੰਕਟ ਦੀ ਘੜੀ ਵਿਚ ਇਸ ਨੇਤਾ ਦਾ ਅਸਿੱਧੇ ਢੰਗ ਨਾਲ ਸਾਥ ਦਿੱਤਾ ਜਾਵੇ। ਪਰ ਪ੍ਰਕਾਸ਼ ਸਿੰਘ ਬਾਦਲ ਨੇ ਮਸ਼ਵਰਾ ਦਿੱਤਾ ਕਿ ਹਾਲ ਦੀ ਘੜੀ ਲੰਗਾਹ ਨੂੰ ਸਾਰੇ ਅਹੁਦਿਆਂ ਤੋਂ ਲਾਹ ਦੇਣ ਵਿਚ ਹੀ ਪਾਰਟੀ ਦੀ ਭਲਾਈ ਹੈ। ਵੱਡੇ ਬਾਦਲ ਦੇ ਮਸ਼ਵਰੇ ਬਾਅਦ ਹੀ ਸ੍ਰੀ ਲੰਗਾਹ ਨੂੰ ਅਸਤੀ.ਫਾ ਦੇਣ ਲਈ ਕਿਹਾ ਗਿਆ ਅਤੇ ਛੋਟੇ ਬਾਦਲ ਨੇ ਅਸਤੀਫਾ ਤੁਰੰਤ ਮਨਜ਼ੂਰ ਵੀ ਕਰ ਲਿਆ।

ਮਹਿਲਾ ਪੁਲੀਸ ਮੁਲਾਜ਼ਮ ਵੱਲੋਂ ਗੁਰਦਾਸਪੁਰ ਪੁਲੀਸ ਕੋਲ ਜਬਰ ਜਨਾਹ ਦਾ ਕੇਸ ਦਰਜ ਕਰਾਏ ਜਾਣ ਬਾਅਦ ਸੁੱਚਾ ਸਿੰਘ ਲੰਗਾਹ ਰੂਪੋਸ਼ ਹੋ ਗਿਆ ਹੈ। ਅਦਾਲਤ ਵਿਚ ਆਤਮ ਸਮਰਪਣ ਤੋਂ ਪਹਿਲਾਂ ਸ੍ਰੀ ਲੰਗਾਹ ਨੂੰ ਨੱਪਣ ਲਈ ਪੁਲੀਸ ਜ਼ਿਲ੍ਹਾ ਕਚਹਿਰੀਆਂ ਅੱਗੇ ਡੇਰੇ ਲਾਈ ਬੈਠੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਤਰਜਮਾਨ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਇਸ ਮਾਮਲੇ ਨਾਲ ਸ੍ਰੀ ਲੰਗਾਹ ਦਾ ਰਾਜਸੀ ਜੀਵਨ ਖ਼ਤਮ ਹੋ ਗਿਆ ਹੈ। ਉਨ੍ਹਾਂ ਮੰਨਿਆ ਕਿ ਪਰਾਈ ਇਸਤਰੀ ਨਾਲ ਜਿਸਮਾਨੀ ਸਬੰਧਾਂ ਨੂੰ ਸਿੱਖ ਰਹਿਤ ਮਰਿਆਦਾ ਦੀਆਂ ਬੱਜਰ ਕੁਰਹਿਤਾਂ ਵਿੱਚੋਂ ਇਕ ਮੰਨਿਆ ਜਾਂਦਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਪ੍ਰਤੀਕਰਮ ਬਾਰੇ ਪੁੱਛਣ ’ਤੇ ਉਨ੍ਹਾਂ ਕਿਹਾ ਕਿ ਸ੍ਰੀ ਬਾਦਲ ਨੇ ਲੰਗਾਹ ਦੇ ਅਸਤੀਫੇ ਉਸੇ ਦਿਨ ਪ੍ਰਵਾਨ ਕਰ ਲਏ ਸਨ। ਭਾਜਪਾ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਪ੍ਰਭਾਤ ਝਾਅ ਨੇ ਇਸ ਮਾਮਲੇ ਨੂੰ ਰਾਜਸੀ ਬਦਲਾਖੋਰੀ ਅਤੇ ਪਹਿਲਾਂ ਤੋਂ ਬਣਾਈ ਨਕਲੀ ਵੀਡੀਓ ਕਹਿ ਕੇ ਟਾਲਣ ਦੀ ਕੋਸ਼ਿਸ਼ ਕੀਤੀ। ਕੈਬਨਿਟ ਮੰਤਰੀ ਨਵਜੋਤ ਸਿੱਧੂ ਨੇ ਤਿੱਖਾ ਹਮਲਾ ਕਰਦਿਆਂ ਅਕਾਲੀਆਂ ਨੂੰ ‘ਬਲਾਤਕਾਰੀ ਤੇ ਚਿੱਟੇ ਦੇ ਵਪਾਰੀ’ ਕਹਿ ਕੇ ਭੰਡਿਆ ਹੈ।

## ਅਕਾਲੀ ਦਲ ਨੇ ਪਾਰਟੀ ਵਿਚੋਂ ਲੰਗਾਹ ਦੀ ਕੀਤੀ ਛਾਂਟੀ

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਦੇ ਸੈਕਸ ਸਕੈਂਡਲ ਵਿਚ ਫਸ ਜਾਣ ਕਾਰਨ ਅਕਾਲੀ ਦਲ ਨੂੰ ਜਿੱਥੇ ਵੱਡੀ ਸ਼ਰਮਨਾਕ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਪਾਰਟੀ ਲਈ ਗੁਰਦਾਸਪੁਰ ਦੀ ਜ਼ਿਮਨੀ ਚੋਣ ਦੌਰਾਨ ਵੀ ਸਥਿਤੀ ਹਾਸੋਹੀਣੀ ਬਣ ਗਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਕੋਰ ਕਮੇਟੀ ਮੈਂਬਰ ਸੁੱਚਾ ਸਿੰਘ ਲੰਗਾਹ ਵੱਲੋਂ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਦਿੱਤੇ ਅਸਤੀ.ਫੇ .ਫੌਰੀ ਮਨਜ਼ੂਰ ਕਰ ਲਏ। ਸੁਖਬੀਰ ਸਿੰਘ ਬਾਦਲ, ਜਿਨ੍ਹਾਂ ਪਹਿਲਾਂ ਐਲਾਨੇ ਪ੍ਰੋਗਰਾਮ ਅਨੁਸਾਰ ਸ. ਲੰਗਾਹ ਦੇ ਹਲਕਾ ਫਤਹਿਗੜ੍ਹ ਚੂੜੀਆਂ ਤੋਂ ਚੋਣ ਰੈਲੀਆਂ ਦੀ ਸ਼ੁਰੂਆਤ ਕਰਨੀ ਸੀ, ਵਲੋਂ ਪ੍ਰੋਗਰਾਮ ਰੱਦ ਕਰ ਦਿੱਤਾ ਗਿਆ ਸੀ, ਕਿਉਂਕਿ ਸਥਾਨਕ ਪਾਰਟੀ ਲੀਡਰਸ਼ਿਪ ਲੰਗਾਹ ਵਿਰੁੱਧ ਲੱਗੇ ਦੋਸ਼ਾਂ ਦੇ ਵੱਡੇ ਝਟਕੇ ਵਿਚੋਂ ਹੀ ਅਜੇ ਨਹੀਂ ਨਿਕਲ ਪਾਈ ਸੀ।

ਸੂਚਨਾ ਅਨੁਸਾਰ ਲੰਗਾਹ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੁਣੇ ਹੋਏ ਮੈਂਬਰ ਹੋਣ ਕਾਰਨ ਤੇ ਅੰਮ੍ਰਿਤਧਾਰੀ ਸਿੱਖ ਵੱਲੋਂ ਅਜਿਹੀ ਬੇਹੁਰਮਤੀ ਰਾਹੀਂ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਵਿਚ ਵੀ ਕਾਰਵਾਈ ਹੋ ਸਕਦੀ ਹੈ ਤੇ ਇਸ ਲਈ ਵੀ ਉਸ ਵਿਰੁੱਧ ਧਾਰਾ 295 ਅਧੀਨ ਕੇਸ ਦਰਜ ਕੀਤਾ ਜਾ ਸਕਦਾ ਹੈ, ਜੋ ਕਿ ਹਾਲ ਦੀ ਘੜੀ ਪੁਲੀਸ ਵਲੋਂ ਨਹੀਂ ਕੀਤਾ ਗਿਆ।

## ਭਾਜਪਾ ਉਮੀਦਵਾਰ ਦੀ ਮੁਹਿੰਮ ’ਤੇ ਪਰਛਾਵਾਂ

ਅੰਮ੍ਰਿਤਸਰ : ਸਾਬਕਾ ਅਕਾਲੀ ਮੰਤਰੀ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸੁੱਚਾ ਸਿੰਘ ਲੰਗਾਹ ਖ਼ਿਲਾ.ਫ ਜਬਰ-ਜਨਾਹ ਦੇ ਦੋਸ਼ ਹੇਠ ਕੇਸ ਦਰਜ ਹੋਣ ਨਾਲ ਗੁਰਦਾਸਪੁਰ ਵਿੱਚ ਅਕਾਲੀ-ਭਾਜਪਾ ਉਮੀਦਵਾਰ ਦੀ ਸਾਖ਼ ਨੂੰ ਢਾਹ ਲੱਗ ਸਕਦੀ ਹੈ। ਇਸ ਮਾਮਲੇ ਵਿੱਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਅਸਤੀ.ਫੇ ਅਤੇ ਸ੍ਰੀ ਲੰਗਾਹ ਨੂੰ ਪਾਰਟੀ ਵਿੱਚੋਂ ਕੱਢਣ ਦੀ ਮੰਗ ਉੱਠੀ ਹੈ।

ਅਕਾਲੀ-ਭਾਜਪਾ ਆਗੂਆਂ ਵੱਲੋਂ ਗੁਰਦਾਸਪੁਰ ਵਿੱਚ ਚੋਣ ਪ੍ਰਚਾਰ ਜ਼ੋਰਾਂ ’ਤੇ ਸੀ, ਪਰ ਲੰਗਾਹ ਖ਼ਿਲਾ.ਫ ਕੇਸ ਦਰਜ ਹੋਣ ਨਾਲ ਗਠਜੋੜ ਨੂੰ ਹੁਣ ਬਚਾਅ ਰੁਖ ਅਖ਼ਤਿਆਰ ਕਰਨ ’ਤੇ ਧਿਆਨ ਦੇਣਾ ਪੈ ਰਿਹਾ ਹੈ, ਜਿਸ ਦਾ ਸਿੱਧਾ ਲਾਭ ਕਾਂਗਰਸੀ ਉਮੀਦਵਾਰ ਨੂੰ ਹੋਣ ਦੀ ਸੰਭਾਵਨਾ ਹੈ। ਅਕਾਲੀ ਦਲ ਨੇ ਸ੍ਰੀ ਲੰਗਾਹ ਨੂੰ ਚੋਣ ਪ੍ਰਚਾਰ ਕਮੇਟੀ ਦਾ ਮੁਖੀ ਵੀ ਬਣਾਇਆ ਹੋਇਆ ਸੀ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਅਮਰਜੀਤ ਸਿੰਘ ਟਿੱਕਾ ਨੇ ਆਖਿਆ ਕਿ ਅਕਾਲੀ ਦਲ ਦੇ ਸਾਬਕਾ ਮੰਤਰੀ ਤੇ ਸ਼੍ਰੋਮਣੀ ਕਮੇਟੀ ਮੈਂਬਰ ਖ਼ਿਲਾ.ਫ ਜਬਰ-ਜਨਾਹ ਵਰਗੇ ਮਾਮਲੇ ਵਿੱਚ ਕੇਸ ਦਰਜ ਹੋਣ ਤੋਂ ਬਾਅਦ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਨੈਤਿਕ ਆਧਾਰ ’ਤੇ ਅਸਤੀ.ਫਾ ਦੇ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਆਪਣੇ ਆਪ ਨੂੰ ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੀ ਪਾਰਟੀ ਆਖਦਾ ਹੈ ਤੇ ਅਜਿਹੀ ਸਥਿਤੀ ਵਿੱਚ ਪ੍ਰਧਾਨ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਅਹੁਦੇ ਤੋਂ ਅਸਤੀ.ਫਾ ਦੇਵੇ। ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਪ੍ਰਧਾਨ ਅਤੇ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਆਖਿਆ ਕਿ ਸੁੱਚਾ ਸਿੰਘ ਲੰਗਾਹ ਨੂੰ ਤੁਰੰਤ ਅਕਾਲੀ ਦਲ ਵਿੱਚੋਂ ਬਾਹਰ ਕਰ ਦੇਣਾ ਚਾਹੀਦਾ ਹੈ।

## ਸੁੱਚਾ ਸਿੰਘ ਲੰਗਾਹ ਵਿਵਾਦ : ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 5 ਅਕਤੂਬਰ ਨੂੰ

ਅੰਮ੍ਰਿਤਸਰ/ਆਨੰਦਪੁਰ ਸਾਹਿਬ : ਸਾਬਕਾ ਅਕਾਲੀ ਮੰਤਰੀ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਸੁੱਚਾ ਸਿੰਘ ਲੰਗਾਹ ਦੀ ਅਸ਼ਲੀਲ ਵੀਡੀਓ ਵਾਇਰਲ ਹੋਣ ਮਗਰੋਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਪੰਜ ਸਿੰਘ ਸਾਹਿਬਾਨ ਦੀ ਹੰਗਾਮੀ ਮੀਟਿੰਗ 5 ਅਕਤੂਬਰ ਨੂੰ ਸੱਦ ਲਈ ਹੈ। ਮੀਟਿੰਗ ਵਿੱਚ ਅੰਮ੍ਰਿਤਧਾਰੀ ਸਿੱਖ ਵੱਲੋਂ ਕੀਤੀ ‘ਬਜਰ ਕੁਰਹਿਤ’ ਨੂੰ ਵਿਚਾਰਿਆ ਜਾਵੇਗਾ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਵੀ ਸ੍ਰੀ ਲੰਗਾਹ ਦਾ ਸ਼੍ਰੋਮਣੀ ਕਮੇਟੀ ਮੈਂਬਰ ਵਜੋਂ ਅਸਤੀਫਾ ਪ੍ਰਵਾਨ ਕਰ ਲਿਆ ਹੈ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਜੋ ਅੱਜਕੱਲ੍ਹ ਉੱਤਰਾਖੰਡ ਵਿੱਚ ਧਰਮ ਪ੍ਰਚਾਰ ਦੇ ਦੌਰੇ ’ਤੇ ਹਨ, ਨੇ ਦੱਸਿਆ ਕਿ ਲੰਗਾਹ ਮਾਮਲੇ ਨੂੰ ਵਿਚਾਰਨ ਲਈ ਪੰਜ ਸਿੰਘ ਸਾਹਿਬਾਨ ਦੀ ਹੰਗਾਮੀ ਮੀਟਿੰਗ 5 ਅਕਤੂਬਰ ਨੂੰ ਅਕਾਲ ਤਖ਼ਤ ਸਕੱਤਰੇਤ ਵਿਖੇ ਸੱਦੀ ਗਈ ਹੈ, ਜਿਸ ਵਿੱਚ ਧਾਰਮਿਕ ਸਲਾਹਕਾਰ ਕਮੇਟੀ ਕੋਲੋਂ ਵੀ ਰਾਇ ਲਈ ਜਾਵੇਗੀ। ਇਸ ਰਾਏ ਮੁਤਾਬਕ ਹੀ ਪੰਜ ਸਿੰਘ ਸਾਹਿਬਾਨ ਵੱਲੋਂ ਅਗਲਾ .ਫੈਸਲਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਲੰਗਾਹ ਸ਼੍ਰੋਮਣੀ ਕਮੇਟੀ ਮੈਂਬਰ ਹੈ, ਜੋ ਸਿੱਖਾਂ ਦੀ ਸਿਰਮੌਰ ਨੁਮਾਇੰਦਾ ਧਾਰਮਿਕ ਜਥੇਬੰਦੀ ਹੈ। ਉਸ ਦੀ ਗੈਰ ਇਖ਼ਲਾਕੀ ਹਰਕਤ ਸਮਾਜਿਕ ਅਤੇ ਪੰਥਕ ਹਲਕਿਆਂ ਵਿੱਚ ਬਦਨਾਮੀ ਦਾ ਕਾਰਨ ਬਣੀ ਹੈ। ਉਸ ਨੇ ਸਿੱਖ ਰਹਿਤ ਮਰਿਆਦਾ ਦੇ ਨਿਯਮਾਂ ਦੀ ਵੀ ਉਲੰਘਣਾ ਕੀਤੀ ਹੈ ਅਤੇ ਉਸ ਦੀ ਇਹ ਕਾਰਵਾਈ ਸਿੱਖੀ ਅਸੂਲਾਂ ਦਾ ਘਾਣ ਹੈ। ਉਨ੍ਹਾਂ ਕਿਹਾ ਕਿ ਸਿੱਖੀ ਦੇ ਅਸੂਲਾਂ ਨੂੰ ਸੱਟ ਮਾਰਨ ਵਾਲੀ ਅਜਿਹੀ ਕਿਸੇ ਵੀ ਹਰਕਤ ਨੂੰ ਪੰਥ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦਾ ਅਤੇ ਉਸ ਨੂੰ ਢੁਕਵੀਂ ਸਜ਼ਾ ਦਿੱਤੀ ਜਾਵੇਗੀ।ਉਧਰ ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਵੀ ਲੰਗਾਹ ਵੱਲੋਂ ਭੇਜੇ ਅਸਤੀਫੇ ਨੂੰ ਪ੍ਰਵਾਨ ਕਰ ਲਿਆ ਹੈ। ਪ੍ਰੋ. ਬਡੂੰਗਰ ਨੇ ਦੱਸਿਆ ਕਿ ਉਸ ਦਾ ਇਹ ਅਸਤੀਫਾ ਅੰਤ੍ਰਿੰਗ ਕਮੇਟੀ ਦੀ ਪ੍ਰਵਾਨਗੀ ਦੀ ਆਸ ਦੇ ਆਧਾਰ ’ਤੇ ਪ੍ਰਵਾਨ ਕੀਤਾ ਗਿਆ ਹੈ। ਉਸ ਵੱਲੋਂ ਸ਼੍ਰੋਮਣੀ ਕਮੇਟੀ ਮੈਂਬਰ ਵਜੋਂ ਆਪਣਾ ਅਸਤੀਫਾ ਭੇਜਿਆ ਗਿਆ ਸੀ। ਅਕਾਲੀ ਆਗੂ ਲੰਗਾਹ ਖਿਲਾ.ਫ ਜਬਰ ਜਨਾਹ ਦਾ ਕੇਸ ਦਰਜ ਹੋਣ ਤੋਂ ਬਾਅਦ ਉਸ ਦੀਆਂ ਮੁਸ਼ਕਲਾਂ ਨਿਰੰਤਰ ਵੱਧ ਰਹੀਆਂ ਹਨ, ਜਿਸ ਕਾਰਨ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਸ਼ਰਮਸਾਰ ਹੋਣਾ ਪੈ ਰਿਹਾ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਅਮਰਜੀਤ ਸਿੰਘ ਟਿੱਕਾ ਨੇ ਬੀਤੇ ਦਿਨ ਅਕਾਲ ਤਖ਼ਤ ਦੇ ਜਥੇਦਾਰ ਨੂੰ ਇਹ ਵੀਡੀਓ ਭੇਜਦਿਆਂ ਅਕਾਲੀ ਆਗੂ ਖਿਲਾ.ਫ ਸਖ਼ਤ ਕਾਰਵਾਈ ਦੀ ਮੰਗ ਕੀਤੀ ਸੀ। ਇਸ ਤੋਂ ਇਲਾਵਾ ਹੋਰਨਾਂ ਕਈ ਸਿੱਖ ਜਥੇਬੰਦੀਆਂ ਨੇ ਲੰਗਾਹ ਖਿਲਾ.ਫ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।

# ਪਤੰਜਲੀ ਦਾ ਸੀ.ਈ.ਓ. ਆਚਾਰੀਆ ਬਾਲਕ੍ਰਿਸ਼ਨ ਭਾਰਤ ਦਾ 8ਵਾਂ ਸਭ ਤੋਂ ਅਮੀਰ ਆਦਮੀ






**ਬਾਲਕ੍ਰਿਸ਼ਨ ਦੀ ਜਾਇਦਾਦ 70 ਹਜ਼ਾਰ ਕਰੋੜ ਰੁਪਏ ਕਿਸ ਤਰ੍ਹਾਂ ਹੋਈ?**

ਇਹ ਭਾਰਤੀ ਯੋਗ ਪਰੰਪਰਾ ਦੀ ਨਵੀਂ ਕਹਾਣੀ ਹੈ। ਚੀਨੀ ਸੰਸਥਾ 'ਹੁਰੁਨ' ਨੇ ਭਾਰਤ 'ਚ 2017 ਦੇ ਅਮੀਰਾਂ ਦੀ ਸੂਚੀ ਜਾਰੀ ਕੀਤੀ ਹੈ। ਇਸ ਸੂਚੀ 'ਚ ਪਤੰਜਲੀ ਦਾ ਸੀ.ਈ.ਓ. ਆਚਾਰੀਆ ਬਾਲਕ੍ਰਿਸ਼ਨ ਭਾਰਤ ਦੇ 8ਵਾਂ ਸਭ ਤੋਂ ਅਮੀਰ ਆਦਮੀ ਹੈ। ਪਿਛਲੇ ਸਾਲ ਇਸ ਸੂਚੀ 'ਚ ਬਾਲਕ੍ਰਿਸ਼ਨ 25ਵੇਂ ਨੰਬਰ 'ਤੇ ਸੀ। ਇਸ ਸਾਲ ਉਸ ਦੀ ਜਾਇਦਾਦ 173 ਫ਼ੀ ਸਦੀ ਵੱਧ ਕੇ 70 ਹਜ਼ਾਰ ਕਰੋੜ ਰੁਪਏ 'ਤੇ ਪਹੁੰਚ ਗਈ ਹੈ। 'ਹੁਰੁਨ' ਦਾ ਕਹਿਣਾ ਹੈ ਕਿ ਬਾਲਕ੍ਰਿਸ਼ਨ ਦੀ ਜਾਇਦਾਦ ਵਧਣ 'ਚ ਨੋਟਬੰਦੀ ਅਤੇ ਜੀ.ਐਸ.ਟੀ. ਨਾਲ ਮਦਦ ਮਿਲੀ ਹੈ। ਸੰਸਥਾ ਮੁਤਾਬਕ ਨੋਟਬੰਦੀ ਦਾ ਸੰਗਠਤ ਖੇਤਰਾਂ 'ਤੇ ਚੰਗਾ ਅਸਰ ਪਿਆ ਹੈ।

**ਤਕੜੀ ਚੁਣੌਤੀ**

44 ਸਾਲਾਂ ਦਾ ਬਾਲਕ੍ਰਿਸ਼ਨ ਮਾਰਚ 'ਚ 'ਫ਼ੋਰਬਸ' ਰਸਾਲੇ ਦੀ ਦੁਨੀਆ ਭਰ ਦੇ ਅਰਬਪਤੀਆਂ ਦੀ ਸੂਚੀ 'ਚ 814ਵੇਂ ਨੰਬਰ 'ਤੇ ਸੀ। ਬਾਲਕ੍ਰਿਸ਼ਨ ਉਦੋਂ ਦੁਨੀਆ ਦੇ 2043 ਅਮੀਰਾਂ 'ਚੋਂ 814ਵੇਂ ਨੰਬਰ 'ਤੇ ਸੀ। ਪਿਛਲੇ ਸਾਲ ਬਾਲਕ੍ਰਿਸ਼ਨ 'ਫ਼ੋਰਬਸ' ਦੀ ਸਾਲਾਨਾ ਸੂਚੀ 'ਚ ਭਾਰਤ ਦੇ 100 ਅਮੀਰਾਂ 'ਚੋਂ 2.5 ਅਰਬ ਡਾਲਰ ਦੀ ਜਾਇਦਾਦ ਦੇ ਨਾਲ 48ਵੇਂ ਨੰਬਰ 'ਤੇ ਸੀ। ਪਿਛਲੇ ਵਿੱਤੀ ਵਰ੍ਹੇ 'ਚ ਪਤੰਜਲੀ ਦਾ ਟਰਨਓਵਰ 10,561 ਰੁਪਏ ਸੀ। ਪਤੰਜਲੀ ਕੌਮਾਂਤਰੀ ਕੰਪਨੀਆਂ ਨੂੰ ਤਕੜੀ ਚੁਣੌਤੀ ਦੇ ਰਹੀ ਹੈ। ਪਤੰਜਲੀ ਫ਼ਾਸਟ ਮੂਵਿੰਗ ਗੁੱਡ (ਐਫ਼.ਐਮ.ਸੀ.ਜੀ.) ਕੰਪਨੀ ਦੇ ਮਾਮਲੇ 'ਚ ਹਿੰਦੁਸਤਾਨ ਯੂਨੀਲੀਵਰ ਤੋਂ ਬਾਅਦ ਦੂਜੀ ਸਭ ਤੋਂ ਵੱਡੀ ਕੰਪਨੀ ਹੈ।

**ਕਿੱਥੇ-ਕਿੱਥੇ ਹੈ ਰਾਮਦੇਵ ਦੀ ਜ਼ਮੀਨ?**

'ਇਕੋਨਾਮਿਕ ਟਾਇਮਜ਼' ਮੁਤਾਬਕ ਪਿਛਲੇ ਵਿੱਤੀ ਵਰ੍ਹੇ 'ਚ 'ਹਿੰਦੁਸਤਾਨ ਯੂਨੀਲੀਵਰ' ਦਾ ਟਰਨਓਵਰ 30,783 ਕਰੋੜ ਰੁਪਏ ਸੀ। ਪਤੰਜਲੀ ਦਾ ਕਹਿਣਾ ਹੈ ਕਿ ਆਉਣ ਵਾਲੇ ਸਮੇਂ 'ਚ ਛੇਤੀ ਹੀ ਉਹ ਹਿੰਦੁਸਤਾਨ ਯੂਨੀਲੀਵਰ ਨੂੰ ਪਿੱਛੇ ਛੱਡ ਦੇਵੇਗੀ। ਵੈਸੇ ਬਾਲਕ੍ਰਿਸ਼ਨ ਦਾ ਅਰਬਪਤੀ ਬਣਨਾ ਰਾਤੋ-ਰਾਤ ਨਹੀਂ ਹੋਇਆ ਹੈ ਅਰਬਪਤੀਆਂ ਦਾ ਅਕਸ ਜੋ ਲੋਕਾਂ 'ਚ ਬਣਿਆ ਹੋਇਆ ਹੈ ਉਸ ਆਧਾਰ 'ਤੇ ਵੇਖੀਏ ਤਾਂ ਬਾਲਕ੍ਰਿਸ਼ਨ ਕਿਤੋਂ ਵੀ ਅਰਬਪਤੀ ਨਹੀਂ ਦਿਸਦਾ। ਮੀਡੀਆ ਰਿਪੋਰਟਾਂ ਅਨੁਸਾਰ ਪਤੰਜਲੀ ਆਯੁਰਵੇਦ 'ਚ 94 ਫ਼ੀ ਸਦੀ ਹਿੱਸਾ ਬਾਲਕ੍ਰਿਸ਼ਨ ਦਾ ਹੈ ਪਰ ਉਹ ਕੋਈ ਤਨਖ਼ਾਹ ਨਹੀਂ ਲੈਂਦਾ।

**'ਪਤੰਜਲੀ ਆਯੁਰਵੇਦ'**

ਬਾਲਕ੍ਰਿਸ਼ਨ ਦਾ ਜਨਮ ਨੇਪਾਲ 'ਚ ਹੋਇਆ ਸੀ ਅਤੇ ਉਸ ਨੇ ਹਰਿਆਣਾ ਦੇ ਇਕ ਗੁਰੂਕੁਲ 'ਚ ਯੋਗ ਗੁਰੂ ਰਾਮਦੇਵ ਨਾਲ ਪੜ੍ਹਾਈ ਕੀਤੀ ਸੀ। ਸੰਨ 1995 'ਚ ਦੋਹਾਂ ਨੇ ਮਿਲ ਕੇ 'ਦਿਵਯ ਫ਼ਾਰਮੇਸੀ' ਦੀ ਸਥਾਪਨਾ ਕੀਤੀ ਸੀ। ਸੰਨ 2006 'ਚ ਇਨ੍ਹਾਂ ਨੇ 'ਪਤੰਜਲੀ ਆਯੁਰਵੇਦ' ਦੀ ਸਥਾਪਨਾ ਕੀਤੀ। ਬਾਲਕ੍ਰਿਸ਼ਨ ਦੇ ਨਾਂ ਸਿਰਫ਼ ਸ਼ੌਹਰਤ ਹੀ ਨਹੀਂ ਹੈ। ਸੰਨ 2011 'ਚ ਸੀ.ਬੀ.ਆਈ. ਨੇ ਇਸ ਵਿਰੁੱਧ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਸੀ। ਹਾਲਾਂਕਿ ਬਾਅਦ 'ਚ ਉਸ ਨੂੰ ਕਲੀਨ ਚਿੱਟ ਦੇ ਦਿਤੀ ਗਈ। ਅੱਜ ਦੀ ਤਰੀਕ 'ਚ ਪਤੰਜਲੀ ਕੰਪਨੀ ਸ਼ੈਂਪੂ ਤੋਂ ਲੈ ਕੇ ਅਨਾਜ ਅਤੇ ਸਾਬਣ ਤੋਂ ਲੈ ਕੇ ਨੂਡਲਸ ਤਕ, ਹਰ ਚੀਜ਼ ਵੇਚਦੀ ਹੈ।

ਆਚਾਰੀਆ ਬਾਲਕ੍ਰਿਸ਼ਨ ਆਮ ਜਿਹੀ ਜ਼ਿੰਦਗੀ ਜਿਉਂਦਾ ਹੈ ਅਤੇ ਪਤੰਜਲੀ ਆਯੁਰਵੇਦ ਦਾ ਰੋਜ਼ਾਨਾ ਦਾ ਕੰਮਕਾਜ ਉਸ ਦੇ ਜ਼ਿੰਮੇ ਹੈ।

**ਰਾਮਦੇਵ ਅਤੇ ਬਾਲਕ੍ਰਿਸ਼ਨ ਦੀ ਜੋੜੀ**

ਹਰਿਦਵਾਰ ਦੇ ਆਪਣੇ ਦਫ਼ਤਰ 'ਚ ਬੀ.ਬੀ.ਸੀ. ਨੇਪਾਲੀ ਸੇਵਾ ਨੂੰ ਦਿੱਤੇ ਇਕ ਇੰਟਰਵਿਊ 'ਚ ਉਸ ਨੇ ਕਿਹਾ ਸੀ ਕਿ ਕੰਪਨੀ ਦੀ ਜਾਇਦਾਦ ਉਸ ਦੀ ਨਿੱਜੀ ਨਹੀਂ ਹੈ, ਬਲਕਿ ਉਸ ਬਰਾਂਡ ਦੀ ਹੈ ਜੋ ਸਮਾਜ ਦੇ ਵੱਖੋ-ਵੱਖ ਖੇਤਰਾਂ 'ਚ ਸੇਵਾ ਦਿੰਦੀ ਹੈ।

ਰਾਮਦੇਵ ਇਸ ਕੰਪਨੀ 'ਚ ਨਿੱਜੀ ਹੈਸੀਅਤ ਨਾਲ ਕੋਈ ਮਾਲਿਕਾਨਾ ਹੱਕ ਨਹੀਂ ਰੱਖਦਾ, ਪਰ ਹਾਈ ਪ੍ਰੋਫ਼ਾਈਲ ਯੋਗ ਗੁਰੂ ਪਤੰਜਲੀ ਆਯੁਰਵੇਦ ਦਾ ਚੇਹਰਾ ਵੀ ਹੈ।

ਕੰਪਨੀ ਦੇ ਬਰਾਂਡ ਅੰਬੈਸਡਰ ਵਜੋਂ ਰਾਮਦੇਵ ਇਨ੍ਹਾਂ ਦੇ ਉਤਪਾਦਾਂ ਦਾ ਪ੍ਰੋਮੋਸ਼ਨ ਅਤੇ ਇਸ਼ਤਿਹਾਰ ਕਰਦਾ ਹੈ।

ਬਾਲਕ੍ਰਿਸ਼ਨ ਦਾ ਕਹਿਣਾ ਹੈ ਕਿ ਅਰਬਪਤੀਆਂ ਦੀ ਸੂਚੀ 'ਚ ਉਸ ਦਾ ਨਾਂ ਆਉਣਾ, ਪਤੰਜਲੀ 'ਚ ਭਾਰਤੀ ਖਪਤਕਾਰਾਂ ਦੇ ਵਧਦੇ ਭਰੋਸੇ ਦਾ ਸਬੂਤ ਹੈ, ਜੋ ਬਾਜ਼ਾਰ 'ਚ ਲਗਭਗ ਸਾਢੇ ਤਿੰਨ ਸੌ ਉਤਪਾਦ ਵੇਚਦੀ ਹੈ।

ਉਸ ਨੇ ਕਿਹਾ, "ਕੰਪਨੀ ਦੀ ਜਾਇਦਾਦ ਕਿਸੇ ਦੀ ਨਿੱਜੀ ਜਾਇਦਾਦ ਨਹੀਂ ਹੈ। ਇਹ ਸਮਾਜ ਅਤੇ ਸਮਾਜ ਸੇਵਾ ਲਈ ਹੈ।"

**ਪਤੰਜਲੀ ਕਲੀਨਿਕ**

ਆਚਾਰੀਆ ਬਾਲਕ੍ਰਿਸ਼ਨ ਪਤੰਜਲੀ ਯੋਗਪੀਠ ਟਰੱਸਟ ਦਾ ਜਨਰਲ ਸਕੱਤਰ ਵੀ ਹੈ, ਜੋ ਕਰੀਬ 5000 ਪਤੰਜਲੀ ਕਲੀਨਿਕ ਦੀ ਦੇਖਭਾਲ ਕਰਦੀ ਹੈ ਅਤੇ ਇਕ ਲੱਖ ਤੋਂ ਜ਼ਿਆਦਾ ਯੋਗ ਜਮਾਤਾਂ ਦਾ ਸੰਚਾਲਨ ਕਰਦੀ ਹੈ।

ਬਾਲਕ੍ਰਿਸ਼ਨ ਪਤੰਜਲੀ ਯੂਨੀਵਰਸਟੀ ਦਾ ਵਾਇਸ ਚਾਂਸਲਰ ਵੀ ਹੈ, ਜਿਸ ਦੀ ਯੋਜਨਾ ਜੜੀਆਂ-ਬੂਟੀਆਂ 'ਤੇ ਆਧਾਰਤ ਦਵਾਈਆਂ ਦੀ ਸਿੱਖਿਆ ਦਾ ਵਿਸਤਾਰ ਕਰਨ ਦੀ ਹੈ।

ਉਹ ਪਤੰਜਲੀ ਯੋਗਪੀਠ ਦੇ ਹੈੱਡਕੁਆਰਟਰ ਦੀ ਮੁੱਖ ਇਮਾਰਤ 'ਚ ਬਣੇ ਹਸਪਤਾਲ ਦੀ ਪਹਿਲੀ ਮੰਜ਼ਿਲ ਉਤੇ ਸਥਿਤ ਸਧਾਰਨ ਜਿਹੇ ਦਫ਼ਤਰ 'ਚ ਕੰਮ ਕਰਦਾ ਹੈ।

ਉਸ ਦੇ ਦਫ਼ਤਰ ਦਾ ਵਾਤਾਵਰਣ ਰਾਮਦੇਵ ਦੀਆਂ ਤਸਵੀਰਾਂ, ਇਕ ਬੁੱਧ ਦੀ ਪੇਂਟਿੰਗ, ਕੁੱਝ ਕਿਤਾਬਾਂ ਅਤੇ ਤਸਵੀਰਾਂ ਕਰ ਕੇ ਅਧਿਆਤਮਕ ਜਿਹਾ ਲਗਦਾ ਹੈ।

ਆਚਾਰੀਆ ਬਾਲਕ੍ਰਿਸ਼ਨ ਦੇ ਦਫ਼ਤਰ 'ਚ ਕੋਈ ਕੰਪਿਊਟਰ ਜਾਂ ਲੈਪਟੌਪ ਨਹੀਂ ਹੈ ਅਤੇ ਉਸ ਦਾ ਕਹਿਣਾ ਹੈ ਕਿ ਉਸ ਕੋਲ ਵੀ ਇਹ ਚੀਜ਼ਾਂ ਨਹੀਂ ਹਨ।

**ਨੇਪਾਲ 'ਚ ਬਚਪਨ ਬੀਤਿਆ**

ਅਰਬਪਤੀ ਬਾਲਕ੍ਰਿਸ਼ਨ ਨੇ ਦਸਿਆ ਕਿ ਉਸ ਦੇ ਸਹਿਯੋਗੀ ਉਸ ਲਈ ਕੰਪਿਊਟਰ ਦਾ ਜ਼ਰੂਰੀ ਕੰਮ ਕਰਦੇ ਹਨ ਅਤੇ ਸੰਵਾਦ ਲਈ ਉਹ ਇਕ ਆਈਫ਼ੋਨ ਪ੍ਰਯੋਗ ਕਰਦਾ ਹੈ।

ਬੀ.ਬੀ.ਸੀ. ਨੇਪਾਲੀ ਸੇਵਾ ਨੂੰ ਦਿੱਤੇ ਇੰਟਰਵਿਊ 'ਚ ਬਾਲਕ੍ਰਿਸ਼ਨ ਨੇ ਇਹ ਵੀ ਦਸਿਆ ਸੀ ਕਿ ਉਸ ਨੇ ਅਪਣੇ ਕੰਮ ਤੋਂ ਇਕ ਦਿਨ ਲਈ ਵੀ ਛੁੱਟੀ ਨਹੀਂ ਲਈ ਹੈ।

ਬਾਲਕ੍ਰਿਸ਼ਨ ਨੇ ਕਿਹਾ, "ਮੇਰੀ ਆਪਣੇ ਲਈ ਕੋਈ ਯੋਜਨਾ ਨਹੀਂ ਹੈ। ਇਸ ਲਈ ਜੇ ਮੈਂ ਛੁੱਟੀ ਲੈ ਵੀ ਲਵਾਂ ਤਾਂ ਕੀ ਕਰਾਂਗਾ? ਮੈਂ ਹਰ ਦਿਨ ਸਵੇਰੇ ਤੋਂ ਦੇਰ ਸ਼ਾਮ ਤਕ ਕੰਮ ਕਰਦਾ ਹਾਂ ਅਤੇ ਆਪਣੀ ਊਰਜਾ ਅਤੇ ਸਮੇਂ ਦਾ ਸੌ ਫ਼ੀਸਦੀ ਆਪਣੇ ਕੰਮ ਨੂੰ ਦੇਂਦਾ ਹਾਂ।"

ਆਚਾਰੀਆ ਬਾਲਕ੍ਰਿਸ਼ਨ ਨੇ ਆਪਣਾ ਬਚਪਨ ਪੱਛਮੀ ਨੇਪਾਲ ਦੇ ਸਿਆਂਗਜਾ ਜ਼ਿਲ੍ਹੇ 'ਚ ਬਿਤਾਇਆ, ਜਿੱਥੇ ਉਸ ਨੇ ਪੰਜਵੀਂ ਜਮਾਤ ਤਕ ਪੜ੍ਹਾਈ ਕੀਤੀ।

**ਬਾਲਕ੍ਰਿਸ਼ਨ ਖ਼ਿਲਾਫ਼ ਕੇਸ**

ਬਾਲਕ੍ਰਿਸ਼ਨ ਨੇ ਦਸਿਆ ਕਿ ਉਹ ਭਾਰਤ ਦੇ ਹਰਿਦਵਾਰ 'ਚ ਪੈਦਾ ਹੋਇਆ, ਜਦੋਂ ਉਸ ਦੇ ਪਿਤਾ ਉਥੇ ਇਕ ਚੌਕੀਦਾਰ ਵਜੋਂ ਕੰਮ ਕਰਦੇ ਸਨ।

ਉਨ੍ਹਾਂ ਦੇ ਮਾਤਾ-ਪਿਤਾ ਅਜੇ ਵੀ ਨੇਪਾਲ ਦੇ ਪੁਸ਼ਤੈਨੀ ਘਰ 'ਚ ਰਹਿੰਦੇ ਹਨ।

ਭਾਰਤ ਪਰਤਣ ਤੋਂ ਬਾਅਦ ਹਰਿਆਣਾ 'ਚ ਖ਼ਾਨਪੁਰ ਦੇ ਇਕ ਗੁਰੂਕੁਲ 'ਚ ਪੜ੍ਹਾਈ ਕਰਨ ਦੌਰਾਨ ਉਹ ਸੰਨ 1988 'ਚ ਬਾਬਾ ਰਾਮਦੇਵ ਦਾ ਮਿੱਤਰ ਬਣ ਗਿਆ। ਉਸ ਤੋਂ ਬਾਅਦ ਦੋਵੇਂ ਇਕੱਠੇ ਕੰਮ ਕਰ ਰਹੇ ਹਨ।

ਜੂਨ 2011 'ਚ ਸੀ.ਬੀ.ਆਈ. ਨੇ ਬਾਲਕ੍ਰਿਸ਼ਨ ਖ਼ਿਲਾਫ਼ ਇਕ ਮਾਮਲਾ ਦਰਜ ਕੀਤਾ। ਉਸ ਉਤੇ ਦੋਸ਼ ਲਗਿਆ ਕਿ ਉਸ ਦੀਆਂ ਜ਼ਿਆਦਾਤਰ ਡਿਗਰੀਆਂ ਅਤੇ ਕਾਗਜ਼ਾਤ ਜਾਅਲੀ ਹਨ, ਜਿਸ 'ਚ ਉਸ ਦਾ ਪਾਸਪੋਰਟ ਵੀ ਸ਼ਾਮਲ ਸੀ।

ਬੀ.ਬੀ.ਸੀ. ਨਾਲ ਗੱਲ ਕਰਦਿਆਂ ਉਸ ਨੇ ਇਨ੍ਹਾਂ ਦੋਸ਼ਾਂ ਨੂੰ ਖ਼ਾਰਜ ਕੀਤਾ ਅਤੇ ਕਿਹਾ ਕਿ ਉਸ ਨੇ ਕੁਝ ਵੀ ਗ਼ਲਤ ਨਹੀਂ ਕੀਤਾ।

**ਸੀ.ਬੀ.ਆਈ. ਜਾਂਚ**

ਬਾਲਕ੍ਰਿਸ਼ਨ ਨੇ ਦਾਅਵਾ ਕੀਤਾ ਸੀ ਕਿ ਉਸ ਵਿਰੁਧ ਲਾਏ ਦੋਸ਼ ਯੂ.ਪੀ.ਏ. ਸਰਕਾਰ ਦੀ 'ਯੋਜਨਾਬੱਧ ਸਾਜ਼ਿਸ਼' ਸੀ। ਉਸ ਦਾ ਕਹਿਣਾ ਹੈ ਕਿ ਉਸ ਕੋਲ ਵਾਰਾਣਸੀ ਦੀ ਸੰਪੂਰਨਾਨੰਦ ਯੂਨੀਵਰਸਿਟੀ ਤੋਂ ਮਿਲਿਆ ਸਰਟੀਫ਼ੀਕੇਟ ਹੈ। ਕਾਗਜ਼ਾਤਾਂ ਨੂੰ ਸੰਭਾਲ ਕੇ ਰੱਖਣ ਅਤੇ ਜ਼ਰੂਰਤ ਪੈਣ 'ਤੇ ਉਨ੍ਹਾਂ ਨੂੰ ਪੇਸ਼ ਕਰਨ ਦੀ ਜ਼ਿੰਮੇਵਾਰੀ ਯੂਨੀਵਰਸਿਟੀ ਦੀ ਹੈ। ਸਾਲ 2012 'ਚ ਜਦੋਂ ਸੀ.ਬੀ.ਆਈ. ਨੇ ਧੋਖਾਧੜੀ ਦੇ ਇਕ ਮਾਮਲੇ 'ਚ ਉਸ ਨੂੰ ਤਲਬ ਕੀਤਾ ਤਾਂ ਬਾਲਕ੍ਰਿਸ਼ਨ ਕਥਿਤ ਤੌਰ 'ਤੇ ਫ਼ਰਾਰ ਹੋ ਗਿਆ। ਉਸ ਤੋਂ ਬਾਅਦ ਉਸ ਵਿਰੁੱਧ ਗ਼ੈਰ-ਕਾਨੂੰਨੀ ਢੰਗ ਨਾਲ ਪੈਸੇ ਦੀ ਕਥਿਤ ਹੇਰਫ਼ੇਰ ਦਾ ਮਾਮਲਾ ਦਰਜ ਕੀਤਾ ਗਿਆ।

**ਭਾਜਪਾ ਸਰਕਾਰ**

ਮੀਡੀਆ ਰਿਪੋਰਟਾਂ ਮੁਤਾਬਕ ਸਾਲ 2014 'ਚ ਐਨ.ਡੀ.ਏ. ਸਰਕਾਰ ਦੇ ਸੱਤਾ 'ਚ ਆਉਣ ਤੋਂ ਬਾਅਦ ਉਸ ਖ਼ਿਲਾਫ਼ ਦਰਜ ਮਾਮਲੇ ਬੰਦ ਕਰ ਦਿੱਤੇ ਗਏ। ਉਸ ਦੇ ਆਲੋਚਕ ਅਜੇ ਵੀ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਵਦੇਸ਼ੀ ਨੂੰ ਹੱਲਾਸ਼ੇਰੀ ਦੇਣ ਅਤੇ ਸਥਾਨਕ ਬਰਾਂਡ ਵਿਚਕਾਰ ਲਿੰਕ ਵੇਖਦੇ ਹਨ। ਪਰ ਆਚਾਰੀਆ ਬਾਲਕ੍ਰਿਸ਼ਨ ਅਨੁਸਾਰ ਪਤੰਜਲੀ ਦੇ ਵਿਕਾਸ ਅਤੇ ਬੀ.ਜੇ.ਪੀ. ਸਰਕਾਰ ਵਿਚਕਾਰ ਕੋਈ ਰਿਸ਼ਤਾ ਨਹੀਂ ਹੈ।

ਉਹ ਕਹਿੰਦਾ ਹੈ ਕਿ ਕੰਪਨੀ ਦੀ ਤਰੱਕੀ ਦਰਅਸਲ 2 ਦਹਾਕਿਆਂ ਦੀ ਸਖ਼ਤ ਮਿਹਨਤ ਦਾ ਨਤੀਜਾ ਹੈ।

ਪਤੰਜਲੀ ਦੀ ਵੈੱਬਸਾਈਟ ਉਤੇ ਆਚਾਰੀਆ ਬਾਲਕ੍ਰਿਸ਼ਨ ਨੂੰ ਆਯੁਰਵੇਦ, ਸੰਸਕ੍ਰਿਤ ਭਾਸ਼ਾ ਅਤੇ ਵੇਦ ਦੇ ਮਹਾਨ ਜਾਣੂ ਵਜੋਂ ਦਰਸਾਇਆ ਗਿਆ ਹੈ ਜਿਨ੍ਹਾਂ ਨੇ ਜੜੀ-ਬੂਟੀਆਂ ਉਤੇ ਕਈ ਕਿਤਾਬਾਂ ਅਤੇ ਖੋਜਪੱਤਰ ਲਿਖੇ ਹਨ।

**ਪਤੰਜਲੀ ਯੋਗਪੀਠ**

ਇੰਟਰਵਿਊ 'ਚ ਬਾਲਕ੍ਰਿਸ਼ਨ ਨੇ ਪਿਛਲੇ ਸਾਲ ਦਸਿਆ ਸੀ ਕਿ ਪਤੰਜਲੀ ਨੇ ਲਗਭਗ 100 ਵਿਗਿਆਨਿਕਾਂ ਨੂੰ ਜੜੀਆਂ ਬੂਟੀਆਂ ਦੀ ਖੋਜ ਦੇ ਕੰਮ 'ਚ ਲਾਇਆ ਹੋਇਆ ਹੈ ਅਤੇ ਜੜੀਆਂ-ਬੂਟੀਆਂ ਦਾ ਇਕ ਵਿਸ਼ਵਕੋਸ਼ ਤਿਆਰ ਕਰਨ ਦਾ ਕੰਮ ਵੀ ਕਰ ਰਹੀ ਹੈ।

ਉਸ ਨੇ ਇਹ ਵੀ ਦਸਿਆ ਕਿ ਉਸ ਨੇ ਲਗਭਗ 65 ਹਜ਼ਾਰ ਕਿਸਮ ਦੀਆਂ ਜੜੀਆਂ-ਬੂਟੀਆਂ ਉਤੇ ਕੰਮ ਕੀਤਾ ਹੈ ਅਤੇ ਦਾਅਵਾ ਕੀਤਾ ਕਿ ਜੜੀਆਂ-ਬੂਟੀਆਂ ਦੇ ਦਵਾਈ ਗੁਣਾਂ ਉਤੇ ਲਿਖੀ ਉਸ ਦੀ ਇਕ ਕਿਤਾਬ ਦੀਆਂ ਇਕ ਕਰੋੜ ਕਾਪੀਆਂ ਵਿਕ ਚੁੱਕੀਆਂ ਹਨ।

ਉਸ ਦਾ ਕਹਿਣਾ ਹੈ ਕਿ ਜੜੀਆਂ-ਬੂਟੀਆਂ ਦੇ ਜਿਸ ਵਿਸ਼ਵਕੋਸ਼ ਉਤੇ ਉਹ ਕੰਮ ਕਰ ਰਿਹਾ ਹੈ ਉਹ ਲਗਭਗ ਡੇਢ ਲੱਖ ਪੰਨਿਆਂ ਦੀ ਹੋਵੇਗੀ। ਬਾਲਕ੍ਰਿਸ਼ਨ ਨੇ ਕਿਹਾ, "ਮੇਰੇ ਉਤੇ ਮੇਰੀ ਮਾਂ ਦਾ ਡੂੰਘਾ ਅਸਰ ਹੈ ਅਤੇ ਉਹ ਮੇਰੀ ਪ੍ਰੇਰਨਾਸ੍ਰੋਤ ਵੀ ਹੈ। ਜੜੀਆਂ-ਬੂਟੀਆਂ ਦੇ ਮੇਰੇ ਗਿਆਨ ਦਾ ਆਧਾਰ ਮਾਂ ਦੇ ਘਰੇਲੂ ਨੁਸਖ਼ੇ ਹਨ।" ਪਤੰਜਲੀ ਯੋਗਪੀਠ 'ਚ ਆਚਾਰੀਆ ਬਾਲਕ੍ਰਿਸ਼ਨ ਦਾ ਜਨਮ ਦਿਨ ਜੜੀਆਂ-ਬੂਟੀਆਂ ਦਿਵਸ ਵਜੋਂ ਮਨਾਇਆ ਜਾਂਦਾ ਹੈ।

(ਬੀ.ਬੀ.ਸੀ. ਤੋਂ ਧੰਨਵਾਦ ਸਹਿਤ)



# ਹਿੰਦ-ਪਾਕਿ ਵੰਡ ਦਾ ਦਰਦ...

**ਭਾਰਤ ਅਤੇ ਪਾਕਿਸਤਾਨ ਆਜ਼ਾਦੀ ਦੀ 70ਵੀਂ ਵਰ੍ਹੇਗੰਢ ਮਨਾਉਣ ਦੀ ਤਿਆਰੀ ਕਰ ਰਹੇ ਹਨ।(ਪਾਕਿਸਤਾਨ ਵਿਚ 14 ਅਗਸਤ ਨੂੰ ਆਜ਼ਾਦੀ ਦਿਹਾੜਾ ਮਨਾਇਆ ਜਾਂਦਾ ਹੈ ਤੇ ਭਾਰਤ 15 ਅਗਸਤ ਨੂੰ ਆਜ਼ਾਦੀ ਦਿਹਾੜਾ ਮਨਾਉਂਦਾ ਹੈ।) ਇਸ ਵੰਡ ਕਾਰਨ ਜੋ ਜ਼ਖ਼ਮ ਦੋਹਾਂ ਮੁਲਕਾਂ 'ਤੇ ਲੱਗੇ, ਉਹ ਵਰ੍ਹਿਆਂ ਬਾਅਦ ਵੀ ਭਰੇ ਨਹੀਂ ਜਾ ਸਕੇ। ਇਸ ਮੌਕੇ ਭਾਰਤ ਵਿਚ ਬੀਬੀਸੀ ਦੇ ਸਾਬਕਾ ਪੱਤਰਕਾਰ ਐਂਡਰਿਊ ਵ੍ਹਾਈਟਹੇਡ ਅਤੇ ਬੀਬੀਸੀ ਦੇ ਪੱਤਰਕਾਰ ਇਸ਼ਲੀਨ ਕੌਰ ਤੇ ਸ਼ੀਰਾਜ ਵਲੋਂ ਭਾਰਤ ਦੀ ਵੰਡ ਦੀ ਵਿਰਾਸਤ ਅਤੇ ਇਸ ਦੇ ਅਸਰ ਉੱਤੇ ਆਪਣਾ ਨਜ਼ਰੀਆ ਪੇਸ਼ ਕਰ ਰਹੇ ਹਨ। ਬੀ.ਬੀ.ਸੀ. ਤੋਂ ਧੰਨਵਾਦ ਸਹਿਤ।**

# 'ਪੰਡਿਤ ਮਾਊਂਟਬੇਟਨ' ਨੇ ਫਹਿਰਾਇਆ ਤਿਰੰਗਾ...

14 ਅਗਸਤ ਦੀ ਸ਼ਾਮ ਜਿਵੇਂ ਹੀ ਸੂਰਜ ਡੁੱਬਿਆ, ਦੋ ਸੰਤ ਇਕ ਕਾਰ 'ਚ ਜਵਾਹਰ ਲਾਲ ਨਹਿਰੂ ਦੇ 17 ਯਾਰਕ ਰੋਡ ਸਥਿਤ ਘਰ ਦੇ ਸਾਹਮਣੇ ਰੁਕੇ। ਉਨ੍ਹਾਂ ਦੇ ਹੱਥ 'ਚ ਚਿੱਟੇ ਸਿਲਕ ਦਾ ਪੀਤਾਂਬਰਮ, ਤੰਜੌਰ ਨਦੀਦਾ ਪਵਿੱਤਰ ਪਾਣੀ, ਰਾਖ ਅਤੇ ਮਦਰਾਸ ਦੇ ਨਟਰਾਜ ਮੰਦਰ 'ਚ ਸਵੇਰੇ ਚੜ੍ਹਾਏ ਗਏ ਉਬਲੇ ਹੋਏ ਚੌਲ ਸਨ। ਜਿਵੇਂ ਹੀ ਨਹਿਰੂ ਨੂੰ ਉਨ੍ਹਾਂ ਬਾਰੇ ਪਤਾ ਲੱਗਿਆ ਤਾਂ ਉਹ ਬਾਹਰ ਆਏ। ਉਨ੍ਹਾਂ ਨੇ ਨਹਿਰੂ ਨੂੰ ਪਿਤਾਂਬਰਮ ਪਹਿਨਾਇਆ, ਉਨ੍ਹਾਂ 'ਤੇ ਪਵਿੱਤਰ ਪਾਣੀ ਦਾ ਛਿੜਕਾਅ ਕੀਤਾ ਅਤੇ ਉਨ੍ਹਾਂ ਦੇ ਮੱਥੇ 'ਤੇ ਪਵਿੱਤਰ ਰਾਖ ਲਗਾਈ। ਇਸ ਤਰ੍ਹਾਂ ਸਾਰੀਆਂ ਰਸਮਾਂ ਦਾ ਨਹਿਰੂ ਆਪਣੇ ਪੂਰੇ ਜੀਵਨ ਵਿਰੋਧ ਕਰਦੇ ਆਏ ਸਨ, ਪਰ ਉਸ ਦਿਨ ਉਨ੍ਹਾਂ ਨੇ ਮੁਸਕਰਾਉਂਦੇ ਹੋਏ ਸੰਤਾਂ ਦੀ ਹਰ ਅਪੀਲ ਸਵੀਕਾਰ ਕੀਤੀ। ਥੋੜ੍ਹੀ ਦੇਰ ਬਾਅਦ ਆਪਣੇ ਮੱਥੇ 'ਤੇ ਲੱਗੀ ਰਾਖ ਨੂੰ ਧੋ ਕੇ ਨਹਿਰੂ, ਇੰਦਰਾ ਗਾਂਧੀ ਅਤੇ ਪਦਮਾ ਨਾਇਡੂ ਦੇ ਨਾਲ ਖਾਣੇ ਵਾਲੀ ਮੇਜ 'ਤੇ ਬੈਠੇ ਸਨ ਕਿ ਨਾਲ ਦੇ ਕਮਰੇ 'ਚ ਫੋਨ ਦੀ ਘੰਟ ਵੱਜੀ। ਲਾਈਨ ਇਨੀ ਖਰਾਬ ਸੀ ਕਿ ਨਹਿਰੂ ਨੇ ਫੋਨ ਕਰ ਰਹੇ ਵਿਅਕਤੀ ਨੂੰ ਕਿਹਾ ਕਿ ਉਸ ਨੇ ਜੋ ਕੁਝ ਕਿਹਾ ਉਹ ਫਿਰ ਤੋਂ ਕਹੇ।

**ਲਾਹੌਰ ਸੜ ਰਿਹਾ ਸੀ**

ਜਦੋਂ ਨਹਿਰੂ ਨੇ ਫੋਨ ਰੱਖਿਆ ਤਾਂ ਉਨ੍ਹਾਂ ਦਾ ਚਿਹਰਾ ਸਫੈਦ ਹੋ ਚੁੱਕਾ ਸੀ। ਉਨ੍ਹਾਂ ਦੇ ਮੂੰਹ ਤੋਂ ਕੁੱਝ ਨਹੀਂ ਨਿਕਲਿਆ ਅਤੇ ਉਨ੍ਹਾਂ ਨੇ ਆਪਣਾ ਚਿਹਰਾ ਆਪਣੇ ਹੱਥਾਂ ਨਾਲ ਢੱਕ ਲਿਆ। ਜਦੋਂ ਉਨ੍ਹਾਂ ਨੇ ਆਪਣਾ ਹੱਥ ਚਿਹਰੇ ਤੋਂ ਹਟਾਇਆ ਤਾਂ ਉਨ੍ਹਾਂ ਦੀਆਂ ਅੱਖਾਂ 'ਚ ਹੰਝੂ ਸਨ। ਉਨ੍ਹਾਂ ਨੇ ਇੰਦਰਾ ਗਾਂਧੀ ਨੂੰ ਦੱਸਿਆ ਕਿ ਉਹ ਫੋਨ ਲਾਹੌਰ ਤੋਂ ਆਇਆ ਸੀ। ਉਥੇ ਦੇ ਨਵੇਂ ਪ੍ਰਸ਼ਾਸਕ ਨੇ ਹਿੰਦੂ ਅਤੇ ਸਿੱਖ ਇਲਾਕਿਆਂ ਦੀ ਪਾਣੀ ਦੀ ਸਪਲਾਈ ਬੰਦ ਕਰ ਦਿੱਤੀ ਸੀ। ਲੋਕ ਪਿਆਸ ਨਾਲ ਪਾਗਲ ਹੋ ਰਹੇ ਸਨ। ਜਿਹੜੀਆਂ ਔਰਤਾਂ ਅਤੇ ਬੱਚੇ ਪਾਣੀ ਦੀ ਤਲਾਸ਼ 'ਚ ਨਿਕਲ ਰਹੇ ਸਨ, ਉਨ੍ਹਾਂ ਨੂੰ ਚੁਣ-ਚੁਣ ਕੇ ਮਾਰਿਆ ਜਾ ਰਿਹਾ ਸੀ। ਫੋਨ ਕਰਨ ਵਾਲੇ ਨੇ ਨਹਿਰੂ ਨੂੰ ਦੱਸਿਆ ਕਿ ਲਾਹੌਰ ਦੀਆਂ ਗਲੀਆਂ 'ਚ ਅੱਗ ਲੱਗੀ ਹੋਈ ਸੀ। ਨਹਿਰੂ ਨੇ ਲਗਭਗ ਫੁਸਫੁਸਾਉਂਦੇ ਹੋਏ ਕਿਹਾ, "ਮੈਂ ਅੱਜ ਕਿਵੇਂ ਦੇਸ਼ ਨੂੰ ਸੰਬੋਧਤ ਕਰ ਸਕਾਂਗਾ? ਮੈਂ ਕਿਵੇਂ ਜਤਾ ਸਕਾਂਗਾ ਕਿ ਮੈਂ ਦੇਸ਼ ਦੀ ਆਜ਼ਾਦੀ 'ਤੇ ਖੁਸ਼ ਹਾਂ, ਜਦਕਿ ਮੈਨੂੰ ਪਤਾ ਹੈ ਕਿ ਮੇਰਾ ਲਾਹੌਰ, ਮੇਰਾ ਖ਼ੂਬਸੂਰਤ ਲਾਹੌਰ ਸੜ ਰਿਹਾ ਹੈ।"

**'ਟ੍ਰਿਸਟ ਵਿਦ ਡੈਸਟਿਨੀ'**

ਇੰਦਰਾ ਗਾਂਧੀ ਨੇ ਆਪਣੇ ਪਿਤਾ ਨੂੰ ਹੌਂਸਲਾਸ਼ੇਰੀ ਦੇਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਤੁਸੀਂ ਆਪਣੇ ਭਾਸ਼ਣ 'ਤੇ ਧਿਆਨ ਦਿਓ, ਜੋ ਅੱਜ ਰਾਤ ਦੇਸ਼ ਦੇ ਸਾਹਮਣੇ ਦੇਣਾ ਹੈ। ਪਰ ਨਹਿਰੂ ਦਾ ਮੂਡ ਉਖੜ ਚੁੱਕਾ ਸੀ। ਨਹਿਰੂ ਦੇ ਸਕੱਤਰ ਰਹੇ ਐਮ.ਓ. ਮਥਾਈ ਆਪਣੀ ਕਿਤਾਬ 'ਰੇਮਿਨਿਸੇਂਸੇਜ ਆਫ ਨਹਿਰੂ ਏਜ' 'ਚ ਲਿਖਦੇ ਹਨ ਕਿ ਨਹਿਰੂ ਕਈ ਦਿਨਾਂ ਤੋਂ ਆਪਣੇ ਭਾਸ਼ਣ ਦੀ ਤਿਆਰੀ ਕਰ ਰਹੇ ਸਨ। ਜਦੋਂ ਉਨ੍ਹਾਂ ਦੇ ਪੀਏ ਨੇ ਉਹ ਭਾਸ਼ਣ ਟਾਈਪ ਕਰਕੇ ਮਥਾਈ ਨੂੰ ਦਿੱਤਾ ਤਾਂ ਉਨ੍ਹਾਂ ਨੇ ਵੇਖਿਆ ਕਿ ਨਹਿਰੂ ਨੇ ਇਕ ਥਾਂ 'ਡੇਟ ਵਿਦ ਡੈਸਟਿਨੀ' ਮੁਹਾਵਰੇ ਦੀ ਵਰਤੋਂ ਕੀਤੀ ਸੀ। ਮਥਾਈ ਨੇ ਰਾਜੇਵ ਦਾ ਇੰਟਰਨੈਸ਼ਨਲ ਸ਼ਬਦਕੋਸ਼ ਵੇਖਣ ਤੋਂ ਬਾਅਦ ਕਿਹਾ ਕਿ 'ਡੇਟ' ਸ਼ਬਦ ਇਸ ਮੌਕੇ ਲਈ ਸਹੀ ਸ਼ਬਦ ਨਹੀਂ ਹੈ, ਕਿਉਂਕਿ ਅਮਰੀਕਾ 'ਚ ਇਸ ਦਾ ਮਤਲਬ ਔਰਤਾਂ ਅਤੇ ਲੜਕੀਆਂ ਨਾਲ ਘੁੰਮਣ ਲਈ ਕੀਤਾ ਜਾਂਦਾ ਹੈ।

**ਸੰਸਦ ਦਾ ਸੈਂਟਰਲ ਹਾਲ**

ਮਥਾਈ ਨੇ ਉਨ੍ਹਾਂ ਨੇ ਸੁਝਾਵ ਦਿੱਤਾ ਕਿ ਉਹ ਡੇਟ ਦੀ ਥਾਂ ਰਾਂਡੇਵੂ ਜਾਂ ਟ੍ਰਿਸਟ ਸ਼ਬਦ ਦੀ ਵਰਤੋਂ ਕਰਨ। ਪਰ ਉਨ੍ਹਾਂ ਨੇ ਇਹ ਵੀ ਦੱਸਿਆ ਕਿ ਰੂਜ਼ਵੇਲਟ ਨੇ ਯੁੱਧ ਦੌਰਾਨ ਦਿੱਤੇ ਗਏ ਆਪਣੇ ਭਾਸ਼ਣ 'ਚ ਰਾਂਡੇਵੂ ਸ਼ਬਦ ਦੀ ਵਰਤੋਂ ਕੀਤੀ ਹੈ। ਨਹਿਰੂ ਨੇ ਇਕ ਮਿੰਟ ਲਈ ਸੋਚਿਆ ਅਤੇ ਆਪਣੇ ਹੱਥ ਤੋਂ ਟਾਈਪ ਕੀਤਾ ਹੋਇਆ ਡੇਟ ਸ਼ਬਦ ਕੱਟ ਕੇ ਟ੍ਰਿਸਟ ਲਿਖਿਆ। ਨਹਿਰੂ ਦੇ ਭਾਸ਼ਣ ਦਾ ਜ਼ਿਕਰ ਅੱਜ ਵੀ ਨਹਿਰੂ ਮਿਊਜ਼ਿਅਮ ਲਾਇਬ੍ਰੇਰੀ 'ਚ ਸੁਰੱਖਿਅਤ ਹੈ। ਸੰਸਦ ਦੇ ਸੈਂਟਰਲ ਹਾਲ 'ਚ ਠੀਕ 11:55 ਵਜੇ ਨਹਿਰੂ ਦੀ ਆਵਾਜ਼ ਗੂੰਜੀ, "ਬਹੁਤ ਸਾਲ ਪਹਿਲਾਂ ਅਸੀਂ ਸਮੇਂ ਤੋਂ ਇਕ ਵਾਅਦਾ ਕੀਤਾ ਸੀ। ਹੁਣ ਉਹ ਸਮਾਂ ਆ ਗਿਆ ਹੈ ਕਿ ਅਸੀਂ ਉਸ ਵਾਅਦੇ ਨੂੰ ਨਿਭਾਈਏ... ਸ਼ਾਇਦ ਪੂਰੀ ਤਰ੍ਹਾਂ ਤਾਂ ਨਹੀਂ, ਪਰ ਬਹੁਤ ਹੱਦ ਤਕ ਜ਼ਰੂਰ। ਅੱਧੀ ਰਾਤ ਸਮੇਂ ਜਦੋਂ ਪੂਰੀ ਦੁਨੀਆਂ ਸੌਂ ਰਹੀ ਹੈ, ਭਾਰਤ ਆਜ਼ਾਦੀ ਦਾ ਸਾਂਹ ਲੈ ਰਿਹਾ ਹੈ।"



**ਸੰਸਦ ਭਵਨ ਦੇ ਬਾਹਰ**

ਜਿਵੇਂ ਹੀ ਘੜੀ ਨੇ ਰਾਤ ਦੇ 12:00 ਵਜੇ ਦਾ ਹੂਟਰ ਵਜਾਇਆ, ਉਥੇ ਮੌਜੂਦ ਲੋਕਾਂ ਦੀਆਂ ਅੱਖਾਂ 'ਚ ਹੰਝੂ ਵਹਿ ਨਿਕਲੇ ਅਤੇ ਮਹਾਤਮਾ ਗਾਂਧੀ ਦੀ ਜੈ ਦੇ ਨਾਅਰਿਆਂ ਨਾਲ ਸੈਂਟਰਲ ਹਾਲ ਗੂੰਜ ਗਿਆ। ਸੁਚੇਤਾ ਕ੍ਰਿਲਾਨੀ, ਜੋ 60 ਦੇ ਦਹਾਕੇ 'ਚ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਬਣੀ, ਪਹਿਲਾਂ ਅੱਲਾਮਾ ਇਕਬਾਲ ਦਾ ਗੀਤ 'ਸਾਰੇ ਜਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ' ਗਾਇਆ ਅਤੇ ਫਿਰ ਰਬਿੰਦਰਨਾਥ ਟੈਗੋਰ ਦਾ 'ਜਨ ਗਨ ਮਨ' ਅਤੇ ਬੰਕਿਮ ਚੈਟਰਜੀ ਦਾ ਲਿਖਿਆ 'ਬੰਦੇ ਮਾਤਰਮ' ਗਾਇਆ, ਜੋ ਬਾਅਦ 'ਚ ਭਾਰਤ ਦਾ ਰਾਸ਼ਟਰ ਗੀਤ ਬਣ ਗਿਆ।

ਸੰਸਦ ਭਵਨ ਦੇ ਬਾਹਰ ਮੋਹਲੇਧਾਰ ਮੀਂਹ 'ਚ ਹਜ਼ਾਰਾਂ ਭਾਰਤੀ ਇਸ ਸਮੇਂ ਦਾ ਇੰਤਜ਼ਾਰ ਕਰ ਰਹੇ ਸਨ। ਜਿਵੇਂ ਹੀ ਨਹਿਰੂ ਸੰਸਦ ਭਵਨ ਤੋਂ ਬਾਹਰ ਨਿਕਲੇ, ਮੰਨੋ ਹਰ ਕੋਈ ਉਨ੍ਹਾਂ ਨੂੰ ਘੇਰ ਲੈਣਾ ਚਾਹੁੰਦਾ ਸੀ। ਡੋਮਿਨੀਕ ਲਾਪਿਏਰੇ ਅਤੇ ਲੇਰੀ ਕੋਲਿੰਸ ਆਪਣੀ ਕਿਤਾਬ 'ਫ੍ਰੀਡਮ ਐਟ ਮਿਡਨਾਈਟ' ਵਿਚ ਲਿਖਦੇ ਹਨ ਕਿ ਉਸੇ ਸਮੇਂ ਨਹਿਰੂ ਨੇ ਆਪਣੇ ਨਾਲ ਖੜ੍ਹੇ ਇਕ ਵਿਅਕਤੀ ਨੂੰ ਕਿਹਾ ਸੀ, "10 ਸਾਲ ਪਹਿਲਾਂ ਮੇਰੀ ਵਾਇਸਰਾਏ ਲਿਥਲਿਨਗੋ ਨਾਲ ਲੰਡਨ 'ਚ ਬਹਿਸ ਹੋ ਗਈ ਸੀ। ਮੈਂ ਇੰਨਾ ਗੁੱਸੇ 'ਚ ਸੀ ਕਿ ਮੈਂ ਚੀਖ ਕੇ ਕਿਹਾ ਸੀ ਕਿ ਜੇ ਅਗਲੇ 10 ਸਾਲਾਂ 'ਚ ਭਾਰਤ ਨੂੰ ਆਜ਼ਾਦੀ ਨਾ ਮਿਲੀ ਤਾਂ ਮੈਂ ਬਰਬਾਦ ਹੋ ਜਾਵਾਂਗਾ। ਇਸ 'ਤੇ ਲਿਥਲਿਨਗੋ ਦਾ ਜਵਾਬ ਸੀ, ਮਿਸਟਰ ਨਹਿਰੂ, ਤੁਹਾਨੂੰ ਆਜ਼ਾਦੀ ਨਹੀਂ ਮਿਲੇਗੀ। ਭਾਰਤ ਮੇਰੇ ਜੀਵਨਕਾਲ 'ਚ ਤਾਂ ਆਜ਼ਾਦ ਹੋਣ ਵਾਲਾ ਨਹੀਂ, ਉਹ ਤੁਹਾਡੇ ਜੀਵਨ ਕਾਲ 'ਚ ਵੀ ਆਜ਼ਾਦ ਨਹੀਂ ਹੋਵੇਗਾ।"

**ਲੌਰਡ ਮਾਊਂਟਬੇਟਨ**

ਸਾਢੇ 8 ਵਜੇ ਸਵੇਰੇ ਲੌਰਡ ਮਾਊਂਟਬੇਟਨ ਨੂੰ ਭਾਰਤੀ ਮੁੱਖ ਜੱਜ ਹਰੀ ਲਾਲ ਜੈਕਿਸ਼ਨ ਦਾਸ ਕੇਨਿਆ ਨੇ ਗਵਰਨਰ ਜਨਰਲ ਦੀ ਸਹੁੰ ਚੁਕਾਈ। ਮਾਊਂਟਬੇਟਨ ਜਦੋਂ ਬਾਹਰ ਨਿਕਲੇ ਤਾਂ ਲੋਕਾਂ ਦਾ ਇਨਾ ਇਕੱਠ ਸੀ ਕਿ ਉਥੇ ਮੌਜੂਦ ਉਨ੍ਹਾਂ ਦੇ 400 ਬਾਡੀਗਾਰਡ ਵੀ ਉਨ੍ਹਾਂ ਲਈ ਬਾਹਰ ਖੜੀ ਬੱਘੀ ਤਕ ਪਹੁੰਚਣ ਦਾ ਰਸਤਾ ਨਹੀਂ ਬਣਾ ਸਕੇ। ਆਖਰਕਾਰ ਨਹਿਰੂ ਨੂੰ ਸੰਸਦ ਭਵਨ ਦੀ ਛੱਤ 'ਤੇ ਖੜ੍ਹੇ ਹੋ ਕੇ ਮਾਊਂਟਬੇਟਨ ਲਈ ਰਸਤਾ ਛੱਡਣ ਦੀ ਅਪੀਲ ਕਰਨੀ ਪਈ। ਨਹਿਰੂ ਦਾ ਇਹ ਕਹਿਣਾ ਸੀ ਕਿ ਭੀੜ ਨੇ ਮਾਊਂਟਬੇਟਨ ਲਈ ਰਸਤਾ ਬਣਾ ਦਿੱਤਾ। ਅੱਧੀ ਰਾਤ ਦੇ ਥੋੜ੍ਹੀ ਦੇਰ ਬਾਅਦ ਜਵਾਹਰ ਲਾਲ ਨਹਿਰੂ ਅਤੇ ਰਾਜਿੰਦਰ ਪ੍ਰਸ਼ਾਦ ਲੋਡਰ ਮਾਊਂਟਬੇਟਨ ਨੂੰ ਰਸਮੀ ਤੌਰ 'ਤੇ ਪਹਿਲੇ ਗਵਰਨਰ ਜਨਰਲ ਬਣਨ ਦਾ ਸੱਦਾ ਦੇਣ ਆਏ। ਮਾਊਂਟਬੇਟਨ ਨੇ ਉਨ੍ਹਾਂ ਦੀ ਅਪੀਲ ਸਵੀਕਾਰ ਕਰ ਲਈ।

**ਭਾਰਤ ਦਾ ਤਿਰੰਗਾ**

ਉਨ੍ਹਾਂ ਨੇ ਪੋਰਟਵਾਈਨ ਦੀ ਇਕ ਬੋਤਲ ਕੱਢੀ ਅਤੇ ਆਪਣੇ ਹੱਥਾਂ ਨਾਲ ਆਪਣੇ ਮਹਿਮਾਨਾਂ ਦੇ ਗਿਲਾਸ ਭਰੇ। ਫਿਰ ਆਪਣਾ ਗਿਲਾਸ ਭਰ ਕੇ ਉਨ੍ਹਾਂ ਨੇ ਆਪਣਾ ਹੱਥ ਉੱਚਾ ਕੀਤਾ, "ਟੂ ਇੰਡਿਆ।"

ਇਕ ਘੁੱਟ ਲੈਣ ਤੋਂ ਬਾਅਦ ਨਹਿਰੂ ਨੇ ਮਾਊਂਟਬੇਟਨ ਵੱਲ ਆਪਣਾ ਗਿਲਾਸ ਕਰ ਕੇ ਕਿਹਾ, "ਕਿੰਗ ਜੌਰਜ ਸ਼ਸ਼ਟਮ ਲਈ।" ਨਹਿਰੂ ਨੇ ਉਨ੍ਹਾਂ ਨੂੰ ਇਕ ਲਿਫਾਫਾ ਦਿੱਤਾ ਅਤੇ ਕਿਹਾ ਕਿ ਇਸ 'ਚ ਉਨ੍ਹਾਂ ਮੰਤਰੀਆਂ ਦੇ ਨਾਂ ਹਨ, ਜਿਨ੍ਹਾਂ ਨੂੰ ਕੱਲ੍ਹ ਸਹੁੰ ਚੁਕਾਈ ਜਾਵੇਗੀ। ਨਹਿਰੂ ਅਤੇ ਰਾਜਿੰਦਰ ਪ੍ਰਸ਼ਾਦ ਦੇ ਜਾਣ ਤੋਂ ਬਾਅਦ ਜਦੋਂ ਮਾਊਂਟਬੇਟਨ ਨੇ ਲਿਫਾਫਾ ਖੋਲ੍ਹਿਆ ਤਾਂ ਉਨ੍ਹਾਂ ਦਾ ਹਾਸਾ ਨਿਕਲ ਗਿਆ, ਕਿਉਂਕਿ ਉਹ ਖਾਲੀ ਸੀ। ਜਲਦਬਾਜ਼ੀ 'ਚ ਨਹਿਰੂ ਉਸ 'ਚ ਮੰਤਰੀਆਂ ਦੇ ਨਾਂ ਵਾਲਾ ਕਾਗਜ਼ ਰੱਖਣਾ ਭੁੱਲ ਗਏ ਸਨ। ਅਗਲੇ ਦਿਨ ਦਿੱਲੀ ਦੀ ਸੜਕ 'ਤੇ ਲੋਕਾਂ ਦਾ ਸੈਲਾਬ ਉਮੜ ਪਿਆ ਸੀ। ਸ਼ਾਮ 5:00 ਵਜੇ ਇੰਡਿਆ ਗੇਟ ਕੋਲ ਪ੍ਰਿੰਸਿਜ ਪਾਰਕ 'ਚ ਮਾਊਂਟਬੇਟਨ ਨੇ ਭਾਰਤ ਦਾ ਤਿਰੰਗਾ ਝੰਡਾ ਲਹਿਰਾਉਣਾ ਸੀ। ਉਨ੍ਹਾਂ ਦੇ ਸਲਾਹਕਾਰਾਂ ਦਾ ਮੰਨਣਾ ਸੀ ਕਿ ਉਥੇ ਲਗਭਗ 30 ਹਜ਼ਾਰ ਲੋਕ ਆਉਣਗੇ, ਪਰ ਉਥੇ 6 ਲੱਖ ਲੋਕ ਇਕੱਤਰ ਸਨ।



ਮਾਊਂਟਬੈਟਨ ਦੀ ਗੱਡੀ ਦੇ ਆਲੇ-ਦੁਆਲੇ ਲੋਕਾਂ ਦਾ ਹਜੂਮ

**ਇਤਿਹਾਸਕ ਮੌਕਾ**

ਭਾਰਤ ਦੇ ਇਤਿਹਾਸ 'ਚ ਉਦੋਂ ਤਕ ਕੁੰਭ ਨੂੰ ਛੱਡ ਕੇ ਇਕ ਥਾਂ 'ਤੇ ਇੰਨੇ ਲੋਕ ਕਦੇ ਨਹੀਂ ਇਕੱਤਰ ਹੋਏ ਸਨ। ਮਾਊਂਟਬੇਟਨ ਦੀ ਬੱਘੀ ਦੇ ਚਾਰੇ ਪਾਸੇ ਲੋਕਾਂ ਦਾ ਇੰਨਾ ਹੁਜੂਮ ਸੀ ਕਿ ਉਹ ਉਸ ਤੋਂ ਹੇਠਾਂ ਉਤਰਨ ਬਾਰੇ ਸੋਚ ਵੀ ਨਹੀਂ ਸਕਦੇ ਸਨ। ਉਨ੍ਹਾਂ ਦੀ 17 ਸਾਲਾ ਬੇਟੀ ਪਾਮੇਲਾ ਵੀ ਦੋ ਲੋਕਾਂ ਨਾਲ ਉਸ ਸਮਾਗਮ ਨੂੰ ਵੇਖਣ ਪੁੱਜੀ ਸੀ। ਨਹਿਰੂ ਨੇ ਪਾਮੇਲਾ ਨੂੰ ਵੇਖਿਆ ਅਤੇ ਚਿੱਲਾ ਕੇ ਕਿਹਾ ਕਿ ਉਹ ਲੋਕਾਂ ਦੇ ਸਿਰਾਂ 'ਤੇ ਚੜ੍ਹ ਕੇ ਮੰਚ 'ਤੇ ਪੁੱਜੇ। ਪਾਮੇਲਾ ਵੀ ਚਿੱਲਾਈ, "ਮੈਂ ਅਜਿਹਾ ਕਿਵੇਂ ਕਰ ਸਕਦੀ ਹਾਂ। ਮੈਂ ਉੱਚੀ ਅੱਡੀ ਦੀ ਸੈਂਡਲ ਪਾਈ ਹੈ।" ਨਹਿਰੂ ਨੇ ਕਿਹਾ ਸੈਂਡਲ ਨੂੰ ਹੱਥ 'ਚ ਲੈ ਲਓ। ਇੰਨੇ ਇਤਿਹਾਸਕ ਮੌਕੇ 'ਤੇ ਇਹ ਸਭ ਕਰਨ ਬਾਰੇ ਮੈਂ ਸੁਪਨੇ 'ਚ ਵੀ ਨਹੀਂ ਸੋਚ ਸਕਦੀ ਸੀ।

**ਭਾਰਤ ਦੇ ਅੰਤਮ ਵਾਇਸਰਾਏ**

ਆਪਣੀ ਕਿਤਾਬ 'ਇੰਡੀਆ ਰਿਮੈਂਮਬਰਡ' 'ਚ ਉਹ ਲਿਖਦੀ ਹੈ, "ਮੈਂ ਆਪਣੇ ਹੱਥ ਖੜ੍ਹੇ ਕਰ ਦਿੱਤੇ। ਮੈਂ ਸੈਂਡਲ ਨਹੀਂ ਉਤਾਰ ਸਕਦੀ ਸੀ। ਨਹਿਰੂ ਨੇ ਮੇਰਾ ਹੱਥ ਫੜਿਆ ਅਤੇ ਕਿਹਾ ਤੁਸੀਂ ਸੈਂਡਲ ਪਹਿਨ ਕੇ ਹੀ ਲੋਕਾਂ ਦੇ ਸਿਰ ਉੱਪਰ ਪੈਰ ਰੱਖ ਕੇ ਅੱਗੇ ਵਧੋ। ਉਹ ਬਿਲਕੁਲ ਵੀ ਬੁਰਾ ਨਹੀਂ ਮੰਨਣਗੇ। ਮੈਂ ਕਿਹਾ ਮੇਰੀ ਹੀਲ ਉਨ੍ਹਾਂ ਨੂੰ ਚੁਭੇਗੀ। ਨਹਿਰੂ ਫਿਰ ਬੋਲੇ ਬੇਵਕੂਫ ਲੜਕੀ ਸੈਂਡਲ ਨੂੰ ਹੱਥ 'ਚ ਲੈ ਲਓ ਅਤੇ ਅੱਗੇ ਵਧੋ।" ਪਹਿਲਾਂ ਨਹਿਰੂ ਲੋਕਾਂ ਦੇ ਸਿਰਾਂ 'ਤੇ ਪੈਰ ਰੱਖਦੇ ਹੋਏ ਮੰਚ 'ਤੇ ਪੁੱਜੇ ਅਤੇ ਫਿਰ ਉਨ੍ਹਾਂ ਦੀ ਦੇਖਾ-ਦੇਖੀ ਭਾਰਤ ਦੇ ਅੰਤਮ ਵਾਇਸਰਾਏ ਦੀ ਲੜਕੀ ਨੇ ਵੀ ਆਪਣੇ ਸੈਂਡਲ ਉਤਾਰ ਕੇ ਹੱਥਾਂ 'ਚ ਲੈ ਲਏ ਅਤੇ ਲੋਕਾਂ ਦੇ ਸਿਰਾਂ 'ਤੇ ਪੈਰ ਰੱਖਦੇ ਹੋਏ ਮੰਚ ਤਕ ਪਹੁੰਚ ਗਈ। ਉਧਰ ਬੱਘੀ 'ਚ ਕੈਦ ਮਾਊਂਟਬੇਟਨ ਉਸ ਤੋਂ ਹੇਠਾਂ ਨਹੀਂ ਉਤਰ ਪਾ ਰਹੇ ਸਨ। ਉਨ੍ਹਾਂ ਨੇ ਉਥੋਂ ਹੀ ਚਿੱਲਾ ਕੇ ਨਹਿਰੂ ਨੂੰ ਕਿਹਾ, "ਲੈਟਸ ਹੋਸਟ ਦਾ ਫਲੈਗ।" ਉਥੇ ਮੌਜੂਦ ਬੈਂਡ ਦੇ ਚਾਰੇ ਪਾਸੇ ਇੰਨੇ ਲੋਕ ਜਮ੍ਹਾਂ ਸਨ ਕਿ ਉਹ ਆਪਣੇ ਹੱਥ ਤਕ ਨੂੰ ਵੀ ਨਹੀਂ ਹਿਲਾ ਪਾਏ।

**ਨਹਿਰੂ ਦਾ ਇਸ਼ਾਰਾ**

ਮੰਚ 'ਤੇ ਮੌਜੂਦ ਲੋਕਾਂ ਨੇ ਖੁਸ਼ਕਿਸਮਤੀ ਨਾਲ ਮਾਊਂਟਬੇਟਨ ਦੀ ਆਵਾਜ਼ ਸੁਣ ਲਈ। ਨਹਿਰੂ ਦੇ ਇਸ਼ਾਰਾ ਕਰਦੇ ਹੀ ਤਿਰੰਗਾ ਝੰਡਾ ਪੋਸਟ ਉੱਪਰ ਲਹਿਰਾ ਗਿਆ। ਤੋਪਾਂ ਦੇ ਗੋਲੇ ਛੱਡਣੇ ਸ਼ੁਰੂ ਹੋ ਗਏ ਅਤੇ ਲੱਖਾਂ ਲੋਕਾਂ ਨਾਲ ਘਿਰੇ ਮਾਊਂਟਬੇਟਨ ਨੇ 25 ਗਜ ਦੀ ਦੂਰੀ ਤੋਂ ਆਪਣੀ ਬੱਘੀ 'ਤੇ ਖੜ੍ਹੇ-ਖੜ੍ਹੇ ਉਸ ਨੂੰ ਸਲਾਮੀ ਦਿੱਤੀ। ਲੋਕਾਂ ਦੇ ਮੂੰਹ ਤੋਂ ਆਵਾਜ਼ ਨਿਕਲੀ, "ਮਾਊਂਟਬੇਟਨ ਦੀ ਜੈ... ਪੰਡਿਤ ਮਾਊਂਟਬੇਟਨ ਦੀ ਜੈ।"

ਭਾਰਤ ਦੇ ਇਤਿਹਾਸ 'ਚ ਕਿਸੇ ਦੂਜੇ ਅੰਗਰੇਜ਼ ਨੂੰ ਅਜਿਹਾ ਮੌਕਾ ਪ੍ਰਾਪਤ ਨਹੀਂ ਹੋਇਆ ਕਿ ਉਹ ਲੋਕਾਂ ਨੂੰ ਇੰਨੀ ਸ਼ਿੱਦਤ ਨਾਲ ਅਜਿਹਾ ਨਾਅਰਾ ਲਗਾਉਂਦੇ ਹੋਏ ਸੁਣੇ। ਇਹ ਮਾਊਂਟਬੇਟਨ ਦੀ ਕਾਮਯਾਬੀ ਨੂੰ ਭਾਰਤ ਦੀ ਜਨਤਾ ਦਾ ਸਮਰਥਨ ਸੀ। ਜਿਵੇਂ ਹੀ ਝੰਡਾ ਉੱਪਰ ਗਿਆ, ਉਸ ਦੇ ਠੀਕ ਪਿੱਛੇ ਇਕ ਇੰਦਰਧਨੁਸ਼ ਉਭਰ ਆਇਆ। ਮੰਨੋ ਕੁਦਰਤ ਵੀ ਭਾਰਤ ਦੀ ਆਜ਼ਾਦੀ ਦੇ ਦਿਨ ਦਾ ਸਵਾਗਤ ਕਰ ਰਹੀ ਹੋਵੇ।

**ਗਵਰਨਮੈਂਟ ਹਾਊਸ**

ਅਗਲੇ ਦਿਨ ਮਾਊਂਟਬੇਟਨ ਦੇ ਬੇਹੱਦ ਨਜ਼ਦੀਕੀ ਐਲਨ ਕੈਂਪਬੇਲ ਜੌਨਸਨ ਨੇ ਉਨ੍ਹਾਂ ਦੇ ਪ੍ਰੈੱਸ ਬੁਲਾਰੇ ਨਾਲ ਹੱਥ ਮਿਲਾਉਂਦੇ ਹੋਏ ਕਿਹਾ, "ਆਖਿਰਕਾਰ 200 ਸਾਲਾਂ ਬਾਅਦ ਬ੍ਰਿਟੇਨ ਨੇ ਭਾਰਤ ਨੂੰ ਜਿੱਤ ਹੀ ਲਿਆ।" ਉਸ ਦਿਨ ਪੂਰੀ ਦਿੱਲੀ 'ਚ ਰੌਸ਼ਨੀ ਕੀਤੀ ਗਈ ਸੀ। ਰਾਤ ਨੂੰ ਮਾਊਂਟਬੇਟਨ ਨੇ ਉਦੋਂ ਦੇ ਗਵਰਨਮੈਂਟ ਹਾਊਸ ਅਤੇ ਅੱਜ ਦੇ ਰਾਸ਼ਟਰਪਤੀ ਭਵਨ ਨੇ 2500 ਲੋਕਾਂ ਲਈ ਭੋਜਨ ਦਿੱਤਾ। ਕਨਾਟ ਪੈਲੇਸ ਦੇ ਸੈਂਟਰ ਪਾਰਕ 'ਚ ਬਾਅਦ ਵਿਚ ਪ੍ਰਸਿੱਧ ਸਾਹਿਤਕਾਰ ਬਣੇ ਕਰਤਾਰ ਸਿੰਘ ਦੁੱਗਲ ਨੇ ਆਜ਼ਾਦੀ ਦਾ ਬਹਾਨਾ ਲੈ ਕੇ ਆਪਣੀ ਮਾਸ਼ੂਕਾ ਆਇਸ਼ਾ ਅਲੀ ਦਾ ਚੁੰਬਨ ਲਿਆ। ਕਰਤਾਰ ਸਿੰਘ ਦੁੱਗਲ ਸਿੱਖ ਸਨ ਅਤੇ ਆਇਸ਼ਾ ਮੁਸਲਮਾਨ।

# ਵੱਖ ਵੱਖ ਧਰਮਾਂ ਦੇ ਲੋਕਾਂ ਨੇ ਗੁਰੂ ਘਰ ਦੇ ਕੀਤੇ ਦਰਸ਼ਨ

## ਏਕਤਾ ਦਾ ਸੁਨੇਹਾ ਦਿੰਦਿਆਂ ਸਿੱਖ ਭਾਈਚਾਰੇ ਨੇ 400 ਤੋਂ ਵੱਧ ਲੋਕਾਂ ਨੂੰ ਲੰਗਰ ਛਕਾਇਆ



**ਸੈਕਰਾਮੈਂਟੋ/ਬਿਊਰੋ ਨਿਊਜ਼ :**ਸਿੱਖਾਂ ਅਤੇ ਸਿੱਖੀ ਬਾਰੇ ਹੋਰਨਾਂ ਧਰਮਾਂ ਦੇ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨ ਦੇ ਮਕਸਦ ਤਹਿਤ 17 ਵੱਖ ਵੱਖ ਫ਼ਿਰਕਿਆਂ ਤੇ ਸੰਸਥਾਵਾਂ ਦੀ ਪ੍ਰਤੀਨਿਧਤਾ ਕਰਦੇ 35 ਗਿਰਜਾ ਘਰਾਂ ਤੋਂ 450 ਲੋਕਾਂ ਨੂੰ ਪਹਿਲੀ ਵਾਰ ਗੁਰੂ ਘਰ ਦੇ ਦਰਸ਼ਨ ਕਰਵਾਏ ਗਏ।29 ਸਤੰਬਰ, ਸ਼ਾਮ 6.00 ਵਜੇ ਹੋਏ ਇਸ ਪ੍ਰੋਗਰਾਮ ਦੌਰਾਨ ਉਨ੍ਹਾਂ ਨੂੰ ਸਾਕਾਹਾਰੀ ਲੰਗਰ ਛਕਾਇਆ ਗਿਆ। ਇਸ ਪ੍ਰੋਗਰਾਮ ਦੀ ਮੇਜ਼ਬਾਨੀ ਗੁਰਦੁਆਰਾ ਸਾਹਿਬ ਸਿੱਖ ਟੈਂਪਲ, 2301 ਐਵਰਗਰੀਨ ਐਵਨਿਊ, ਵੈਸਟ ਸੈਕਰਾਮੈਂਟੋ ਵਲੋਂ ਕੀਤੀ ਗਈ।

9/11 ਦੇ ਹਮਲਿਆਂ ਮਗਰੋਂ ਗਰੇਟਰ ਸੈਕਰਾਮੈਂਟੋ ਦੀਆਂ ਗਲੀਆਂ ਵਿਚ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ। ਆਪਸੀ ਸਮਝਦਾਰੀ ਤੇ ਸ਼ਾਂਤੀ ਦਾ ਪੁਲ ਬਣਾਉਣ ਦੇ ਮਕਸਦ ਨਾਲ ਵੈਸਟ ਸੈਕਰਾਮੈਂਟੋ ਦੇ ਸਿੱਖਾਂ ਨੇ ਉਨ੍ਹਾਂ ਨੂੰ ਮਿਲਣ ਆਉਣ ਵਾਲੇ ਲੋਕਾਂ ਲਈ ਦਰ ਖੋਲ੍ਹ ਦਿੱਤੇ, ਉਨ੍ਹਾਂ ਦੇ ਵਿਸ਼ਵਾਸਾਂ ਬਾਰੇ ਜਾਣਕਾਰੀ ਲਈ ਤੇ ਭਾਈਚਾਰਕ ਖਾਣੇ ਦੀ ਸਾਂਝ ਪਾਈ।

ਇਸ ਮੌਕੇ ਮੇਅਰ ਡੈਰਲ ਸਟੇਨਬਰਗ, ਮੇਅਰ ਕ੍ਰਿਸਟੋਫਰ ਕਬਾਲਡਨ, ਕਮਿਸ਼ਨਰ ਡੇਵ ਜੋਨਸ, ਯੂ.ਐਸ. ਅਟਾਰਨੀ ਫਿਲਿਪ ਏ. ਟਾਲਬਰਟ, ਐਸੋਸੀਏਟ ਜਸਟਿਸ ਜਾਰਜ ਨਿਕੋਲਸਨ, ਅਸੈਂਬਲੀ ਮੈਨ ਕੇਵਿਨ ਮੈਕਕਾਰਟੀ, ਐਫ.ਬੀ.ਆਈ. ਸਪੈਸ਼ਲ ਏਜੰਟ-ਇਨ-ਚਾਰਜ ਸੀਆਨ ਰੀਗਨ, ਮਾਈਕਲ ਬੈਕਵਿਥ, ਕੈਥਲੀਨ ਬਰਨਟ, ਲੁਇਸ ਮੌਂਟਸ ਅਤੇ ਜੈਫ ਵੋਨ ਕੈਨੇਲ ਨੇ ਸ਼ਿਰਕਤ ਕੀਤੀ।

ਜਾਰਜ ਨਿਕੋਲਸਨ ਨੇ ਕਿਹਾ ਕਿ ਇਹ ਓਪਨ ਹਾਊਸ ਨਾਲੋਂ ਵੱਧ ਕੇ ਹੋਰ ਬਹੁਤ ਕੁਝ ਸੀ। ਇਹ ਸਾਡੇ ਸਮਾਜ ਵਿਚ ਸ਼ਾਂਤੀ ਬਣਾਏ ਰੱਖਣ ਦਾ ਸੁਨੇਹਾ ਸੀ। ਸਿੱਖ ਹਰ ਧਰਮ ਦੇ ਲੋਕਾਂ ਨੂੰ ਇਕਜੁਟਤਾ ਨਾਲ ਰਹਿਣ ਦੀ ਅਪੀਲ ਕਰਦਿਆਂ ਸਾਂਝਾ ਪੁਲ ਕਾਇਮ ਕਰ ਰਹੇ ਹਨ। ਇਸ ਵਿਚ ਸਟਾਕਟਨ, ਰੋਜਵਿਲ, ਐਲਕ ਗਰੂਵ, ਡੇਵਿਸ, ਸੈਕਰਾਮੈਂਟੋ ਤੇ ਵੈਸਟ ਸੈਕਰਾਮੈਂਟੋ ਦੇ ਵੱਖ ਵੱਖ ਧਰਮਾਂ ਦੇ ਲੋਕਾਂ ਨੇ ਸ਼ਿਰਕਤ ਕੀਤੀ।

# ਸੈਕਰਾਮੈਂਟੋ ਦੇ ਇੰਟਰਨੈਸ਼ਨਲ ਕਬੱਡੀ ਮੁਕਾਬਲਿਆਂ ’ਚ ਬੇਅ ਏਰੀਆ ਦੀ ਝੰਡੀ

- ਫਾਈਨਲ ’ਚ 15 ਹਜ਼ਾਰ ਡਾਲਰ ਦਾ ਇਨਾਮ ਜਿਤਿਆ
- ਖਿਡਾਰੀਆਂ ਉੱਤੇ ਵਰ੍ਹਿਆ ਡਾਲਰਾਂ ਦਾ ਮੀਂਹ
- ਸੰਦੀਪ ਨੰਗਲ ਅੰਬੀਆ ਤੇ ਪਾਲਾ ਜਲਾਲਪੁਰ ਨੂੰ ਬੈਸਟ ਜਾਫੀ
- ਸੰਦੀਪ ਲੁੱਧੜ ਨੂੰ ਬੈਸਟ ਰੇਡਰ ਐਲਾਨਿਆ
- ਵਾਲੀਬਾਲ ਦੇ ਖਿਡਾਰੀ ਗੁਰਨਾਮ ਸਿੰਘ ਗਰੇਵਾਲ ਦਾ
- ਲਾਈਫ ਟਾਈਮ ਅਚੀਵਮੈਂਟ ਅਵਾਰਡ ਨਾਲ ਸਨਮਾਨ





**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:** ਅਮਰੀਕਾ ਵਿਚ ਕਬੱਡੀ ਦੇ ਨਵੇਂ ਦਿਸਹੱਦਿਆਂ ਨੂੰ ਦਰਸਾਉਂਦਾ ਹੋਇਆ ਸੈਕਰਾਮੈਂਟੋ ‘ਚ ਇੰਟਰਨੈਸ਼ਨਲ ਕਬੱਡੀ ਕੱਪ ਕਰਵਾਇਆ ਗਿਆ ਜਿਸ ਵਿਚ ਕਈ ਰਿਕਾਰਡ ਟੁੱਟੇ ਤੇ ਕਈਆਂ ਨਵੀਆਂ ਪੈੜਾਂ ਪਈਆਂ। ਗੁਰਦੁਆਰਾ ਬਰਾਡ ਸ਼ਾਅ ਰੋਡ ਤੇ ਸਥਿਤ ਗੁਰਦੁਆਰਾ ਸਾਹਿਬ ਦੀਆਂ ਗਰਾਊਂਡਾ ਵਿਚ ਕਰਵਾਏ ਗਏ ਇੰਟਰਨੈਸ਼ਨਲ ਕਬੱਡੀ ਕੱਪ ਵਿਚ ਵਿਚ ਐਤਕਾਂ ਫਾਈਨਲ ਵਿਚ ਬੇਅ ਏਰੀਆ ਸਪੋਰਟਸ ਕਲੱਬ ਨੇ ਟਰਲੱਕ ਦੇ ਫਤਿਹ ਕਲੱਬ ਨੂੰ ਹਰਾ ਕੇ 15 ਹਜ਼ਾਰ ਡਾਲਰ ਦਾ ਇਨਾਮ ਜਿੱਤਿਆ ਤੇ ਫਤਿਹ ਸਪੋਰਟਸ ਨੂੰ 14 ਹਜ਼ਾਰ ਡਾਲਰ ਦਾ ਇਨਾਮ ਮਿਲਿਆ। ਪਹਿਲਾ ਇਨਾਮ ‘ਚੜਦਾ ਪੰਜਾਬ ਰੋਜਵਿਲ ਨੇ ਦਿੱਤਾ ਤੇ ਦੂਜਾ ਇਨਾਮ ਸੈਂਟਰਲ ਵੈਲੀ ਸਪੋਰਟਸ ਕਲੱਬ ਮੋਡੈਸਟੋ ਵੱਲੋਂ ਦਿੱਤਾ ਗਿਆ। ਇਸੇ ਤਰ੍ਹਾਂ ਤੀਸਰੇ ਥਾਂ ਤੇ ਰਹਿਣ ਵਾਲੀ ਟੀਮ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਸੈਕਰਾਮੈਂਟੋ ਨੂੰ ਸੈਂਟਾ ਰੋਜਾ ਬ੍ਰਦਰਜ਼ ਤੇ ਚੌਥੇ ਥਾਂ ਰਹਿਣ ਵਾਲੀ ਟੀਮ ਫਰਿਜਨੋ ਸਪੋਰਟਸ ਕਲੱਬ ਨੂੰ ਯੂਬਾ ਸਿਟੀ ਗਰੁੱਪ ਵੱਲੋਂ 10 ਹਜ਼ਾਰ ਡਾਲਰ ਦਾ ਇਨਾਮ ਦਿੱਤਾ ਗਿਆ।

ਇਸ ਟੂਰਨਾਮੈਂਟ ‘ਚ ਅੰਡਰ 25 ਵਿਚ ਪਹਿਲਾ ਸਥਾਨ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਸੈਕਰਾਮੈਂਟੋ ਜੇਤੂ ਰਹੀ ਤੇ ਦੂਜੇ ਥਾਂ ਜੱਜ ਬ੍ਰਦਰਜ਼ ਫਾਰਮ ਯੂਬਾਸਿਟੀ ਨੂੰ ਸਬਰ ਕਰਨਾ ਪਿਆ। ਇਸ ਖੇਡ ਟੂਰਨਾਮੈਂਟ ਵਿਚ ਬਾਸਕਟਬਾਲ ਤੇ ਵਾਲੀਵਾਲ ਦੇ ਮੈਚ ਵੀ ਹੋਏ ਜਿਨ੍ਹਾਂ ‘ਚ ਬਾਸਕਟਬਾਲ ਵਿਚੋਂ ਲੋਡਾਈ ਦੀ ਟੀਮ ਪਹਿਲੇ ਤੇ ਐਲਕਗਰੋਵ ਦੀ ਟੀਮ ਦੂਜੇ ਸਥਾਨ ਤੇ ਰਹੀ। ਵਾਲੀਬਾਲ ਵਿਚ ਨੌਰਕਾਲ ਕਲੱਬ ਲੋਡਾਈ ਪਹਿਲੇ ਅਤੇ ਲਵਿੰਗਸਟਨ ਦੀ ਟੀਮ ਦੂਜੇ ਸਥਾਨ ਤੇ ਰਹੀ। ਕਬੱਡੀ ਮੁਕਾਬਲਿਆਂ ਦੌਰਾਨ ਫਾਈਨਲ ਮੈਚਾਂ ‘ਚ ਵੱਖ ਵੱਖ ਖਿਡਾਰੀਆਂ ਉਤੇ ਹਜ਼ਾਰਾਂ ਡਾਲਰਾਂ ਦੇ ਇਨਾਮ ਲੱਗੇ ਤੇ ਇੰਜ ਲੱਗਿਆ ਜਿਵੇਂ ਪ੍ਰਬੰਧਕਾਂ ਤੇ ਦਰਸ਼ਕਾਂ ਵੱਲੋਂ ਡਾਲਰਾਂ ਦਾ ਮੀਂਹ ਵਰ੍ਹਦਾ ਹੋਏ। ਇਕ ਖਿਡਾਰੀ ਜੋ ਫਤਿਹ ਸਪੋਰਟਸ ਕਲੱਬ ਲਈ ਖੇਡਦਾ ਸੀ ਦੇ ਸੱਟ ਲੱਗਣ ਉਪਰੰਤ ਉਸਨੂੰ ਦਰਸ਼ਕਾਂ ਨੇ ਹਮਦਰਦੀ ਵਜੋਂ 14 ਹਜ਼ਾਰ 7 ਸੌ ਡਾਲਰ ਇਕੱਠੇ ਕਰਕੇ ਦਿੱਤੇ। ਇਸ ਕਬੱਡੀ ਦੌਰਾਨ ਬੈਸਟ ਜਾਫੀ ਸੰਦੀਪ ਨੰਗਲ ਅੰਬੀਆ ਤੇ ਪਾਲਾ ਜਲਾਲਪੁਰ ਨੂੰ ਚੁਣਿਆ ਗਿਆ ਤੇ ਬੈਸਟ ਰੇਡਰ ਸੰਦੀਪ ਲੁੱਧੜ ਨੂੰ ਚੁਣਿਆ ਗਿਆ। ਇਸ ਖੇਡ ਸਮਾਗਮ ਦੌਰਾਨ ਗੁਰਨਾਮ ਸਿੰਘ ਗਰੇਵਾਲ ਨੂੰ ਜੋ ਵਾਲੀਵਾਲ ਦਾ ਸਿਰਮੌਰ ਖਿਡਾਰੀ ਰਿਹਾ ਨੂੰ ਲਾਈਫ ਟਾਈਮ ਅਚੀਵਮੈਂਟ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਇਸ ਵੱਕਰੀ ਕਬੱਡੀ ਟੂਰਨਾਮੈਂਟ ਵਿੱਚ ਜਿਥੇ ਇੰਟਰਨੈਸ਼ਨਲ ਖਿਡਾਰੀ ਸ਼ਾਮਿਲ ਹੋਏ ਉਥੇ ਨਾਲ ਹੀ ਹਜਾਰਾਂ ਦੀ ਤਦਾਦ ‘ਚ ਆਏ ਦਰਸ਼ਕਾਂ ਨੂੰ ਬੈਠਣ, ਖਾਣ ਪੀਣ ਤੇ ਸਕਿਰਿਊਟੀ ਨੇ ਸਾਰਿਆਂ ਨੂੰ ਹੈਰਾਨ ਜ਼ਰੂਰ ਕਰ ਦਿਤਾ।

ਮੁੱਖ ਪ੍ਰਬੰਧਕਾਂ ‘ਚ ਪ੍ਰਗਟ ਸਿੰਘ ਸੰਧੂ, ਧੀਰਾ ਨਿੱਝਰ, ਗੁਰਮੀਤ ਸਿੰਘ ਵੜੈਚ, ਨਿੰਦੀ ਥਾਂਦੀ, ਬਿੱਟਾ ਰੰਧਾਵਾ, ਤਰਲੋਚਨ ਅਟਵਾਲ, ਬਲਵੰਤ ਵਿਰਕ, ਹੈਪੀ ਬਰਿਆਨਾ, ਗੋਲਡੀ ਲਾਲੀ, ਹੈਪੀ ਔਲਖ ਪ੍ਰਬੰਧਕਾਂ ਵੱਲੋਂ ਵੱਖ ਵੱਖ ਸਖਸੀਅਤਾਂ ਤੇ ਅਦਾਰਿਆਂ ਨੂੰ ਪਲੈਕਾਂ ਦੇ ਕੇ ਨਾਲੋ ਨਾਲ ਸਨਮਾਨਿਤ ਕੀਤਾ ਜਾਂਦਾ ਰਿਹਾ। ਇਹ ਪਹਿਲੀ ਵਾਰ ਦੇਖਣ ‘ਚ ਆਇਆ ਕਿ ਰਿਕਾਰਡ ਤੋੜ ਇਕੱਠ ਨੂੰ ਕੁਰਸੀਆਂ ਤੇ ਬੈਠਿਆ ਨੂੰ ਪੀਜਾ, ਲੰਗਰ, ਚਾਹ, ਪਕੌੜੇ, ਪੇਠਾ, ਜਲੇਬੀਆਂ ਮੁਫ਼ਤ ਮੁਹੱਈਆ ਕਰਵਾਇਆ ਗਿਆ ਭਾਵੇਂ ਬਾਅਦ ‘ਚ ਕਈ ਟਰੱਕ ਗਾਰਬੇਜ ਦਾ ਇਕੱਠਾ ਕੀਤਾ ਗਿਆ। ਇਸ ਵੱਡੇ ਖੇਡ ਸਮਾਗਮ ਵਿਚੋਂ ਸ਼ਾਮਲ ਹੋਣ ਵਾਲੀਆਂ ਕੁਝ ਸਖਸ਼ੀਅਤਾਂ ਵਿਚੋ ਗਾਲਟ ਸ਼ਹਿਰ ਦਾ ਪੁਲਿਸ ਮੁਖੀ ਤੇ ਮੇਅਰ, ਗੁਰਦੁਆਰਾ ਰੋਜਵਿਲ, ਗੁਰਦੁਆਰਾ ਬਰਾਡਸ਼ਾਅ, ਗੁਰਦੁਆਰਾ ਦਸ਼ਮੇਸ਼ ਦਰਬਾਰ, ਗੁਰਦੁਆਰਾ ਰਿਓਲਿੰਡਾ ਦੇ ਪ੍ਰਬੰਧਕਾਂ ਨੇ ਵੀ ਪ੍ਰਬੰਧਕਾਂ ਦੀ ਹੌਸਲਾ ਹਫਜਾਈ ਕੀਤੀ। ਇਸ ਤੋਂ ਇਲਾਵਾ ਬਲਜੀਤ ਸੰਧੂ ਬੇਅ ਏਰੀਆ, ਬੂਟਾ ਜੌਹਲ, ਲਖਵੀਰ ਸਿੰਘ ਔਜਲਾ, ਸ਼ੇਰੂ ਭਾਟੀਆ, ਭਿੰਦਾ ਸੰਘੇੜਾ, ਗੁਰਮੇਜ ਗਿੱਲ, ਦਿਲਵੀਰ ਸਿੰਘ ਗਿੱਲ, ਲਖਵਿੰਦਰ ਸਿੰਘ ਬਿੱਲਾ, ਨੀਤੂ ਕੰਗ, ਹਰਜੀਤ ਸਵੈਚ, ਸਰਦੂਲ ਢਿੱਲੋਂ, ਹਰਜਿੰਦਰ ਬੋਲੀਨਾ, ਮਲਕੀਤ ਬੋਪਾਰਾਏ, ਬੂਟਾ ਚਾਹਲ, ਜਸਵਿੰਦਰ ਬੋਪਾਰਾਏ, ਰਵਿੰਦਰ ਕਾਹਲੋਂ, ਹਰੀ ਸੰਘਾ, ਡਾ. ਹਰਮੇਸ਼ ਕੁਮਾਰ, ਬਲਵੰਤ ਸਿਘੰ ਗਿੱਲ ਨੇ ਵਿਸ਼ੇਸ਼ ਹਾਜ਼ਰੀ ਦਿੱਤੀ। ਇਸ ਇੰਟਰਨੈਸ਼ਨਲ ਕਬੱਡੀ ਕੱਪ ਦੀ ਸਟੇਜ ਤੋਂ ਬੀਬੀ ਆਸ਼ਾ ਸ਼ਰਮਾ ਤੇ ਗਰਾਊਂਡ ਤੋਂ ਮੱਖਣ ਅਲੀ, ਸੁਖਵਿੰਦਰ ਸੰਘੇੜਾ, ਰੰਡਿਆਲਾ, ਅਤੇ ਸੁਰਜੀਤ ਕਕਰਾਲੀ ਨੇ ਆਪਣੇ ਆਪਣੇ ਤਰੀਕਿਆਂ ਨਾਲ ਕੁਮੈਂਟਰੀ ਕਰਕੇ ਦਰਸ਼ਕਾਂ ਨੂੰ ਗਰਾਊਂਡ ਦੁਆਲੇ ਜੋੜੀ ਰੱਖਿਆ।

# ਗੁਰਦਾਸਪੁਰ ਜ਼ਿਮਨੀ ਚੋਣ- ‘ਆਪ’ ਲੀਡਰਾਂ ਦੀ ਨਾਰਾਜ਼ਗੀ ਭਾਰੂ ਪੈ ਰਹੀ ‘ਆਪ’ ’ਤੇ

**ਚੰਡੀਗੜ੍ਹ/ਬਿਊਰੋ ਨਿਊਜ਼ :**

ਆਮ ਆਦਮੀ ਪਾਰਟੀ (ਆਪ) ਵੱਲੋਂ ਗੁਰਦਾਸਪੁਰ ਹਲਕੇ ਦੀ ਜ਼ਿਮਨੀ ਚੋਣ ਵਿੱਚ ਮੇਜਰ ਜਨਰਲ (ਸੇਵਾਮੁਕਤ) ਸੁਰੇਸ਼ ਖਜੂਰੀਆ ਨੂੰ ਉਤਾਰਿਆ ਗਿਆ ਹੈ ਪਰ ਇਸ ਹਲਕੇ ਵਿੱਚ ਵੱਡੇ ਆਗੂਆਂ ਵੱਲੋਂ ਸਮੇਂ ਸਮੇਂ ’ਤੇ ਪਾਰਟੀ ਨੂੰ ਅਲਵਿਦਾ ਕਹਿਣ ਕਰ ਕੇ ਪਾਰਟੀ ਲਈ ਚੋਣ ਲੜਨਾ ਔਖਾ ਹੋ ਗਿਆ ਹੈ।

ਹਲਕੇ ਨਾਲ ਸਬੰਧਤ ਦੋ ਆਗੂ ਸੁੱਚਾ ਸਿੰਘ ਛੋਟੇਪੁਰ ਤੇ ਗੁਰਪ੍ਰੀਤ ਸਿੰਘ ਘੁੱਗੀ ਕੋਲੋਂ ਪਹਿਲਾਂ ਹੀ ਅਹੁਦੇ ਖੋਹੇ ਜਾ ਚੁੱਕੇ ਹਨ, ਜਦੋਂ ਕਿ ਹੁਣ ਮਾਝਾ ਜ਼ੋਨ ਦੇ ਕਨਵੀਨਰ ਕੰਵਲਪ੍ਰੀਤ ਸਿੰਘ ਕਾਕੀ ਵੱਲੋਂ ਵੀ ਪਾਰਟੀ ਨੂੰ ਅਲਵਿਦਾ ਕਹਿਣ ਕਾਰਨ ਲੀਡਰਾਂ ਲਈ ਵੱਡੀ ਸਿਰਦਰਦੀ ਬਣ ਗਈ ਹੈ। ਦੱਸਣਯੋਗ ਹੈ ਕਿ ਜਦੋਂ ਵਿਧਾਨ ਸਭਾ ਚੋਣਾਂ ਦੌਰਾਨ ‘ਆਪ’ ਦਾ ਸਿਆਸੀ ਉਭਾਰ ਸਿਖਰ ’ਤੇ ਸੀ ਤਾਂ ਹਾਈ ਕਮਾਂਡ ਨੇ ਨਾਟਕੀ ਢੰਗ ਨਾਲ ਸੁੱਚਾ ਸਿੰਘ ਛੋਟੇਪੁਰ ਨੂੰ ਪੈਸੇ ਲੈਣ ਦੇ ਦੋਸ਼ ਲਾ ਕੇ ਸੂਬਾਈ ਕਨਵੀਨਰਸ਼ਿਪ ਤੋਂ ਹਟਾ ਦਿੱਤਾ ਸੀ, ਜਿਸ ਕਾਰਨ ਪਾਰਟੀ ਵਿੱਚ ਭਾਰੀ ਉਥਲ ਪੁਥਲ ਹੋਈ ਸੀ ਅਤੇ ਛੇ ਜ਼ੋਨਲ ਇੰਚਾਰਜਾਂ ਸਮੇਤ ਵੱਡੀ ਗਿਣਤੀ ਵਿੱਚ ‘ਆਪ’ ਆਗੂਆਂ ਨੇ ਅਸਤੀਫ਼ੇ ਦੇ ਕੇ ਸ੍ਰੀ ਛੋਟੇਪੁਰ ਦਾ ਪੱਲਾ ਫੜ ਲਿਆ ਸੀ। ਵਿਧਾਨ ਸਭਾ ਚੋਣਾਂ ਵਿੱਚੋਂ 100 ਸੀਟਾਂ ਹਾਸਲ ਕਰਨ ਦੇ ਦਾਅਵੇ ਦੀ ਫੂਕ ਨਿਕਲਣ ਦਾ ਇਕ ਕਾਰਨ ਸ੍ਰੀ ਛੋਟੇਪੁਰ ਨੂੰ ਕੱਢਣਾ ਵੀ ਮੰਨਿਆ ਜਾ ਰਿਹਾ ਹੈ।

ਹਾਈ ਕਮਾਂਡ ਨੇ ਸ੍ਰੀ ਛੋਟੇਪੁਰ ਨੂੰ ਹਟਾਉਣ ਤੋਂ ਬਾਅਦ ਆਪਣੇ ਵਿਸ਼ਵਾਸਪਾਤਰ ਗੁਰਪ੍ਰੀਤ ਸਿੰਘ ਘੁੱਗੀ ਨੂੰ ਪੰਜਾਬ ਦਾ ਕਨਵੀਨਰ ਨਿਯੁਕਤ ਕੀਤਾ ਸੀ। ਘੁੱਗੀ ਨੇ ਆਪਣੀ ਸਮਰੱਥਾ ਮੁਤਾਬਕ ਪਾਰਟੀ ਲਈ ਕੰਮ ਕੀਤਾ ਅਤੇ ਖਾਸ ਕਰ ਕੇ ਟਿਕਟਾਂ ਦੀ ਵੰਡ ਕਾਰਨ ਉੱਠੀਆਂ ਉਂਗਲਾਂ ਕਾਰਨ ਸੰਕਟ ਵਿੱਚ ਫਸੀ ਪਾਰਟੀ ਨੂੰ ਮੁੜ ਲੀਹੇ ਪਾਉਣ ਲਈ ਕਈ ਆਗੂਆਂ ਨੂੰ ਮਨਾਇਆ। ਵਿਧਾਨ ਸਭਾ ਚੋਣਾਂ ਹਾਰਨ ਤੋਂ ਬਾਅਦ ਜਦੋਂ ਹੋਰ ਆਗੂਆਂ ਨਾਲ ਸੰਸਦ ਮੈਂਬਰ ਭਗਵੰਤ ਮਾਨ ਨੇ ਦਿੱਲੀ ਵਾਲਿਆਂ ਵਿਰੁੱਧ ਭੜਾਸ ਕੱਢੀ ਤਾਂ ਪਾਰਟੀ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਭਗਵੰਤ ਮਾਨ ਦਾ ਗੁੱਸਾ ਠੰਢਾ ਕਰਨ ਲਈ ਉਸ ਨੂੰ ਪੰਜਾਬ ਦੀ ਕਮਾਂਡ ਸੌਂਪ ਦਿੱਤੀ, ਜਿਸ ਦਾ ਘੁੱਗੀ ਨੇ ਬੁਰਾ ਮਨਾਇਆ ਅਤੇ ਦੋਸ਼ ਲਾਇਆ ਸੀ ਕਿ ਪਾਰਟੀ ਆਗੂ ਵੱਖ ਵੱਖ ਸਮੇਂ ਲੀਡਰਾਂ ਨੂੰ ਵਰਤ ਕੇ ਸੁੱਟਣ ਦੀ ਰਣਨੀਤੀ ਖੇਡਦੇ ਹਨ। ਇਸ ਕਾਰਨ ਸ੍ਰੀ ਘੁੱਗੀ ਨੇ ਵੀ ਪਾਰਟੀ ਨੂੰ ਅਲਵਿਦਾ ਕਹਿ ਦਿੱਤਾ ਸੀ। ਹੁਣ ‘ਆਪ’ ਨੂੰ ਤੀਜਾ ਝਟਕਾ ਗੁਰਦਾਸਪੁਰ ਦੇ ਮਜ਼ਬੂਤ ਆਗੂ ਅਤੇ ਪਿਛਲੇ ਸਮੇਂ ਹੀ ਮਾਝਾ ਜ਼ੋਨ ਦੇ ਪ੍ਰਧਾਨ ਬਣਾਏ ਕੰਵਲਪ੍ਰੀਤ ਸਿੰਘ ਕਾਕੀ ਵੱਲੋਂ ਪਾਰਟੀ ਛੱਡਣ ਕਾਰਨ ਲੱਗਿਆ ਹੈ। ਚਰਚਾ ਹੈ ਕਿ ਸ੍ਰੀ ਕਾਕੀ ਕਿਸੇ ਵੇਲੇ ਵੀ ਅਕਾਲੀ ਦਲ ਵਿੱਚ ਸ਼ਾਮਲ ਹੋ ਸਕਦੇ ਹਨ ਕਿਉਂਕਿ ਪਿਛਲੇ ਦਿਨੀਂ ਉਨ੍ਹਾਂ ਇਕ ਮੁੱਦੇ ਉਪਰ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਸਾਂਝੇ ਤੌਰ ’ਤੇ ਕਾਂਗਰਸ ਵਿਰੁੱਧ ਪ੍ਰੈੱਸ ਕਾਨਫਰੰਸ ਕੀਤੀ ਸੀ।

## ਸ਼ੇਰ ਏ ਪੰਜਾਬ ਸਪੋਰਟਸ ਤੇ ਕਲਚਰਲ ਕਲੱਬ ਸ਼ਿਕਾਗੋ ਵਲੋਂ ਸਾਲਾਨਾ ਖੇਡ ਮੇਲੇ ਦੀ ਸਫਲਤਾ ਲਈ ਸਭ ਦਾ ਧੰਨਵਾਦ

**ਸ਼ਿਕਾਗੋ/ਮੱਖਣ ਸਿੰਘ ਕਲੇਰ:** ਸ਼ੇਰ ਏ ਪੰਜਾਬ ਸਪੋਰਟਸ ਅਤੇ ਕਲਚਰਲ ਕਲੱਬ ਵਲੋਂ ਵਲੋਂ ਆਪਣੇ ਸਮੂਹ ਸਪਾਂਸਰ, ਸਪੋਟਰਸ ਅਤੇ ਦਰਸ਼ਕਾਂ ਦਾ ਧੰਨਵਾਦ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਕਲੱਬ ਵਲੋਂ ਅਗਲੇ ਸਾਲ ਲਈ ਦਰਸ਼ਨ ਸਿੰਘ ਪੰਮਾਂ ਨੂੰ ਪ੍ਰਧਾਨ ਚੁਣਿਆ ਗਿਆ ਹੈ। ਦਰਸ਼ਨ ਸਿੰਘ ਪੰਮਾਂ ਨੇ ਕਿਹਾ ਕਿ ਮੈਂ ਕਲੱਬ ਨੂੰ ਹੋਰ ਉਚੀਆਂ ਬੁਲੰਦੀਆਂ ਤੇ ਲੈ ਜਾਣ ਵਿਚ ਕੋਈ ਕਸਰ ਬਾਕੀ ਨਹੀਂ ਛੱਡਾਂਗਾ। ਨੌਜਵਾਨੀਂ ਨੂੰ ਖੇਡਾਂ ਵੱਲ ਹੋਰ ਪ੍ਰੇਰਿਤ ਕੀਤਾ ਜਾਵੇਗਾ ਤਾਂ ਕਿ ਸਾਡੇ ਬੱਚੇ ਆਪਣਾ ਭਵਿੱਖ ਉਜਲਾ ਬਣਾ ਸਕਣ।

ਵਰਨਣਯੋਗ ਹੈ ਕਿ ਕਲੱਬ ਦੀ ਸਾਰੀ ਟੀਮ ਅਤੇ ਕਲੱਬ ਦੇ ਪ੍ਰਧਾਨ ਬਲਵਿੰਦਰ ਸਿੰਘ ਚੱਠਾ ਦੀ ਅਗਵਾਈ ਹੇਠ ਹਰ ਸਾਲ ਦੀ ਤਰਾਂ ਪਿਛਲੇ ਦਿਨੀਂ ਕਰਵਾਇਆ ਗਿਆ ਕਬੱਡੀ ਖੇਡ ਮੇਲਾ ਸਾਰੇ ਪਾਸੇ ਸਫਲਤਾ ਦੇ ਝੰਡੇ ਗੱਡ ਗਿਆ।

# ਅਦਾਲਤੀ ਪਟੀਸ਼ਨ ’ਚ ਉਠਿਆ ਸਵਾਲ- ਕੀ ਅਮਰੀਕੀ ਖ਼ੁਫ਼ੀਆ ਏਜੰਸੀ ਨੇ ਗਾਂਧੀ ਨੂੰ ਬਚਾਉਣ ਦਾ ਕੀਤਾ ਸੀ ਯਤਨ ?

**ਨਵੀਂ ਦਿੱਲੀ/ਬਿਊਰੋ ਨਿਊਜ਼ :** ‘ਕੀ ਦੂਜੇ ਵਿਸ਼ਵ ਯੁੱਧ ਦੌਰਾਨ ਅਮਰੀਕਾ ਦੀ ਖ਼ੁਫ਼ੀਆ ਏਜੰਸੀ ‘ਆਫਿਸ ਆਫ਼ ਸਟਰੇਟਿਕ ਸਰਵਿਸਿਜ’ (ਓਐੱਸਐੱਸ) ਅਤੇ ਸੀਆਈਏ ਦੀ ਪੁਰਾਣੀ ਸੰਸਥਾ ਨੇ ਮਹਾਤਮਾ ਗਾਂਧੀ ਨੂੰ ਬਚਾਉਣ ਦਾ ਯਤਨ ਕੀਤਾ ਸੀ ?’ ਇਹ ਸਵਾਲ ਸੁਪਰੀਮ ਕੋਰਟ ਵਿੱਚ ਦਾਇਰ ਇੱਕ ਪਟੀਸ਼ਨ ਵਿਚ ਪਾਏ ਕਈ ਸਵਾਲਾਂ ਵਿਚੋਂ ਇੱਕ ਹੈ। ਪਟੀਸ਼ਨ ਰਾਹੀਂ ਮਹਾਤਮਾ ਗਾਂਧੀ ਦੇ ਕਤਲ ਦੀ ਜਾਂਚ ਮੁੜ ਸ਼ੁਰੂ ਕਰਨ ਦੀ ਮੰਗ ਇਸ ਆਧਾਰ ’ਤੇ ਕੀਤੀ ਗਈ ਹੈ ਕਿ ਕੀ ਇਸ ਕੇਸ ਵਿਚ ਕੁਝ ਲੋਕਾਂ ਨੂੰ ਟੇਢੇ ਢੰਗ ਨਾਲ ਬਚਾਇਆ ਤਾਂ ਨਹੀਂ ਗਿਆ ਸੀ ? ਪਟੀਸ਼ਨ ਪਾਉਣ ਵਾਲੇ ਖੋਜਾਰਥੀ ਅਤੇ ‘ਅਭਿਨਵ ਭਾਰਤ, ਮੁੰਬਈ’ ਦੇ ਟਰੱਸਟੀ ਡਾ. ਪੰਕਜ ਫੜਨੀਸ ਨੇ ਕਿਹਾ ਕਿ ਇੱਥੇ ਸਥਿਤ ਅਮਰੀਕੀ ਸਫ਼ਾਰਤਖਾਨੇ ਵੱਲੋਂ ਮਹਾਤਮਾ ਗਾਂਧੀ ਦੀ ਹੱਤਿਆ ਮਗਰੋਂ ਵਾਸ਼ਿੰਗਟਨ ਨੂੰ 30 ਜਨਵਰੀ 1948 ਨੂੰ ਟੈਲੀਗ੍ਰਾਮ ਭੇਜੇ ਗਏ ਸਨ ਤੇ ਇਸ ਨਾਲ ਸਬੰਧਤ ਕੁਝ ਰਿਪੋਰਟਾਂ ਵਿਚੋਂ ਇੱਕ ਅਜੇ ਵੀ ਨਸ਼ਰ ਨਹੀਂ ਕੀਤੀ ਗਈ। ਉਨ੍ਹਾਂ ਰਿਕਾਰਡ ਵਜੋਂ ਇੱਕ ਟੈਲੀਗ੍ਰਾਮ ਵੀ ਲਾਇਆ ਹੈ ਜੋ ਉਨ੍ਹਾਂ ਇਸ ਸਾਲ ਮਈ ਵਿਚ ਮੈਰੀਲੈਂਡ ਸਥਿਤ ‘ਨੈਸ਼ਨਲ ਆਰਕਾਈਵਜ਼ ਐਂਡ ਰਿਸਰਚ ਐਡਮਿਨਿਸਟ੍ਰੇਸ਼ਨ’ ਤੋਂ ਪ੍ਰਾਪਤ ਕੀਤੀ ਸੀ।



ਉਨ੍ਹਾਂ ਕਿਹਾ ਕਿ ਅਮਰੀਕੀ ਸਫ਼ਾਰਤਖਾਨੇ ਵੱਲੋਂ ਰਾਤ 8 ਵਜੇ ਭੇਜੇ ਗਏ 30 ਜਨਵਰੀ 1948 ਦੇ ਪ੍ਰਤੀਬੰਧਿਤ ਟੈਲੀਗ੍ਰਾਮ ਮੁਤਾਬਕ ਇੱਕ ਅਫ਼ਸਰ ਹਰਬਰਟ ਟੌਮ ਰੇਨਰ ਗਾਂਧੀ ਦੇ ਪੰਜ ਫੁੱਟ ਦੇ ਘੇਰੇ ਵਿਚ ਸੀ ਅਤੇ ਭਾਰਤੀ ਸੁਰੱਖਿਅਕਾਂ ਦੀ ਮਦਦ ਨਾਲ ਉਸ ਨੇ ਹੱਤਿਆ ਕਰਨ ਵਾਲੇ ਨੂੰ ਕਾਬੂ ਕਰ ਲਿਆ ਸੀ। ਰੇਨਰ ਨੇ ਸਫ਼ਾਰਤਖਾਨੇ ਪੁੱਜਣ ਤੋਂ ਦੇਰ ਸ਼ਾਮ ਬਾਅਦ ਇੱਕ ਰਿਪੋਰਟ ਭੇਜੀ ਸੀ ਜਦਕਿ 70 ਸਾਲਾਂ ਬਾਅਦ ਵੀ ਇਹ ਨਸ਼ਰ ਨਹੀਂ ਹੋਈ। ਪਟੀਸ਼ਨਕਰਤਾ ਨੇ ‘ਫਰੀਡਮ ਆਫ਼ ਇਨਫਾਰਮੇਸ਼ਨ ਐਕਟ’ ਤਹਿਤ ਇਹ ਰਿਪੋਰਟ ਨਸ਼ਰ ਹੋਣ ਸਬੰਧੀ ਅਰਜ਼ੀ ਦਾਖ਼ਲ ਕੀਤੀ ਹੈ। ਪਟੀਸ਼ਨ ’ਤੇ ਸੁਣਵਾਈ 6 ਅਕਤੂਬਰ ਨੂੰ ਹੋਣੀ ਹੈ।

ਫੜਨੀਸ ਨੇ ਅਦਾਲਤ ਨੂੰ ਅਮਰੀਕੀ ਅਧਿਕਾਰੀਆਂ ਨਾਲ ਹੋਈ ਗੱਲਬਾਤ ਬਾਰੇ ਦੱਸਿਆ ਜਿਸ ਵਿਚ ਉਨ੍ਹਾਂ ਉਸੇ ਸ਼ਾਮ ਭੇਜੇ ਗਏ ਤੀਜੇ ਟੈਲੀਗ੍ਰਾਮ ਦਾ ਜ਼ਿਕਰ ਕੀਤਾ ਹੈ ਜਿਸ ’ਤੇ ‘ਕਾਨਫੀਡੈਂਸ਼ਲ’ ਅੰਕਿਤ ਕੀਤਾ ਗਿਆ ਹੈ। ਫੜਨੀਸ, ਜਿਨ੍ਹਾਂ ਗਾਂਧੀ ਦੀ ਹੱਤਿਆ ਵਿਚ ਨੱਥੂਰਾਮ ਗੋਡਸੇ ਤੋਂ ਇਲਾਵਾ ਕਿਸੇ ਦੂਜੇ ਹਤਿਆਰੇ ਦਾ ਹੱਥ ਹੋਣ ਦੀ ਸੰਭਾਵਨਾ ਦੀ ਜਾਂਚ ਦੀ ਵੀ ਮੰਗ ਕੀਤੀ ਹੈ, ਨੇ ਕਿਹਾ ਕਿ ਉਨ੍ਹਾਂ ਵੱਲੋਂ ਇਸ ਹੱਤਿਆ ਵਿਚ ਵਿਦੇਸ਼ੀ ਹੱਥ ਹੋਣ ਸਬੰਧੀ ਪਤਾ ਲਾਉਣ ਲਈ ਅਮਰੀਕੀ ਦਸਤਾਵੇਜ਼ਾਂ ਦੇ ਨਸ਼ਰ ਹੋਣ ਲਈ ਕਾਫ਼ੀ ਜ਼ੋਰ ਲਾਇਆ ਜਾ ਰਿਹਾ ਹੈ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਾਂ ਰਵੀਸ਼ ਕੁਮਾਰ ਦੀ ਚਿੱਠੀ

*ਦੁੱਖ ਦੀ ਗੱਲ ਹੈ ਕਿ ਮਾੜੀ ਭਾਸ਼ਾ ਅਤੇ ਧਮਕੀ ਦੇਣ ਵਾਲੇ ਕੁੱਝ ਲੋਕਾਂ ਨੂੰ ਤੁਸੀਂ ਟਵਿਟਰ 'ਤੇ ਫਾਲੋ ਕਰਦੇ ਹੋ। ਜਨਤਕ ਤੌਰ 'ਤੇ ਵਿਖਾਈ ਦੇਣ ਅਤੇ ਵਿਵਾਦ ਹੋਣ ਤੋਂ ਬਾਅਦ ਵੀ ਫਾਲੋ ਕਰਦੇ ਹੋ। ਭਾਰਤ ਦੇ ਪ੍ਰਧਾਨ ਮੰਤਰੀ ਦੀ ਕੰਪਨੀ 'ਚ ਅਜਿਹੇ ਲੋਕ ਹਨ। ਇਹ ਨਾ ਉਨ੍ਹਾਂ ਦੀ ਵਡਿਆਈ ਹੈ ਅਤੇ ਨਾ ਹੀ ਉਨ੍ਹਾਂ ਦੇ ਅਹੁਦੇ ਲਈ ਚੰਗਾ ਹੈ।*

**ਮਾਣਯੋਗ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ,**

ਉਮੀਦ ਹੀ ਨਹੀਂ, ਸਗੋਂ ਪੂਰਾ ਵਿਸ਼ਵਾਸ ਹੈ ਕਿ ਤੁਸੀਂ ਠੀਕ-ਠਾਕ ਹੋਵੋਗੇ। ਮੈਂ ਹਮੇਸ਼ਾ ਤੁਹਾਡੀ ਸਿਹਤ ਦੀ ਕਾਮਨਾ ਕਰਦਾ ਰਹਿੰਦਾ ਹਾਂ। ਤੁਸੀਂ ਬੇਸ਼ੁਮਾਰ ਊਰਜਾ ਦੇ ਧਨੀ ਬਣੇ ਰਹੋ।



ਇਸ ਦੀ ਦੁਆ ਕਰਦਾ ਹਾਂ। ਚਿੱਠੀ ਦਾ ਉਦੇਸ਼ ਸੀਮਤ ਹੈ। ਸੋਸ਼ਲ ਮੀਡੀਆ ਦੇ ਮੰਚਾਂ 'ਤੇ ਭਾਸ਼ਾਈ ਲਹਿਜ਼ੇ ਨੂੰ ਕੁਚਲਿਆ ਜਾ ਰਿਹਾ ਹੈ। ਇਸ 'ਚ ਤੁਹਾਡੀ ਅਗਵਾਈ 'ਚ ਚੱਲਣ ਵਾਲੇ ਸੰਗਠਨ ਦੇ ਮੈਂਬਰਾਂ, ਸਮਰਥਕਾਂ ਤੋਂ ਇਲਾਵਾ ਵਿਰੋਧੀਆਂ ਦੇ ਸੰਗਠਨ ਅਤੇ ਮੈਂਬਰ ਵੀ ਸ਼ਾਮਲ ਹਨ। ਇਸ ਵਿਹਾਰ ਅਤੇ ਪਤਨ 'ਚ ਸ਼ਾਮਲ ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਹੈ।

ਦੁੱਖ ਦੀ ਗੱਲ ਹੈ ਕਿ ਗੰਦੀ ਭਾਸ਼ਾ ਅਤੇ ਧਮਕੀ ਦੇਣ ਵਾਲੇ ਕੁਝ ਲੋਕਾਂ ਨੂੰ ਤੁਸੀਂ ਟਵਿਟਰ 'ਤੇ ਫਾਲੋ ਕਰਦੇ ਹੋ। ਜਨਤਕ ਤੌਰ 'ਤੇ ਸਾਹਮਣੇ ਆਉਣ, ਵਿਵਾਦ ਹੋਣ ਦੇ ਬਾਅਦ ਵੀ ਫਾਲੋ ਕਰਦੇ ਹੋ। ਭਾਰਤ ਦੇ ਪ੍ਰਧਾਨ ਮੰਤਰੀ ਦੀ ਕੰਪਨੀ 'ਚ ਅਜਿਹੇ ਲੋਕ ਹੋਣ, ਇਹ ਨਾ ਤਾਂ ਤੁਹਾਡੇ ਲਈ ਚੰਗਾ ਹੈ ਅਤੇ ਨਾ ਹੀ ਤੁਹਾਡੇ ਅਹੁਦੇ ਲਈ। ਕਿਸੇ ਖਾਸ ਯੋਗਤਾ ਕਾਰਨ ਤੁਸੀਂ ਕਿਸੇ ਨੂੰ ਫਾਲੋ ਕਰਦੇ ਹੋਵੋਗੇ। ਪਰ ਤੁਹਾਨੂੰ ਪੂਰੀ ਉਮੀਦ ਹੈ ਕਿ ਧਮਕਾਉਣ, ਗਾਲਾਂ ਕੱਢਣ ਅਤੇ ਫਿਰਕੂਵਾਦ ਦੀਆਂ ਗੱਲਾਂ ਕਰਨ ਵਾਲਿਆਂ ਨੂੰ ਤੁਸੀਂ ਫਾਲੋ ਕਰਨ ਲਈ ਕਾਬਲ ਨਹੀਂ ਮੰਨਦੇ ਹੋਵੋਗੇ।

ਤੁਹਾਡੇ ਕੰਮਾਂ 'ਚ ਰੁੱਝੇ ਹੋਣ ਦੀ ਗੱਲ ਨੂੰ ਮੈਂ ਸਮਝ ਸਕਦਾ ਹਾਂ, ਪਰ ਤੁਹਾਡੀ ਟੀਮ ਇਹ ਸੁਨਿਸ਼ਚਿਤ ਕਰ ਸਕਦੀ ਹੈ ਕਿ ਤੁਸੀਂ ਅਜਿਹੇ ਕਿਸੇ ਵਿਅਕਤੀ ਨੂੰ ਟਵਿਟਰ 'ਤੇ ਫਾਲੋ ਨਾ ਕਰੋ। ਇਹ ਲੋਕ ਤੁਹਾਡੇ ਮਾਣ ਨੂੰ ਨੁਕਸਾਨ ਪਹੁੰਚਾ ਰਹੇ ਹਨ। ਭਾਰਤ ਦੀ ਜਨਤਾ ਨੇ ਤੁਹਾਨੂੰ ਬਹੁਤ ਪਿਆਰ ਦਿੱਤਾ ਹੈ। ਕੋਈ ਕਮੀ ਰਹਿ ਗਈ ਹੋਵੇ ਤਾਂ ਤੁਸੀਂ ਉਨ੍ਹਾਂ ਤੋਂ ਮੰਗ ਸਕਦੇ ਹੋ। ਉਹ ਖੁਸ਼ੀ-ਖੁਸ਼ੀ ਦੇ ਦੇਣਗੇ। ਪਰ ਇਹ ਚੰਗਾ ਨਹੀਂ ਲੱਗਦਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਅਜਿਹੇ ਲੋਕਾਂ ਨੂੰ ਫਾਲੋ ਕਰਨ, ਜੋ ਆਲੋਚਕਾਂ ਦੇ ਜ਼ਿੰਦਾ ਹੋਣ 'ਤੇ ਦੁੱਖ ਜਤਾਉਂਦਾ ਹੋਵੇ।

ਜਦੋਂ ਤੋਂ altnews.in 'ਤੇ ਪੜ੍ਹਿਆ ਹੈ ਕਿ ਓਮ ਧਰਮ ਰਕਸ਼ਤਿ ਰਕਸ਼ਤਿ ਨਾਂ ਦੇ ਵੱਟਸਐਪ ਗਰੁੱਪ 'ਚ ਜਿਹੜੇ ਲੋਕ ਮੈਨੂੰ ਕੁਝ ਮਹੀਨਿਆਂ ਤੋਂ ਗਾਲਾਂ ਕੱਢ ਰਹੇ ਸਨ, ਫਿਰਕੂਵਾਦ ਦੀਆਂ ਗੱਲ ਕਹਿ ਰਹੇ ਸਨ, ਮੇਰੇ ਜਿਹੇ ਦੇਸ਼ ਭਗਤ ਅਤੇ ਦੂਜੇ ਪੱਤਰਕਾਰਾਂ ਨੂੰ ਅਤਿਵਾਦੀ ਦੱਸ ਰਹੇ ਸਨ, ਉਨ੍ਹਾਂ 'ਚ ਕੁਝ ਲੋਕ ਤੁਹਾਨੂੰ ਵੀ ਫਾਲੋ ਕਰਦੇ ਹਨ। ਮੈਂ ਸਹਿਮ ਗਿਆ ਹਾਂ। ਪ੍ਰਧਾਨ ਮੰਤਰੀ ਜੀ, ਇਸ ਵੱਟਸਐਪ ਗਰੁੱਪ 'ਚ ਮੈਨੂੰ ਅਤੇ ਕੁੱਝ ਪੱਤਰਕਾਰਾਂ ਲਈ ਜਿਹੜੀ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ, ਜੇ ਮੈਂ ਪੜ੍ਹ ਦਿਆਂ ਤਾਂ ਸੁਣਨ ਵਾਲੇ ਕੰਨ ਬੰਦ ਕਰ ਲੈਣਗੇ। ਮੇਰਾ ਫਰਜ਼ ਬਣਦਾ ਹੈ ਕਿ ਮੈਂ ਆਪਣੀ ਸਖਤ ਆਲੋਚਨਾਵਾਂ ਵਿਚ ਵੀ ਤੁਹਾਡਾ ਲਿਹਾਜ਼ ਕਰਾਂ। ਮਹਿਲਾ ਪੱਤਰਕਾਰਾਂ ਦੇ ਸਨਮਾਨ 'ਚ ਜਿਹੜੀ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ, ਉਹ ਬਹੁਤ ਸ਼ਰਮਨਾਕ ਹੈ।

ਸੋਸ਼ਲ ਮੀਡੀਆ 'ਤੇ ਤੁਹਾਡੇ ਬਾਰੇ ਵੀ ਗੰਦੀ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਦਾ ਮੈਨੂੰ ਬਹੁਤ ਅਫਸੋਸ ਹੈ। ਪਰ ਇਥੇ ਮਾਮਲਾ ਤੁਹਾਡੇ ਵੱਲੋਂ ਅਜਿਹੇ ਲੋਕਾਂ ਦਾ ਹੈ, ਜੋ ਮੇਰੇ ਜਿਹੇ ਇੱਕਲੇ ਪੱਤਰਕਾਰ ਨੂੰ ਧਮਕੀਆਂ ਦਿੰਦੇ ਰਹੇ ਹਨ। ਜਦੋਂ ਵੀ ਵੱਟਸਐਪ ਗਰੁੱਪ ਤੋਂ ਵੱਖ ਹੋਣ ਦੀ ਕੋਸ਼ਿਸ਼ ਕੀਤੀ, "ਫੜੋ ਇਸ ਨੂੰ, ਭੱਜ ਰਿਹਾ ਹੈ, ਮਾਰੋ ਇਸ ਨੂੰ, ਵਰਗੀ ਭਾਸ਼ਾ ਵਰਤ ਕੇ ਵਾਪਸ ਜੋੜ ਦਿੱਤਾ ਗਿਆ।

ਰਾਜਨੀਤੀ ਨੇ ਸੋਸ਼ਲ ਮੀਡੀਆ ਅਤੇ ਸੜਕ 'ਤੇ ਜਿਹੜੀ ਭੀੜ ਤਿਆਰ ਕੀਤੀ ਹੈ, ਇਕ ਦਿਨ ਸਮਾਜ ਲਈ ਖਾਸ ਕਰ ਕੇ ਔਰਤਾਂ ਲਈ ਵੱਡੀ ਚੁਣੌਤੀ ਬਣ ਜਾਵੇਗੀ। ਇਨ੍ਹਾਂ ਦੀਆਂ ਗਾਲਾਂ ਔਰਤ ਵਿਰੋਧੀ ਹੁੰਦੀਆਂ ਹਨ। ਇਨੀਆਂ ਫਿਰਕੂਵਾਦੀ ਹੁੰਦੀਆਂ ਹਨ ਕਿ ਤੁਸੀਂ ਤਾਂ ਬਰਦਾਸ਼ਤ ਨਹੀਂ ਕਰ ਸਕੋਗੇ। ਵੈਸੇ ਵੀ 2022 ਤਕ ਭਾਰਤ 'ਚ ਫਿਰਕੂਵਾਦ ਮਿਟਾ ਦੇਣਾ ਚਾਹੁੰਦੇ ਹੋ। 15 ਅਗਸਤ ਦੇ ਤੁਹਾਡੇ ਭਾਸ਼ਣ ਦਾ ਵੀ ਇਨ੍ਹਾਂ 'ਤੇ ਕੋਈ ਅਸਰ ਨਹੀਂ ਪਿਆ ਅਤੇ ਉਹ ਹਾਲੇ ਤਕ ਮੈਨੂੰ ਧਮਕੀਆਂ ਦੇ ਰਹੇ ਹਨ।

ਹੁਣ ਮੇਰਾ ਤੁਹਾਨੂੰ ਇਕ ਸਵਾਲ ਹੈ। ਕੀ ਤੁਸੀਂ ਸੱਚਮੁਚ ਹੀ ਨੀਰਜ ਦਵੇ ਅਤੇ ਨਿਖਿਲ ਦਧੀਚ ਨੂੰ ਫਾਲੋ ਕਰਦੇ ਹੋ?



ਕਿਉਂ ਕਰਦੇ ਹੋ? ਕੁਝ ਦਿਨ ਪਹਿਲਾਂ ਮੈਂ ਇਨ੍ਹਾਂ ਦੇ ਵੱਟਸਐਪ ਗਰੁੱਪ ਦੇ ਕੁੱਝ ਸਕਰੀਨ ਸ਼ਾਟ ਆਪਣੇ ਫੇਸਬੁਕ ਪੇਜ @RavishKaPage 'ਤੇ ਜ਼ਾਹਰ ਕਰ ਦਿੱਤੇ ਸਨ। altnews.in ਦੇ ਪ੍ਰਤੀਕ ਸਿਨਹਾ ਅਤੇ ਨੀਲੇਸ਼ ਪੁਰੋਹਿਤ ਦੀ ਪੜਤਾਲ ਦੱਸਦੀ ਹੈ ਕਿ ਗਰੁੱਪ ਦਾ ਮੈਂਬਰ ਨੀਰਜ ਦਵੇ ਰਾਜਕੋਟ ਦਾ ਰਹਿਣ ਵਾਲਾ ਹੈ ਅਤੇ ਇਕ ਐਕਸਪੋਰਟ ਕੰਪਨੀ ਦਾ ਪ੍ਰਬੰਧ ਨਿਦੇਸ਼ਕ ਹੈ। ਨੀਰਜ ਦਵੇ ਨੂੰ ਤੁਸੀਂ ਫਾਲੋ ਕਰਦੇ ਹੋ। ਜਦੋਂ ਮੈਂ ਲਿਖਿਆ ਕਿ ਇੰਨੀ ਗੰਦੀ ਭਾਸ਼ਾ ਦੀ ਵਰਤੋਂ ਨਾ ਕਰੋ ਤਾਂ ਉਹ ਲਿਖਦਾ ਹੈ ਮੈਨੂੰ ਦੁੱਖ ਹੈ ਕਿ ਤੂੰ ਹਾਲੇ ਤਕ ਜ਼ਿੰਦਾ ਹੈ।

ਵੱਟਸਐਪ ਗਰੁੱਪ ਦਾ ਇਕ ਹੋਰ ਮੈਂਬਰ ਨਿਖਿਲ ਦਧੀਚ ਕਿੰਨਾ ਕੁੱਝ ਲਿਖ ਗਿਆ। ਪੱਤਰਕਾਰ ਗੌਰੀ ਲੰਕੇਸ਼ ਦੀ ਹੱਤਿਆ ਹੋਈ ਤਾਂ ਨਿਖਿਲ ਦਧੀਚ ਨੇ ਉਸ ਬਾਰੇ ਜੋ ਕਿਹਾ ਉਹ ਤੁਸੀਂ ਕਦੇ ਪਸੰਦ ਨਹੀਂ ਕਰੋਗੇ। ਇਹ ਹੋਰ ਗੱਲ ਹੈ ਕਿ ਤੁਸੀਂ ਉਸ ਵਿਅਕਤੀ ਨੂੰ ਹਾਲੇ ਤਕ ਫਾਲੋ ਕਰ ਰਹੇ ਹੋ। ਜੇ ਮੇਰੀ ਜਾਣਕਾਰੀ ਸਹੀ ਹੈ ਤਾਂ। ਹਾਲ ਹੀ 'ਚ ਭਾਜਪਾ ਦੇ ਆਈਟੀ ਸੈੱਲ ਦੇ ਮੁਖੀ ਅਮਿਤ ਮਾਲਵੀ ਨੇ ਗਲਤ ਤਰੀਕੇ ਨਾਲ ਐਡਿਟ ਕੀਤੇ ਹੋਏ ਮੇਰੇ ਭਾਸ਼ਣ ਦਾ ਵੀਡੀਓ ਸ਼ੇਅਰ ਕੀਤਾ ਸੀ। ਇਸ 'ਚ ਸਭ ਕੁਝ ਝੂਠ ਦੱਸਿਆ ਗਿਆ ਸੀ। altnews.in ਨੇ ਵੀ ਇਸ ਦਾ ਪ੍ਰਗਟਾਵਾ ਕੀਤਾ, ਪਰ ਅਮਿਤ ਮਾਲਵੀ ਨੇ ਅਫਸੋਸ ਤਕ ਪ੍ਰਗਟ ਨਹੀਂ ਕੀਤਾ।

ਪਰ ਸਰ, ਮੈਨੂੰ ਬਿਲਕੁਲ ਅੰਦਾਜ਼ਾ ਨਹੀਂ ਸੀ ਕਿ ਇਹ ਨਿਖਿਲ ਦਧੀਚ ਮੇਰੇ ਮੋਬਾਈਲ ਫੋਨ 'ਚ ਆ ਬੈਠਾ ਹੈ। ਇਕ ਫਿਰਕੂਵਾਦੀ ਵੱਟਸਐਪ ਗਰੁੱਪ ਦਾ ਮੈਂਬਰ ਹੈ, ਜਿਸ ਨਾਲ ਮੈਨੂੰ ਜ਼ਬਰੀ ਜੋੜਿਆ ਜਾਂਦਾ ਹੈ। ਜਿੱਥੇ ਮੇਰੇ ਬਾਰੇ ਹਿੰਸਕ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਅਸਲ 'ਚ ਮੈਂ ਸੋਚਿਆ ਨਹੀਂ ਸੀ ਕਿ ਇਸ ਗਰੁੱਪ ਦੇ ਮੈਂਬਰਾਂ ਦੇ ਤਾਰ ਤੁਹਾਡੇ ਤਕ ਜੁੜੇ ਹੋਣਗੇ। ਕਾਸ਼ altnews.in ਦੀ ਇਹ ਪੜਤਾਲ ਗਲਤ ਹੋਵੇ। ਨਿਖਿਲ ਦਧੀਚ ਦੀ ਤਾਂ ਤੁਹਾਡੇ ਕਈ ਮੰਤਰੀਆਂ ਨਾਲ ਤਸਵੀਰਾਂ ਹਨ।

ਇਹੀ ਨਹੀਂ ਓਮ ਧਰਮ ਰਕਸ਼ਤਿ ਰਕਸ਼ਤਿ ਗਰੁੱਪ ਦੇ ਕਈ ਐਡਮਿਨ ਹਨ। ਕਈ ਐਡਮਿਨ ਦੇ ਨਾਂ RSS, RSS-2 ਰੱਖੇ ਗਏ ਹਨ। ਇਕ ਐਡਮਿਨ ਦਾ ਨਾਂ ਆਕਾਸ਼ ਸੋਨੀ ਹੈ। ਭਾਰਤ ਦੀ ਦੂਜੀ ਮਹਿਲਾ ਰੱਖਿਆ ਮੰਤਰੀ ਨਿਰਮਲਾ ਸੀਤਾਰਮਣ ਜੀ, ਸਿਹਤ ਮੰਤਰੀ ਜੇ.ਪੀ. ਨੱਢਾ ਜੀ ਅਤੇ ਦਿੱਲੀ ਭਾਜਪਾ ਦੇ ਪ੍ਰਧਾਨ ਮਨੋਜ ਤਿਵਾਰੀ ਨਾਲ ਆਕਾਸ਼ ਸੋਨੀ ਦੀਆਂ ਤਸਵੀਰਾਂ ਹਨ। ਤਸਵੀਰ ਕਿਸੇ ਦੀ ਵੀ ਕਿਸੇ ਨਾਲ ਹੋ ਸਕਦੀ ਹੈ। ਪਰ ਇਹ ਤਾਂ ਕਿਸੇ ਨੂੰ ਧਮਕਾਉਣ ਜਾਂ ਫਿਰਕੂਵਾਦ ਗੱਲਾਂ ਕਰਨ ਦਾ ਗਰੁੱਪ ਚਲਾਉਂਦਾ ਸੀ। ਤੁਹਾਡੇ ਬਾਰੇ ਕੋਈ ਲਿਖ ਦਿੰਦਾ ਹੈ ਤਾਂ ਉਸ ਦੇ ਵੱਟਸਐਪ ਗਰੁੱਪ ਦੇ ਐਡਮਿਨ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ। ਮੈਂ ਅਜਿਹੀਆਂ ਕਈ ਖ਼ਬਰਾਂ ਪੜ੍ਹੀਆਂ ਹਨ।

ਕੀ ਆਕਾਸ਼ ਸੋਨੀ RSS ਦਾ ਮੁੱਖ ਅਹੁਦੇਦਾਰ ਹੈ? ਆਕਾਸ਼ ਸੋਨੀ ਨੇ ਮੇਰੇ ਸਮੇਤ ਅਭਿਸਾਰ ਸ਼ਰਮਾ, ਰਾਜਦੀਪ ਸਰਦੇਸਾਈ ਅਤੇ ਬਰਖਾ ਦੱਤ ਦੇ ਫੋਨ ਨੰਬਰ ਵੀ ਆਪਣੇ ਪੇਜ 'ਤੇ ਜਨਤਕ ਕੀਤੇ ਹਨ। altnews.in ਦੀ ਰਿਪੋਰਟ 'ਚ ਇਹ ਗੱਲ ਦੱਸੀ ਗਈ ਹੈ।

ਪਹਿਲਾਂ ਵੀ ਤੁਹਾਡੀ ਅਗਵਾਈ 'ਚ ਚੱਲਣ ਵਾਲੇ ਸੰਗਠਨ ਦੇ ਨੇਤਾਵਾਂ ਨੇ ਮੇਰਾ ਨੰਬਰ ਜਨਤਕ ਕੀਤਾ ਹੈ ਅਤੇ ਧਮਕੀਆਂ ਮਿਲੀਆਂ ਹਨ। ਮੈਂ ਪ੍ਰੇਸ਼ਾਨ ਤਾਂ ਹੋਇਆ, ਪਰ ਤੁਹਾਨੂੰ ਚਿੱਠੀ ਨਹੀਂ ਲਿਖੀ। ਇਸ ਵਾਰ ਲਿਖ ਰਿਹਾ ਹਾਂ, ਕਿਉਂਕਿ ਮੈਂ ਜਾਨਣਾ ਚਾਹੁੰਦਾ ਹਾਂ ਅਤੇ ਤੁਸੀਂ ਵੀ ਪਤਾ ਕਰਵਾਓ ਕਿ ਇਸ ਵੱਟਸਐਪ ਗਰੁੱਪ ਦੇ ਲੋਕ ਮੇਰੀ ਜਾਨ ਲੈਣ ਲਈ ਕਿਸ ਹੱਦ ਤਕ ਜਾ ਸਕਦੇ ਹਨ? ਕੀ ਮੇਰੀ ਜਾਨ ਨੂੰ ਖਤਰਾ ਹੈ?

ਮੈਂ ਇਕ ਆਮ ਨਾਗਰਿਕ ਹਾਂ ਅਤੇ ਛੋਟਾ ਜਿਹਾ, ਪਰ ਜਾਗਰੂਕ ਪੱਤਰਕਾਰ ਹਾਂ। ਜਿਸ ਬਾਰੇ ਅੱਜਕਲ੍ਹ ਹਰ ਕੋਈ ਕਹਿ ਕੇ ਨਿਕਲ ਜਾਂਦਾ ਹੈ ਕਿ ਛੇਤੀ ਹੀ ਤੁਹਾਡੀ ਕਿਰਪਾ ਨਾਲ ਸੜਕ 'ਤੇ ਆਉਣ ਵਾਲਾ ਹਾਂ। ਸੋਸ਼ਲ ਮੀਡੀਆ 'ਤੇ ਪਿਛਲੇ ਦਿਨੀਂ ਇਸ ਦਾ ਉਤਸਵ ਵੀ ਮਨਾਇਆ ਗਿਆ ਕਿ ਹੁਣ ਮੇਰੀ ਨੌਕਰੀ ਜਾਵੇਗੀ। ਕਈਆਂ ਨੇ ਕਿਹਾ ਅਤੇ ਕਹਿੰਦੇ ਹਨ ਕਿ ਸਰਕਾਰ ਮੇਰੇ ਪਿੱਛੇ ਪਈ ਹੋਈ ਹੈ। ਹਾਲ ਹੀ 'ਚ ਹਿੰਦੁਸਤਾਨ ਟਾਈਮਜ਼ ਦੇ ਸੰਪਾਦਕ ਬੌਬੀ ਘੋਸ਼ ਨੂੰ ਤੁਹਾਡੀ ਨਾਪਸੰਦਗੀ ਕਾਰਨ ਚਲਦਾ ਕਰ ਦਿੱਤਾ ਗਿਆ। ਇਸ ਦੀ ਖ਼ਬਰ ਮੈਂ thewire.in 'ਚ ਪੜ੍ਹੀ। ਕਹਿੰਦੇ ਹਨ ਕਿ ਹੁਣ ਮੇਰੀ ਵਾਰੀ ਹੈ। ਇਹ ਸਭ ਸੁਣ ਕੇ ਮੇਰਾ ਹਾਸਾ ਨਿਕਲ ਆਉਂਦਾ ਹੈ, ਪਰ ਮੈਂ ਪ੍ਰੇਸ਼ਾਨ ਹੁੰਦਾ ਹੈ। ਮੇਰਾ ਯਕੀਨ ਕਰਨ ਦਾ ਜੀਅ ਨਹੀਂ ਕਰਦਾ ਕਿ ਭਾਰਤ ਦਾ ਇਕ ਸਮਰਥ ਪ੍ਰਧਾਨ ਮੰਤਰੀ ਇਕ ਪੱਤਰਕਾਰ ਦੀ ਨੌਕਰੀ ਲੈ ਸਕਦਾ ਹੈ। ਉਦੋਂ ਲੋਕ ਕਹਿੰਦੇ ਹਨ ਕਿ ਥੋੜ੍ਹੇ ਦਿਨਾਂ ਦੀ ਗੱਲ ਹੈ, ਵੇਖ ਲੈਣਾ, ਤੁਹਾਡਾ ਇੰਤਜ਼ਾਮ ਹੋ ਗਿਆ ਹੈ। ਅਜਿਹਾ ਹੈ ਕੀ ਸਰ?

ਅਜਿਹਾ ਹੋਣਾ ਮੇਰੇ ਲਈ ਮਾਣ ਵਾਲੀ ਗੱਲ ਹੈ। ਪਰ ਅਜਿਹਾ ਨਾ ਹੋਣ ਦਿਓ। ਮੇਰੇ ਲਈ ਨਹੀਂ, ਭਾਰਤ ਦੇ ਮਹਾਨ ਲੋਕਤੰਤਰ ਦੀ ਸ਼ਾਨ ਲਈ, ਨਹੀਂ ਤਾਂ ਲੋਕ ਕਹਿਣਗੇ ਕਿ ਮੇਰੀ ਆਵਾਜ਼ ਵੱਖਰੀ ਵੀ ਹੈ, ਕੌੜੀ ਵੀ ਹੈ ਅਤੇ ਕੀ ਇਸ ਮਹਾਨ ਲੋਕਤੰਤਰ 'ਚ ਮੇਰੇ ਲਈ ਕੋਈ ਥਾਂ ਨਹੀਂ ਬਚੀ ਹੈ? ਇਕ ਪੱਤਰਕਾਰ ਦੀ ਨੌਕਰੀ ਲੈਣ ਦਾ ਇੰਤਜ਼ਾਮ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਦੇ ਪੱਧਰ 'ਤੇ ਹੋਵੇਗਾ? ਅਜਿਹੀਆਂ ਸੰਭਾਵਨਾਵਾਂ ਨੂੰ ਮੈਂ ਵੱਟਸਐਪ ਗਰੁੱਪ 'ਚ ਦਿੱਤੀਆਂ ਜਾਣ ਵਾਲੀਆਂ ਧਮਕੀਆਂ ਨਾਲ ਜੋੜ ਕੇ ਵੇਖਦਾ ਹਾਂ। ਜੇ ਤੁਸੀਂ ਇਨ੍ਹਾਂ ਲੋਕਾਂ ਨੂੰ ਫਾਲੋ ਨਹੀਂ ਕਰਦੇ ਤਾਂ ਮੈਂ ਇਹ ਚਿੱਠੀ ਨਹੀਂ ਲਿਖਦਾ।

ਮੇਰੇ ਕੋਲ ਐਲਿਊਮਿਨੀਅਮ ਦਾ ਇਕ ਬਸਕਾ ਹੈ, ਜਿਸ ਨੂੰ ਲੈ ਕੇ ਦਿੱਲੀ ਆਇਆ ਸੀ। ਇਨ੍ਹਾਂ 27 ਸਾਲਾਂ 'ਚ ਰੱਬ ਨੇ ਮੈਨੂੰ ਬਹੁਤ ਕੁੱਝ ਦਿੱਤਾ, ਪਰ ਉਹ ਬਕਸਾ ਅੱਜ ਵੀ ਮੇਰੇ ਕੋਲ ਹੈ। ਮੈਂ ਉਸ ਬਕਸੇ ਨਾਲ ਮੋਤਿਹਾਲੀ ਵਾਪਸ ਜਾ ਸਕਦਾ ਹਾਂ। ਪਰ ਪਰਿਵਾਰ ਦਾ ਬੋਝ ਵੀ ਹੈ। ਰੁਜ਼ਗਾਰ ਦੀ ਚਿੰਤਾ ਕਿਸ ਨੂੰ ਨਹੀਂ ਹੁੰਦੀ। ਵੱਡੇ-ਵੱਡੇ ਕਲਾਕਾਰ 75 ਸਾਲ ਦੇ ਹੋ ਕੇ ਇਸ਼ਤਿਹਾਰ ਕਰਦੇ ਰਹਿੰਦੇ ਹਨ ਤਾਂ ਕਿ ਪੈਸਾ ਕਮਾ ਸਕਣ। ਜਦੋਂ ਇੰਨੇ ਪੈਸੇ ਵਾਲਿਆਂ ਨੂੰ ਘਰ ਚਲਾਉਣ ਦੀ ਚਿੰਤਾ ਹੁੰਦੀ ਹੈ ਤਾਂ ਮੈਂ ਕਿਵੇਂ ਉਸ ਚਿੰਤਾ ਤੋਂ ਵੱਖ ਹੋ ਸਕਦਾ ਹਾਂ।

ਤੁਸੀਂ ਮੇਰੇ ਬੱਚਿਆਂ ਨੂੰ ਸੜਕ 'ਤੇ ਨਹੀਂ ਵੇਖਣਾ ਚਾਹੋਗੇ? ਮੇਰੇ ਤੋਂ ਇੰਨੀ ਨਫਰਤ? ਮੇਰੇ ਬੱਚੇ ਉਦੋਂ ਵੀ ਤੁਹਾਨੂੰ ਦੁਆ ਦੇਣਗੇ। ਮੈਨੂੰ ਸੜਕ ਨਾਲ ਪਿਆਰ ਹੈ। ਮੈਂ ਸੜਕ 'ਤੇ ਆ ਕੇ ਵੀ ਸਵਾਲ ਕਰਦਾ ਰਹਾਂਗਾ। ਚੰਪਾਰਣ ਆ ਕੇ ਬਾਪੂ ਨੇ ਇਹੀ ਤਾਂ ਮਿਸਾਲ ਦਿੱਤੀ ਕਿ ਸੱਤਾ ਕਿੰਨੀ ਵੱਡੀ ਹੋਵੇ, ਥਾਂ ਕਿੰਨਾ ਵੀ ਅਨਜਾਣ ਹੋਵੇ, ਨੈਤਿਕ ਸ਼ਕਤੀ ਨਾਲ ਕੋਈ ਵੀ ਉਸ ਦੇ ਸਾਹਮਣੇ ਖੜ੍ਹਾ ਹੋ ਸਕਦਾ ਹੈ। ਮੈਂ ਉਸ ਮਹਾਨ ਮਿੱਟੀ ਦਾ ਛੋਟਾ ਜਿਹਾ ਅੰਸ਼ ਹਾਂ।

ਮੈਂ ਕਿਸੇ ਨੂੰ ਡਰਾਉਣ ਲਈ ਸੱਚ ਨਹੀਂ ਬੋਲਦਾ। ਬਾਪੂ ਕਹਿੰਦੇ ਸਨ ਕਿ ਜਿਸ ਸੱਚ 'ਚ ਘੁਮੰਡ ਆ ਜਾਵੇ, ਉਹ ਸੱਚ ਨਹੀਂ ਰਹਿ ਜਾਂਦਾ। ਮੈਂ ਖੁਦ ਨੂੰ ਹੋਰ ਚੰਗਾ ਬਣਾਉਣ ਅਤੇ ਆਪਣੇ ਅੰਦਰੂਨੀ ਵਿਰੋਧਾਂ ਨੂੰ ਲੈ ਕੇ ਮਾਫੀ ਮੰਗਣ ਬਾਰੇ ਬੋਲਦਾ ਹਾਂ। ਜਦੋਂ ਮੈਂ ਬੋਲ ਨਹੀਂ ਪਾਉਂਦਾ, ਲਿਖ ਨਹੀਂ ਪਾਉਂਦਾ, ਉਦੋਂ ਉਸ ਸੱਚ ਨੂੰ ਲੈ ਕੇ ਜੂਝਦਾ ਰਹਿੰਦਾ ਹਾਂ। ਮੈਂ ਆਪਣੀਆਂ ਬਹੁਤ ਸਾਰੀਆਂ ਕਮਜ਼ੋਰੀਆਂ ਤੋਂ ਆਜ਼ਾਦ ਹੋਣ ਦੇ ਸੰਘਰਸ਼ 'ਚ ਹੀ ਉਹ ਗੱਲ ਕਹਿ ਦਿੰਦਾ ਹਾਂ, ਜਿਸ ਨੂੰ ਸੁਣ ਕੇ ਲੋਕ ਕਹਿੰਦੇ ਹਨ ਕਿ ਕੀ ਤੁਹਾਨੂੰ ਸਰਕਾਰ ਤੋਂ ਡਰ ਨਹੀਂ ਲੱਗਦਾ। ਕਈ ਵਾਰ ਹਾਰ ਜਾਂਦਾ ਹਾਂ। ਉਦੋਂ ਖੁਦ ਨੂੰ ਦਿਲਾਸਾ ਦਿੰਦਾ ਹਾਂ ਕਿ ਇਸ ਵਾਰ ਫੇਲ ਹੋ ਗਿਆ, ਅਗਲੀ ਵਾਰ ਪਾਸ ਹੋਣ ਦੀ ਕੋਸ਼ਿਸ਼ ਕਰਾਂਗਾ। ਸੱਤਾ ਸਾਹਮਣੇ ਬੋਲਣਾ ਉਸ ਅਹਿਸਾਸ ਦਾ ਪ੍ਰਦਰਸ਼ਨ ਹੈ, ਜਿਸ ਦਾ ਅਧਿਕਾਰ ਸੰਵਿਧਾਨ ਦਿੰਦਾ ਹੈ ਅਤੇ ਜਿਸ ਦੇ ਤੁਸੀਂ ਰੱਖਿਅਕ ਹੋ।

ਮੈਂ ਇਹ ਚਿੱਠੀ ਜਨਤਕ ਤੌਰ 'ਤੇ ਵੀ ਪ੍ਰਕਾਸ਼ਿਤ ਕਰ ਰਿਹਾ ਹਾਂ ਅਤੇ ਤੁਹਾਨੂੰ ਡਾਕ ਰਾਹੀਂ ਵੀ ਭੇਜ ਰਿਹਾ ਹਾਂ। ਜੇ ਤੁਸੀਂ ਨਿਖਿਲ ਦਧੀਚ, ਨੀਰਜ ਦਵੇ ਅਤੇ ਆਕਾਸ਼ ਸੋਨੀ ਨੂੰ ਜਾਣਦੇ ਹੋ ਤਾਂ ਉਨ੍ਹਾਂ ਨੂੰ ਬੱਸ ਇੰਨਾ ਹੀ ਪੁੱਛ ਲਓ ਕਿ ਕੀ ਉਨ੍ਹਾਂ ਦਾ ਜਾਂ ਉਨ੍ਹਾਂ ਦੇ ਕਿਸੇ ਗਰੁੱਪ ਦਾ ਮੈਨੂੰ ਮਾਰਨ ਦਾ ਪਲਾਨ ਤਾਂ ਨਹੀਂ ਹੈ? ਚਿੱਠੀ 'ਚ ਜੇ ਮੈਂ ਤੁਹਾਡੇ ਬਾਰੇ ਕੁਝ ਗਲਤ ਕਿਹਾ ਤਾਂ ਮਾਫੀ ਮੰਗਣਾ ਚਾਹੁੰਦਾ ਹਾਂ।

ਤੁਹਾਡਾ ਸ਼ੁਭਚਿੰਤਕ

**ਰਵੀਸ਼ ਕੁਮਾਰ**

ਪੱਤਰਕਾਰ

ਐਨਡੀਟੀਵੀ ਇੰਡੀਆ

## ਸ੍ਰੀ ਰਾਜਾ ਸਾਹਿਬ ਦੀ 77ਵੀਂ ਬਰਸੀ ਭਾਰੀ ਸ਼ਰਧਾ ਨਾਲ ਮਨਾਈ

### ਟੈਕਸਸ ਤੇ ਫਲੋਰਿਡਾ ਵਿੱਚ ਆਏ ਤੂਫਾਨਾਂ ਤੇ ਹੜ ਪੀੜਤਾਂ ਲਈ ਮਦਦ ਭੇਜੀ

**ਫਰਿਜ਼ਨੋ/ਬਿਊਰੋ ਨਿਊਜ਼:** ਸ੍ਰੀ ਨਾਭ ਕੰਵਲ ਰਾਜਾ ਸਾਹਿਬ ਦੇ ਨਾਮ ਨਾਲ ਜਾਣੇ ਜਾਂਦੇ ਮਹਾਨ ਤਪੱਸਵੀ ਦੀ 77ਵੀਂ ਬਰਸੀ ਸਬੰਧੀ ਸਮਾਗਮ ਕੈਲੀਫੋਰਨੀਆਂ ਦੇ ਫਰਿਜ਼ਨੋ ਇਲਾਕੇ ਤੋਂ ਇਲਾਵਾ ਹੋਰਨੀ ਥਾਈਂ ਕੀਤੇ ਗਏ ਜਿੱਥੇ ਹੜ੍ਹਪੀੜਤਾਂ ਲੋੜਵੰਦਾਂ ਦੀ ਮਦਦ ਇਕੱਠੀ ਕਰਕੇ ਭੇਜੀ ਗਈ।

ਪਿਛਲੇ ਦਿਨੀਂ ਅਮਰੀਕਾ ਦੀ ਟੈਕਸਸ ਅਤੇ ਫਲੋਰਿਡਾ ਰਾਜਾਂ ਵਿੱਚ ਆਏ ਤੂਫਾਨਾਂ ਅਤੇ ਹੜਾਂ ਨਾਲ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਫ਼ਰਿਜ਼ਨੋ ਇਲਾਕੇ ਦੀਆਂ ਸਿੱਖ ਸੰਗਤਾਂ ਵਲੋਂ ਇਨ੍ਹਾਂ ਦੁਖਾਂਤਾਂ ਵਿੱਚ ਪ੍ਰਭਾਵਿਤ ਲੋੜਵੰਦਾਂ ਨੂੰ ਮੱਦਦ ਪਹੁੰਚਾਉਣ ਭਰਵਾਂ ਹੁੰਗਾਰਾ ਭਰਿਆ।

ਮਹਾਂਪੁਰਸ਼ਾਂ ਵਲੋਂ ਦੁਖੀਆਂ ਅਤੇ ਲੋੜਵੰਦਾਂ ਦੀ ਮੱਦਦ ਲਈ ਚਲਾਏ ਮਿਸ਼ਨ ਮੁੱਖ ਰੱਖਦੇ ਹੋਏ ਇਸ ਸਮਾਗਮ ਦੇ ਸੰਬੰਧ ਵਿੱਚ ਫ਼ਰਿਜ਼ਨੋ ਦੇ ਸਵਰਗਵਾਸੀ ਸਰਦਾਰ ਬਖ਼ਸ਼ੀਸ਼ ਸਿੰਘ ਗਿੱਲ ਦੇ ਪਰਿਵਾਰ ਅਤੇ ਹੋਰ ਸੰਗਤਾਂ ਵਲੋਂ ਰਲ ਕੇ ਅਮੈਰੀਕਨ ਰੈਡ ਕਰਾਸ ਰਾਹੀਂ 10 ਹਜ਼ਾਰ ਡਾਲਰ ਦੀ ਰਾਸ਼ੀ ਲੋੜਵੰਦਾਂ ਦੀ ਮੱਦਦ ਲਈ ਭੇਜੀ ਗਈ। ਤਿੰਨ ਦਿਨਾ ਦੇ ਇਸ ਮਹਾਨ ਇਕੱਠ ਵਿੱਚ ਦੂਰ ਦੂਰ ਤੋਂ ਸੰਗਤਾਂ ਆਉਂਦੀਆਂ ਹਨ ਅਤੇ ਮਹਾਨ ਰਾਗੀ ਅਤੇ ਢਾਡੀ ਦਰਬਾਰ ਸਜਦੇ ਹਨ। ਇਨ੍ਹਾਂ ਦੀਵਾਨਾਂ ਵਿੱਚ ਪੰਥ ਦੇ ਪ੍ਰਸਿੱਧ ਰਾਗੀ ਅਤੇ ਢਾਡੀ ਜਥੇ, ਵਿਦਵਾਨ ਕਥਾ ਵਾਚਕ ਅਤੇ ਕਵੀ ਜਨ ਹਿੱਸਾ ਲੈਂਦੇ ਹਨ। ਭਾਰਤ ਤੋਂ ਬਾਹਰ, ਵਿਦੇਸ਼ਾਂ ਵਿੱਚ ਵਸਦੇ ਪ੍ਰੇਮੀ ਵੀ ਥਾਂ ਥਾਂ ਤੇ ਆਪ ਜੀ ਦੀ ਯਾਦ ਨੂੰ ਸਮਰਪਿਤ ਪ੍ਰਗਰਾਮ ਕਰਦੇ ਹਨ। ਇਸੇ ਸੰਬੰਧ ਵਿੱਚ ਪਿਛਲੇ ਦਿਨੀਂ ਕੈਲੇਫੋਰਨੀਆਂ ਦੇ ਸੈਲਮਾ ਗੁਰੂ ਘਰ ਵਿੱਚ ਤਿੰਨ ਦਿਨਾਂ ਸਮਾਗਮ ਹੋਏ। ਜਿਸ ਵਿੱਚ ਦੂਰ ਦੂਰ ਤੋਂ ਸੰਗਤਾਂ ਨੇ ਆਕੇ ਹਿੱਸਾ ਲਿਆ। ਤਿੰਨ ਦਿਨ ਗੁਰਬਾਣੀ ਦਾ ਪ੍ਰਵਾਹ ਚਲਦਾ ਰਿਹਾ। ਸ਼ੁਕਰਵਾਰ 22 ਸਤੰਬਰ ਨੂੰ ਸਵੇਰੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਬੜੀ ਸ਼ਰਧਾ ਨਾਲ ਸ਼ੁਰੂ ਹੋਏ ਅਤੇ ਐਤਵਾਰ ਨੂੰ ਭੋਗ ਪਾਏ ਗਏ।

ਇਸ ਮੌਕੇ ਤੇ ਬਾਕੀ ਜਥਿਆਂ ਅਤੇ ਬੁਲਾਰਿਆਂ ਤੋਂ ਇਲਾਵਾ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਹਰਜਿੰਦਰ ਸਿੰਘ ਜੀ ਸ੍ਰੀ ਨਗਰ ਵਾਲੇ ਖ਼ਾਸ ਤੌਰ ਤੇ ਪਹੁੰਚੇ ਹੋਏ ਸਨ ਜਿਨ੍ਹਾਂ ਨੇ ਤਿੰਨੇ ਦਿਨ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕੀਤਾ। ਉਨ੍ਹਾਂ ਨੂੰ ਸੁਣਨ ਲਈ ਰੋਜ਼ ਸੰਗਤਾਂ ਦਾ ਭਾਰੀ ਇਕੱਠ ਹੁੰਦਾ ਸੀ। ਤਿੰਨੋ ਦਿਨ ਸੰਗਤਾਂ ਨੇ ਵਧ ਚੜ੍ਹ ਕੇ ਗੁਰੂ ਕੇ ਲੰਗਰਾਂ ਅਤੇ ਹੋਰ ਸੇਵਾਵਾਂ ਨਿਭਾਈਆਂ। ਗੁਰੂ ਕਾ ਲੰਗਰ ਅਤੁੱਟ ਵਰਤਿਆ ਇਸੇ ਤਰ੍ਹਾਂ ਟਰੇਸੀ ਦੇ ਗੁਰੂ ਘਰ (ਦਮਦਮੀ ਟਕਸਾਲ) ਵਿਖੇ ਕੀਤੇ 29 ਸਤੰਬਰ ਤੋਂ ਪਹਿਲੀ ਅਕਤੂਬਰ ਤੱਕ ਸਮਾਗਮ ਹੋਏ।

ਉਸ ਤੋਂ ਅਗਲੇ ਪ੍ਰੋਗਰਾਮ 6 ਤੋਂ 8 ਅਕਤੂਬਰ ਪਿਟਸਬਰਗ ਦੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਵਿਖੇ ਅਤੇ 13,14 ਅਤੇ 15 ਅਕਤੂਬਰ ਨੂੰ ਗੁਰੂ ਘਰ ਲੋਡਾਈ ਵਿਖੇ ਹੋਣਗੇ। ਗੁਰੂ ਕੀਆਂ ਸੰਗਤਾਂ ਨੂੰ ਇਨ੍ਹਾਂ ਪ੍ਰਗਰਾਮਾਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਣ ਲਈ ਗੁਰੂ ਘਰਾਂ ਦੇ ਪ੍ਰਬੰਧਕਾਂ ਵਲੋਂ ਸਨਿਮਰ ਬੇਨਤੀ ਕੀਤੀ ਜਾਂਦੀ ਹੈ।

## ਅਮਰੀਕਾ ਦੇ 3 ਵਿਗਿਆਨੀਆਂ ਨੂੰ ਨੋਬੇਲ ਮੈਡੀਸਨ ਪੁਰਸਕਾਰ





ਮਾਈਕਲ ਰੋਸਬੇਸ਼ ਮਾਈਕਲ ਯੰਗ ਜੇਫਰੀ ਸੀ ਹਾਲ

**ਸਟੌਕਹੋਮ (ਅਮਰੀਕਾ)/ਬਿਊਰੋ ਨਿਊਜ਼ :** ਤਿੰਨ ਅਮਰੀਕੀ ਵਿਗਿਆਨੀਆਂ (ਜੈਨੇਟਿਕਿਸਟਸ) ਜੈਫਰੀ ਸੀ. ਹਾਲ (72), ਮਾਈਕਲ ਰੋਸਬੇਸ਼ (73) ਅਤੇ ਮਾਈਕਲ ਡਬਲਿਊ ਯੰਗ (68) ਨੂੰ ਜੀਵਾਂ ਵਿਚਲੀ 'ਕੁਦਰਤੀ ਘੜੀ' ਜਿਸ ਦੇ ਆਧਾਰ 'ਤੇ ਜੀਵ ਸੌਂਦੇ ਤੇ ਜਾਗਦੇ ਹਨ, ਸਬੰਧੀ ਖੋਜ ਲਈ ਨੋਬੇਲ ਮੈਡੀਸਨ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ। ਇਨਾਂ ਵਿਗਿਆਨੀਆਂ ਨੇ ਨੀਂਦ, ਖਾਣ ਦੀਆਂ ਆਦਤਾਂ, ਹਾਰਮੋਨਜ਼ ਅਤੇ ਸਰੀਰਕ ਤਾਪਮਾਨ ਵਿੱਚ ਜੀਨਜ਼ ਦੀ ਭੂਮਿਕਾ ਬਾਰੇ ਜਾਣਨਾ ਪਾਇਆ ਹੈ। ਇਨਾਂ ਨੇ ਉਨਾਂ ਜੀਨਜ਼ ਦੀ ਪਛਾਣ ਕੀਤੀ ਹੈ ਜਿਹੜੇ 'ਕੁਦਰਤੀ ਘੜੀ' ਨੂੰ ਚਲਾਉਂਦੇ ਹਨ। ਸਾਹਿਤ ਸਬੰਧੀ ਨੋਬੇਲ ਪੁਰਸਕਾਰ ਦਾ ਐਲਾਨ 5 ਅਕਤੂਬਰ ਨੂੰ ਕੀਤਾ ਜਾਵੇਗਾ।

# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਾਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। । ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲਫ਼ਜ਼ਾਂ ਨੂੰ ਵੀ ਫੜਦੇ ਹਾਂ।**



ਰਜਿੰਦਰ ਕੌਰ
ਫ਼ੋਨ: 98889-02339, 84271-12339

(ਭਾਗ- 22)

## ਆਪ ਕਾ ਨਾਮ

ਸਰਦੀਆਂ ਮੁੱਕਦੇ ਹੀ ਅਸੀਂ ਸ਼ਿਮਲੇ ਚਲੇ ਜਾਂਦੇ ਹਾਂ –

'ਟੱਪਰੀਆਂ' ਤੋਂ ਬੱਸ ਬੈਠ ਸ਼ਿਮਲੇ ਲਈ।

ਭਾਪਾ ਜੀ ਰੋਪੜ ਤੋਂ ਟਿਕਟਾਂ ਲੈ – ਬੱਸ ਵਿਚ ਬੈਠ ਆ ਜਾਂਦੇ ਹਨ – ਟੱਪਰੀਆਂ ਜਿੱਥੇ ਸੜਕ 'ਤੇ ਸਾਰਾ ਨਾਨਕਾ ਪਰਿਵਾਰ ਪਹਿਲਾਂ ਤੋਂ ਹੀ ਸਾਨੂੰ ਬੱਸ ਚੜ੍ਹਾਉਣ ਆਇਆ ਹੁੰਦਾ ਹੈ –

ਅਸੀਂ ਇੱਥੋਂ ਲਗਭਗ ਸ਼ਾਮ ਨੂੰ ਬੱਸ ਬੈਠਦੇ ਹਾਂ ਤੇ ਰਾਤ ਤੱਕ ਕਾਲਕਾ ਪੁੱਜ ਜਾਂਦੇ ਹਾਂ – ਰਾਤ ਨੂੰ ਆਮ ਤੌਰ ਤੇ ਬੱਸ ਅੱਡੇ ਵਿਚ ਹੀ ਰਾਤ ਕੱਟਦੇ ਹਾਂ – ਭਾਪਾ ਜੀ ਪਤਾ ਨਹੀਂ ਕਿੱਥੋਂ ਮੰਜਿਆਂ ਦਾ ਇੰਤਜ਼ਾਮ ਕਰ ਲੈਂਦੇ ਹਨ।

ਸਵੇਰੇ ਉੱਠ ਇੱਥੋਂ ਹੀ ਹੁਣ ਸ਼ਿਮਲੇ ਲਈ ਬੱਸ ਲੈ ਲੈਂਦੇ ਹਾਂ – ਸ਼ਿਮਲੇ ਦੀ ਸੜਕ ਪੱਕੀ ਹੈ (ਹੋਵੇ ਵੀ ਕਿਉਂ ਨਾ, ਗਰਮੀਆਂ ਦੀ ਰਾਜਧਾਨੀ ਜੁ ਹੈ ਪੰਜਾਬ ਦੀ) ਉਂਜ ਬਹੁਤ ਵਧੀਆ ਨਹੀਂ ਹੈ – ਥਾਂ ਥਾਂ ਪਹਾੜੀਆਂ ਤੋਂ ਪਾਣੀ ਰਿਸ ਰਿਸ ਕੇ ਰਾਹ ਖ਼ਰਾਬ ਹੋਇਆ ਪਿਆ ਹੈ – ਕਿਤੇ ਢਿੱਗਾਂ ਡਿੱਗ ਡਿੱਗ, ਪੱਥਰ ਖਿਲਰੇ ਪਏ ਹਨ ਤੇ ਕਿਤੇ ਪਾਣੀ ਵਗੀ ਜਾ ਰਿਹਾ ਹੈ ਸੜਕ ਦੇ ਉੱਤੋਂ ਦੀ ਹੀ।

ਬੱਸ ਵੀ ਸ਼ੀਂ ਸ਼ੀਂ ਕਰਦੀ ਹੌਲੀ ਹੌਲੀ ਚੜ੍ਹ ਰਹੀ ਹੈ – ਚੜ੍ਹਾਈ ਤੇ ਆਕੇ ਤਾਂ ਇੰਜ ਲਗਦਾ ਹੈ ਜਿਵੇਂ ਇਸ ਦਾ ਰਾਅਟ ਹੀ ਨਿਕਲ ਗਿਆ ਹੋਵੇ। ਉਂਜ ਬੱਸਾਂ ਵੀ ਛੋਟੀਆਂ ਛੋਟੀਆਂ ਹਨ – ਹੇਠਲੀਆਂ ਬੱਸਾਂ (ਮੈਦਾਨੀ ਇਲਾਕੇ ਵਾਲੀਆਂ) ਦੇ ਮੁਕਾਬਲੇ – ਸੀਟਾਂ ਵੀ ਲੰਮੇ ਰੁੱਖ ਦੀਆਂ ਬਣੀਆਂ ਹੋਈਆਂ ਹਨ – ਲੰਮੀਆਂ ਲੰਮੀਆਂ – ਖਿੜਕੀਆਂ ਵਾਲੇ ਪਾਸੇ ਤੇ ਵਿਚਕਾਰ ਪਿੰਠਾਂ ਜੋੜ ਕੇ –

ਅਸੀਂ ਹਮੇਸ਼ਾਂ ਖਿੜਕੀ ਵਾਲੇ ਪਾਸੇ ਹੀ ਬੈਠਦੇ ਹਾਂ – ਬਾਹਰ ਦੇ ਨਜ਼ਾਰੇ ਦੇਖਣ ਲਈ ਵੀ ਤੇ ਤੇ ਜੇ ਕਿਸੇ ਦੀ ਤਬੀਅਤ ਖ਼ਰਾਬ ਹੋ ਜਾਏ ਤਾਂ ਵੀ – ਉਂਜ ਸ਼ਿਮਲੇ ਟੁਰਨ ਤੋਂ ਪਹਿਲਾਂ ਸਾਨੂੰ ਖਾਣ ਲਈ ਵੀ ਬਹੁਤ ਘੱਟ ਦਿੱਤਾ ਜਾਂਦਾ ਹੈ– ਫੇਰ ਵੀ ਬੀਜੀ ਦਾ ਦਿਲ ਤਾਂ ਛੇਤੀ ਹੀ ਕੱਚਾ ਹੋਣ ਲੱਗ ਜਾਂਦਾ ਹੈ – ਬੀਜੀ ਕੀ ਇੱਥੇ ਤਾਂ ਅੱਧੀ ਬੱਸ ਦੇ ਲੋਕ ਉਲਟੀਆਂ ਕਰੀ ਜਾ ਰਹੇ ਹਨ – ਵਾਰੋ ਵਾਰੀ – ਇਕ ਦੂਜੇ ਨੂੰ ਦੇਖ ਦੇਖ – ਬਾਹਰੋਂ ਤਾਂ ਕੀ ਬੱਸ ਤਾਂ ਅੰਦਰੋਂ ਵੀ ਖ਼ਰਾਬ ਕਰੀ ਜਾ ਰਹੇ ਹਨ ਕਈ ਜਣੇ – ਕਈਆਂ ਨੇ ਹੁਣ ਨੱਕਾਂ ਮੂਹਰੇ ਕਪੜੇ ਧਰ ਲਏ ਹਨ।

ਬੱਸ ਥਾਂ ਥਾਂ ਰੁਕਦੀ ਜਾਂਦੀ ਹੈ – ਉਂਜ ਬੱਸ ਦਾ ਕੀ ਹੈ ਜਿੱਥੇ ਮਰਜ਼ੀ ਖੜੀ ਕਰਵਾ ਲਓ – ਖਾਸ ਕਰ ਜਿੱਥੇ 'ਬਾਉਲੀ' ਹੁੰਦੀ ਹੈ ਉੱਥੇ ਤਾਂ ਉਹ ਆਪ ਹੀ ਰੋਕ ਦਿੰਦੇ ਹਨ – ਪਹਾੜਾ 'ਚੋਂ ਆਉਂਦਾ ਨਿੱਤਰ ਕੇ ਸਾਫ਼ ਠੰਢਾ–ਮਿੱਠਾ ਪਾਣੀ – ਹੇਠਾਂ ਉਤਰ ਕੋਈ ਪਾਣੀ ਪੀਂਦਾ ਹੈ – ਕੋਈ ਮੂੰਹ ਹੱਥ ਧੋਂਦਾ ਹੈ। ਉਂਜ ਇੱਥੇ ਇੱਕੜ–ਦੁੱਕੜ ਟਰੱਕ ਵੀ ਖੜੇ ਹੋਏ ਮਿਲਦੇ ਹਨ ਆਮ – ਸਾਮਾਨ ਪੇਟੀਆਂ ਦੇ ਭੇਰ – ਡਰਾਇਵਰ ਕੰਡੈਕਟਰ ਨਹਾਉਂਦੇ ਧੋਂਦੇ ਨਜ਼ਰੀ ਆਉਂਦੇ ਹਨ – ਤੇ ਅੱਗ ਬਾਲ ਬਾਲ ਸੇਕਦੇ ਵੀ।

ਜਿੱਥੇ ਬੱਸ ਰੁਕਦੀ ਹੈ, ਬੱਸ ਦਾ ਕੰਡੈਕਟਰ ਨੱਠ ਕੇ – ਹੇਠਾਂ ਉਤਰ, ਪਹਿਲਾਂ ਬੱਸ ਦੇ ਪਿਛਲੇ ਪਹੀਏ ਪਿੱਛੇ ਲਕੜੀ ਦਾ ਵੱਡਾ ਸਾਰਾ 'ਗੁਟਕਾ' ਲਾ ਦਿੰਦਾ ਹੈ, ਜੋ ਪਹਿਲਾਂ ਤੋਂ ਹੀ ਬੱਸ ਵਿਚ ਰੱਖਿਆ ਹੁੰਦਾ ਹੈ।

ਬੱਸ ਰੁਕਦੀ ਹੈ – ਅਸੀਂ ਨਿਆਣੇ ਨੱਠ ਕੇ ਖੱਡ ਵਾਲੇ ਪਾਸੇ ਚਲੇ ਜਾਂਦੇ ਹਾਂ – ਨਜ਼ਾਰੇ ਦੇਖਣ ਲਈ – ਚਾਵਾਂ ਮੱਤੇ – ਸ਼ਿਮਲੇ ਜੁ ਜਾ ਰਹੇ ਹਾਂ, ਕਿਤੇ ਕਿਤੇ ਸੜਕ ਕੰਡੇ ਕੁਝ ਕੰਡੇਦਾਰ ਅਜਿਹੀਆਂ ਝਾੜੀਆਂ ਵੀ ਲੱਗੀਆਂ ਹੁੰਦੀਆਂ ਹਨ, ਜਿਨਾਂ ਨੂੰ ਨਿੱਕੇ ਨਿੱਕੇ (ਜੌਆਂ ਵਰਗੇ ਥੋੜੇ ਮੋਟੇ) ਲਾਲ ਲਾਲ, ਜਾਮਣੀ ਜਾਮਣੀ 'ਕਸ਼ਮਲ' (ਇਕ ਖੱਟਾ ਮਿੱਠਾ ਫ਼ਲ) ਲੱਗੇ ਹੁੰਦੇ ਹਨ। ਅਸੀਂ ਇਨਾਂ ਨੂੰ ਤੋੜ ਤੋੜ ਖਾਂਦੇ– ਮਸਤੀਆਂ ਕਰਦੇ ਹੀ ਹੁੰਦੇ ਕਿ ਝੱਟ ਹੀ ਬੱਸ ਤੁਰ ਪੈਂਦੀ ਹੈ। ਸੋਲਨ ਪੁੱਜ ਤਾਂ ਬੱਸ ਕਾਫ਼ੀ ਦੇਰ ਰੁਕਦੀ ਹੈ ਅੱਡੇ ਵਿਚ, ਚਾਹ ਪਾਣੀ ਪੀਣ ਲਈ। ਭਾਪਾ ਜੀ ਡਰਾਇਵਰ ਨੂੰ ਆਖ "ਅਸੀਂ ਪੈਦਲ ਜਾ ਰਹੇ ਹਾਂ – ਜਿੱਥੇ ਬੱਸ ਆ ਮਿਲੇ ਬਹਾ ਲੈਣਾ" ਪੈਦਲ ਹੀ ਤੁਰ ਪੈਂਦੇ ਹਾਂ – ਬੱਸ ਦੀ ਥਕਾਵਟ ਦੂਰ ਕਰਨ ਲਈ।

ਉਂਜ ਕਦੀ ਕਦੀ ਅਸੀਂ ਗੱਡੀ ਵਿਚ ਵੀ ਆਉਂਦੇ ਜਾਂਦੇ ਹਾਂ, ਖ਼ਾਸ ਕਰਕੇ ਜਦੋਂ ਸ਼ਿਮਲੇ ਤੋਂ ਕਾਲਕਾ ਆਉਣਾ ਹੁੰਦਾ ਹੈ। ਗੱਡੀ ਵਿਚ ਤਾਂ ਹੇਠਾਂ ਹੀ ਕੱਪੜਾ ਵਿਛਾ ਸਾਨੂੰ ਸੁਆ ਦਿੰਦੇ ਹਨ ਬੀਜੀ ਤੇ ਅਸੀਂ ਪਏ ਪਏ ਉਪਰੋਂ ਲੰਘਦੀਆਂ ਸੁਰੰਗਾਂ ਦਾ ਨਜ਼ਾਰਾ ਦੇਖਦੇ ਰਹਿੰਦੇ। ਗੱਡੀ ਦੀਆਂ ਸੀਟਾਂ ਵੀ ਬੱਸ ਵਾਂਗ ਲੰਬੇ ਰੁੱਖ ਦੀਆਂ ਹੀ ਬਣੀਆਂ ਹੋਈਆਂ ਹੁੰਦੀਆਂ ਹਨ – ਲਕੜ ਦੀਆਂ।

ਇਕ ਵਾਰੀ ਤਾਂ ਸਾਡੀ ਗੱਡੀ ਸ਼ਿਮਲੇ ਤੋਂ ਹੀ ਐਨੀ ਦੇਰ ਨਾਲ ਚੱਲੀ ਕਿ ਜਿਹੜੀ ਰੋਟੀ ਅਸਾਂ ਰਾਹ ਵਿਚ ਆ ਕੇ ਖਾਣੀ ਸੀ ਕਿਤੇ – ਹੁਣ ਸ਼ਿਮਲੇ ਤੋਂ ਹੀ ਖਾ ਕੇ ਚਲਦੇ ਹਾਂ। ਖ਼ੈਰ – ਖੈਰ–

ਅੱਜ ਤਾਂ ਹਾਲੇ ਅਸੀਂ ਸ਼ਿਮਲੇ ਚੱਲੇ ਹਾਂ।

ਦੁਪਹਿਰ ਢਲਣ ਤੱਕ ਅਸੀਂ ਸ਼ਿਮਲੇ ਪੁੱਜ ਜਾਂਦੇ ਹਾਂ।

ਸ਼ਿਮਲੇ ਪੁੱਜ ਕੇ ਪਹਿਲਾਂ 'ਬੈਰੀਅਰ' ਆਉਂਦਾ ਹੈ ਜਿੱਥੇ ਇਕ ਪੁਲਿਸ ਚੌਕੀ ਵੀ ਹੈ। ਇਹ ਥਾਂ ਸਾਨੂੰ ਨਿਆਣਿਆਂ ਨੂੰ ਬਹੁਤ ਚੰਗੀ ਲਗਦੀ ਹੈ ਜਾਂ ਇੰਜ ਕਹਿ ਲਓ ਅਸੀਂ ਉਡੀਕਦੇ ਰਹਿੰਦੇ ਹਾਂ ਇਸ ਥਾਂ ਨੂੰ – ਇੱਥੇ ਬੱਸ ਰੁਕਦੀ ਹੈ – ਇਕ ਸਿਪਾਹੀ ਬਸ ਵਿਚ ਚੜ੍ਹ ਆਉਂਦਾ ਹੈ ਤੇ ਵਾਰੋ ਵਾਰੀ ਪੁੱਛਦਾ ਹੈ – ਦੇਖਦਾ ਹੈ ਕਿ ਟੀਕੇ ਲੱਗੇ ਹੋਏ ਹਨ – ਖ਼ਾਸ ਕਰਕ ਹੈਜ਼ੇ ਦੇ – ਜੋ ਅਸੀਂ ਤਾਂ ਪਹਿਲਾਂ ਹੀ ਹੇਠੋਂ ਲਗਵਾ ਕੇ ਚਲਦੇ ਹਾਂ ਤੇ ਨਾਲ ਨਾਲ ਇਹ ਵੀ ਪੁੱਛੀ ਜਾਂਦਾ ਹੈ–

ਆਪ ਕਾ ਨਾਮ ?

ਬਾਪ ਕਾ ਨਾਮ ?

ਕਹਾਂ ਸੇ ਆਏ ?

ਕਹਾਂ ਕੋ ਜਾਨਾ ?

ਇਕ ਕਾਪੀ ਜਿਹੀ ਵਿਚ ਕੁਝ ਦਰਜ ਕਰ ਹੇਠਾਂ ਉਤਰ ਜਾਂਦਾ ਹੈ – ਇਹ ਗੀਤ ਨੁਮਾ ਸੁਆਲ ਸਾਨੂੰ ਸਾਰਿਆਂ ਨੂੰ ਹੀ ਬਹੁਤ ਚੰਗੇ ਲਗਦੇ ਤੇ ਅਸੀਂ ਤਾਂ ਆਪਸ ਵਿਚ ਹੀ ਕਿੰਨੇ ਕਿੰਨੇ ਦਿਨ ਇਨਾਂ ਬੋਲਾਂ ਨੂੰ ਗੀਤ ਵਾਂਗ ਦੁਹਰਾਉਂਦੇ ਰਹਿੰਦੇ ਹਾਂ – ਹੱਸਦੇ ਰਹਿੰਦੇ ਹਾਂ – ਗਾਉਂਦੇ ਰਹਿੰਦੇ ਹਾਂ– (ਇਹ ਅੰਗਰੇਜ਼ਾਂ ਵੇਲੇ ਦੀ ਗੱਲ ਹੈ)।

ਸਭ ਕਾਸੇ ਵਿਚੋਂ ਪਾਸ ਹੋ ਪੁੱਜ ਜਾਂਦੇ ਹਾਂ ਬੱਸ ਅੱਡੇ। ਬੱਸ ਅੱਡਾ, ਵੱਡੇ ਸ਼ਿਮਲੇ 'ਕਾਰਟ ਰੋਡ' 'ਤੇ ਹੈ – ਐਨ 'ਗੁਰਦੁਆਰਾ ਸਿੰਘ ਸਭਾ' ਦੇ ਸਾਹਮਣੇ – ਛੋਟਾ ਜਿਹਾ – ਪਹਾੜਾਂ ਵਿਚ ਜਿੱਡਾ ਕੁ ਹੁੰਦਾ ਹੈ ਜਾਂ ਹੋਣਾ ਚਾਹੀਦਾ ਹੈ– ਬੱਸ ਐਡਾ ਕੁ ਹੀ।

ਇੱਥੋਂ ਹੁਣ ਸਾਮਾਨ ਚੁੱਕਣ ਲਈ ਕੁਲੀ ਕਰਦੇ ਹਾਂ – ਕੁਲੀ ਗੋਰੇ ਚਿੱਟੇ ਪਰ ਮੈਲੇ ਮੈਲੇ ਕਸ਼ਮੀਰੀ 'ਹਾਤੋ' ਹਨ ਬਹੁਤ ਇੱਥੇ – ਸਿਰਾਂ 'ਤੇ ਗੋਲ ਟੋਪੀਆਂ – ਪੈਰਾਂ ਵਿਚ ਅੰਗੂਠੇ ਵਾਲੀ ਚੱਪਲ ਜਾਂ ਜੂਟ ਦੀ ਪਹਾੜੀ ਜੁੱਤੀ (ਜੋ ਖ਼ਾਸ ਕਰਕੇ ਇੱਥੇ ਹੀ ਬਣਦੀ ਹੈ) ਸਲਵਾਰ ਕਮੀਜ਼ ਜਾਂ ਕਿਸੇ ਕਿਸੇ ਨੇ ਉਪਰ 'ਫਿਰਨ' ਵੀ ਪਾਇਆ ਹੁੰਦਾ ਹੈ।

ਜਦ ਬੱਸ ਰੁਕਦੀ ਹੈ, ਇਹ ਮਗਰ ਦੌੜਦੇ ਹਨ – ਇਕ ਦੂਜੇ ਤੋਂ ਮੂਹਰੇ ਹੋ ਹੋ – ਵੱਡਾ ਸਾਰਾ ਪਿੱਤਲ ਦਾ ਗੋਲ – ਮਨਜ਼ੂਰ ਸ਼ੁਦਾ ਨੰਬਰ (ਜੋ ਬਾਂਹ 'ਤੇ ਬੰਨਿਆ ਹੁੰਦਾ ਹੈ) ਉਤਾਰ – ਜ਼ਬਰਦਸਤੀ ਹੱਥਾਂ ਵਿਚ ਫੜਾ – ਵਿਹਲੇ ਹੋ ਜਾਂਦੇ ਹਨ – ਜਦ ਤੱਕ ਸਭ ਦਾ ਵਾਰੋ ਵਾਰੀ ਸਾਮਾਨ ਉਤਰਦਾ ਹੈ।

ਅਸੀਂ ਛੋਟੇ ਸ਼ਿਮਲੇ ਜਾਣਾ ਹੈ – ਸੈਕਟਰੀਏਟ ਦੇ ਬਿਲਕੁਲ ਹੇਠਾਂ – ਸਰਕਾਰੀ ਕੁਆਟਰਾਂ ਵਿਚ – ਵੱਡੇ ਸ਼ਿਮਲੇ ਤੋਂ ਛੋਟੇ ਸ਼ਿਮਲੇ ਤੱਕ, ਹੁਣ ਇਹ ਸਾਰਾ ਰਾਹ ਪੈਦਲ ਹੀ ਤੈਅ ਕਰਨਾ ਹੈ – ਹੋਰ ਕੋਈ ਚਾਰਾ ਹੀ ਨਹੀਂ ਹੈ – ਉਂਜ ਇਥੋਂ ਹੁਣ ਕਿਤੇ ਵੀ ਜਾਣਾ ਹੈ – ਸੰਜੌਲੀ, ਕਸੁਮਟੀ, ਜਾਖੂ, ਬਾਲੂਗੰਜ, ਕੈਥੂ, ਮਸ਼ੋਵਰੇ, ਖਲੀਣੀ, ਲੱਕੜ ਬਾਜ਼ਾਰ ਕਿਸੇ ਵੀ ਪਾਸੇ – ਪੈਦਲ ਹੀ ਜਾਣਾ ਪਵੇਗਾ – ਲੋਕਲ ਬੱਸਾਂ ਤਾਂ ਹੁੰਦੀਆਂ ਹੀ ਨਹੀਂ ਹਨ – ਹੁੰਦੀਆਂ ਕੀ ਸੁਣੀਆਂ ਹੀ ਨਹੀਂ



ਹਨ – ਬੱਸ ਬਾਹਰੋਂ ਆਉਂਦੀਆਂ ਜਾਂਦੀਆਂ ਬੱਸਾਂ ਟਰੱਕ–ਰੇੜ੍ਹੇ–ਭਾਰ ਢੋਂਦੀਆਂ – ਖੱਚਰਾਂ – ਟੱਟੂ – ਸਭ ਇੱਥੇ 'ਕਾਰਟ ਰੋਡ' 'ਤੇ ਹੀ ਚਲਦੇ ਹਨ – ਸ਼ਿਮਲੇ ਵਿਚ ਹੋਰ ਕਿੱਧਰੇ ਵੀ ਨਹੀਂ – ਉਪਰ ਵੀ ਸ਼ਿਮਲੇ ਦੀਆਂ ਖਾਸ ਖਾਸ ਸੜਕਾਂ 'ਤੇ ਖਾਸ ਖਾਸ ਗੱਡੀਆਂ ਜਾਂ ਸਰਕਾਰੀ ਗੱਡੀਆਂ (ਕਾਰਾਂ) ਹੀ ਜਾਂਦੀਆਂ ਹਨ – ਉਹ ਵੀ ਆਮ ਨਹੀਂ।

ਆਮ ਤਾਂ ਉਪਰ ਰਿਕਸ਼ੇ ਹੀ ਚਲਦੇ ਹਨ ਪਰ ਆਮ ਕਾਹਦੇ ਉਹ ਵੀ ਤਾਂ ਖਾਸ ਹੀ ਸਮਝੋ – ਖਾਸ ਲੋਕਾਂ ਲਈ – ਮਰੀਜ਼ਾਂ, ਬੁੱਢਿਆਂ ਅਮੀਰਾਂ ਜਾਂ ਗੋਰਿਆਂ (ਮੇਮਾ–ਸਾਹਿਬਾਂ) ਲਈ – ਸਾਧਾਰਨ ਆਦਮੀ ਦੀ ਤਾਂ ਇਨਾਂ ਤੱਕ ਪਹੁੰਚ ਹੀ ਨਹੀਂ ਹੁੰਦੀ ਹੈ – ਮਹਿੰਗੇ ਹੀ ਬਹੁਤ ਹਨ – ਫੇਰ ਇਨਾਂ ਵਿਚ ਸਵਾਰੀ ਵੀ ਤਾਂ ਇਕ ਅੱਧੀ ਹੀ ਬੈਠ ਸਕਦੀ ਹੈ ਤੇ ਖਿੱਚਣ ਵਾਲੇ ਚਾਰ ਜਾਣੇ – ਦੋ ਅੱਗੇ ਖਿੱਚਦੇ ਹਨ ਦੋ ਪਿੱਛੋਂ ਧੱਕਾ ਲਾਉਂਦੇ ਹਨ – (ਉਂਜ ਚੜ੍ਹਾਈ ਉਤਰਾਈ ਦੇ ਹਿਸਾਬ ਨਾਲ)।

ਆਮ ਰਿਕਸ਼ਾ ਚਾਲਕ – ਮੌਸਮ ਅਨੁਸਾਰ ਸਾਧਾਰਨ ਕਪੜਿਆਂ ਵਿਚ ਹੀ ਹੁੰਦੇ ਹਨ – ਬਹੁਤੇ ਪੈਰੋਂ ਨੰਗੇ – ਸ਼ਾਇਦ ਕੱਚੀਆਂ, ਛੋਟੀਆ, ਉੱਗੜ–ਦਗੜੀਆਂ ਥਾਵਾਂ 'ਤੇ ਜਾਣ ਲਈ ਪਰ ਸਰਕਾਰੀ ਰਿਕਸ਼ਾ ਚਾਲਕਾਂ ਦੀ ਠਾਠ–ਬਾਠ ਤਾਂ ਦੇਖਣ ਵਾਲੀ ਹੁੰਦੀ ਹੈ – ਪੂਰੀ ਵਰਦੀ, ਲਾਲ ਹਰੇ ਗਰਮ ਕੋਟ – ਚਮਕਦੇ ਸੁਨਹਿਰੀ ਬਟਨਾਂ ਤੇ ਬਿੱਲਿਆਂ ਸਣੇ। ਰਿਕਸ਼ੇ ਵੀ ਬਹੁਤ ਵਧੀਆ – ਆਹ ਆਏ ਔਹ ਗਏ। ਅਸੀਂ ਨਿਆਣੇ ਤਾਂ ਇਨਾਂ ਰਿਕਸ਼ਾ ਚਾਲਕਾਂ ਨੂੰ ਇਨਾਂ ਵਿਚ ਬੈਠੀਆਂ ਮੇਮਾਂ ਨੂੰ ਖੜੇ ਹੋ ਹੋ ਦੇਖਣ ਲੱਗ ਜਾਂਦੇ ਹਾਂ ਤੇ ਬੱਸ ਦੇਖਦੇ ਹੀ ਰਹਿੰਦੇ ਹਾਂ – ਸਾਨੂੰ ਤਾਂ ਕਦੀ ਵੀ ਇਨਾਂ ਵਿਚ ਬੈਠਣ ਦਾ ਮੌਕਾ ਹੀ ਨਹੀਂ ਮਿਲਿਆ –

ਉਹ ਹੋ ! ਪਹਿਲਾਂ ਘਰ ਤਾਂ ਪੁੱਜੀਏ – ਬਾਕੀ ਗੱਲਾਂ ਫੇਰ।

ਆਪਣਾ ਸਾਮਾਨ ਚੁਕਵਾ ਤੁਰ ਪੈਂਦੇ ਹਾਂ ਅਸੀਂ – ਕੁਲੀ ਨੇ ਸਾਰਾ ਸਾਮਾਨ ਵੱਡੇ ਸਾਰੇ ਰੱਸੇ ਨਾਲ ਪਿੱਠ 'ਤੇ ਬੰਨ ਲਿਆ ਹੈ ਚਿਣ–ਸੁਆਰ ਕੇ। ਹੁਣ ਅਸੀਂ ਉਹਦੇ ਨਾਲ ਨਾਲ ਤੁਰੇ ਜਾ ਰਹੇ ਹਾਂ ਕਾਰਟ ਰੋਡ 'ਤੇ –

ਇਹ ਲੰਮੀ ਤੰਗ ਸੜਕ – ਸਿਰੇ ਤੋਂ ਸਿਰੇ ਤੱਕ - ਖੜਿਆਂ – ਟਰੱਕਾਂ ਨਾਲ ਭਰੀ ਪਈ ਹੈ – ਸੜਕ ਤੇਲ ਮਿਲੇ ਪਾਣੀ ਨਾਲ ਗਚਾ–ਗਚ ਹੋਈ ਪਈ ਹੈ – ਸਤਰੰਗੇ ਲਹਿਰੀਏ ਬਣਾਉਂਦਾ ਪਾਣੀ – ਕਿਧਰੇ ਕਿਧਰੇ ਤਾਂ ਬਹੁਤ ਹੀ ਇਕੱਠਾ ਹੋਇਆ ਪਿਆ ਹੈ ਐਧਰ ਪਹਾੜ ਵਾਲੇ ਪਾਸੇ – ਪਰ ਅਸੀਂ ਤਾਂ ਹੁਣ ਭੀੜ ਕਰਕੇ ਐਧਰ ਨਾਲ ਲਕੜੀ ਦੇ ਬਣੇ ਰਸਤੇ ਤੋਂ ਦੀ ਜਾ ਰਹੇ ਹਾਂ ਜੋ ਹੈ ਵੀ ਪੈਦਲ ਆਉਣ ਜਾਣ ਵਾਲੇ ਲੋਕਾਂ ਲਈ ਹੈ – ਕੁਲੀ ਵੀ ਐਧਰੋਂ ਹੀ ਆ ਗਿਆ ਹੈ। ਹੇਠਾਂ ਦੂਰ ਦੂਰ ਤੱਕ ਨਜ਼ਾਰੇ ਹੀ ਨਜ਼ਾਰੇ – ਘਰਾਂ ਕੋਠਿਆਂ ਵਿਹੜਿਆਂ ਵਿਚ ਕੰਮ ਕਰਦੇ ਬੈਠੇ ਆਉਂਦੇ ਜਾਂਦੇ ਲੋਕਾਂ ਦੀ ਭੀੜ – ਪਹਾੜੀ ਲੋਕਾਂ ਦੀ ਜ਼ਿੰਦਗੀ ਦੇ ਨਜ਼ਾਰੇ – ਭਾਵੇਂ ਲੱਖ ਵਾਰੀ ਦੇਖੋ – ਨਵੇਂ ਹੀ ਨਵੇਂ, ਹੇਠੋਂ ਆ ਕੇ ਤਾਂ ਇਹ ਸਭ ਕੁਝ ਬਹੁਤ ਰੁਮਾਂਚਿਕ ਲਗਦਾ ਹੈ – ਰੱਜ ਰੱਜ ਕੇ ਜੀਉਣ ਨੂੰ ਰੱਜ ਰੱਜ ਕੇ ਮਰਨ ਨੂੰ ਜੀ ਕਰਦਾ ਹੈ – ਇੱਥੇ ਆ ਕੇ।

ਹੁਣ ਅਸੀਂ ਵੱਡਾ ਨਾਲਾ ਟੱਪ ਵੱਡੇ ਹਵਾ–ਘਰ ਕੋਲ ਪੁੱਜ ਰਹੇ ਹਾਂ ਸੱਜੇ ਹੱਥ ਚੜ੍ਹਦੀ ਚੜ੍ਹਾਈ 'ਤੋਂ ਦੀ – ਉਪਰ ਆ ਫੇਰ ਮੂਹਰੇ ਵੱਡਾ ਨਾਲਾ ਹੈ – ਪੱਥਰਾਂ ਤੋਂ ਪਾਣੀ ਦੀ ਡਿੱਗਣ ਦੀਆਂ ਆਵਾਜ਼ਾਂ ਦੂਰੋਂ ਹੀ ਆਉਣੀਆਂ ਸ਼ੁਰੂ ਹੋ ਗਈਆਂ ਹਨ – ਕਲ਼ ਕਲ਼ – ਸ਼ਾਂ ਸ਼ਾਂ – ਉੱਚੇ ਉੱਚੇ ਦਰਖਤਾਂ 'ਚੋਂ ਲੰਘਦੀ ਪੌਣ ਦੀ ਸਰ–ਸਰਾਹਟ – ਸ਼ੂੰ–ਸ਼ੂੰ–ਮੰਤਰ–ਮੁਗਧ ਕਰਦੀ ਨਹੀਂ ਥੱਕਦੀ – ਸਾਨੂੰ ਤਾਂ ਹੁਣ ਨਿੱਕੀ ਨਿੱਕੀ ਠੰਢ ਵੀ ਲੱਗਣ ਲਗ ਪਈ ਹੈ – ਸਾਰਿਆਂ ਨੂੰ।

ਐਧਰ ਚੜ੍ਹਾਈ ਚੜ੍ਹ ਆ ਗਏ ਹਾਂ ਛੋਟੇ ਹਵਾ ਘਰ ਵੱਲ – ਪਰ ਕੁੱਲੀ ਨੇ ਤਾਂ ਚੜ੍ਹਾਈ ਚੜ੍ਹਨ ਤੋਂ ਪਹਿਲਾਂ ਉਸ ਵੱਡੇ ਉਚੇ ਥੜੇ 'ਤੇ ਸਾਮਾਨ ਟਿਕਾ ਦਿੱਤਾ ਹੈ – ਘੜੀ ਅਰਾਮ ਕਰਨ ਲਈ ਤੇ ਪਿੱਠ ਸਿੱਧੀ ਕਰਨ ਲੱਗ ਪਿਆ ਹੈ ਉਹ – ਅਸੀਂ ਵੀ ਰੁਕ ਜਾਂਦੇ ਹਾਂ ਇੱਥੇ – ਹਵਾ ਘਰ ਦੇ ਬੈਂਚਾਂ 'ਤੇ ਪਲ ਕੁ ਲਈ ਅਰਾਮ ਕਰਦੇ ਹਾਂ – ਅਗਲੇ ਸਫ਼ਰ 'ਤੇ ਜਾਣ ਤੋਂ ਪਹਿਲਾਂ, ਸਾਹ ਵੀ ਤਾਂ ਚੜ੍ਹੇ ਪਏ ਹਨ – ਸਾਨੂੰ ਸਾਰਿਆਂ ਨੂੰ ਹੀ। ਛੋਟਾ ਹਵਾ ਘਰ, ਮਨਿਸਟਰਾਂ ਦੀਆਂ ਕੋਠੀਆਂ ਛੋਟਾ ਡਾਕਖਾਨਾ ਲੰਘ – ਚੜ੍ਹਾਈਆਂ ਉਤਰਾਈਆਂ ਚੜ੍ਹਦੇ ਉਤਰਦੇ ਆ ਪੁੱਜਦੇ ਹਾਂ ਐਧਰ ਛੋਟੇ ਸ਼ਿਮਲੇ ਮੂਹਰੇ ਚੌਕ ਵਿਚ ਜਿੱਥੇ ਇਕ ਸਿਪਾਹੀ ਖੜਾ ਹੈ – ਤੇ ਹੇਠੋਂ ਕਾਰਟ ਰੋਡ ਵੀ ਇੱਥੇ ਆ ਮਿਲਦੀ ਹੈ ਜੋ ਛੋਟਾ ਸ਼ਿਮਲਾ ਲੰਘ ਸੰਜੌਲੀ ਵਲ ਨੂੰ ਚਲੀ ਜਾਂਦੀ ਹੈ ਅੱਗੇ – ਪਰ ਅਸੀਂ ਤਾਂ ਉਪਰੋਂ ਦੂਸਰੇ ਰਸਤੇ ਤੋਂ ਆਏ ਹਾਂ – ਛੋਟੇ ਤੇ ਰੌਣਕ ਵਾਲੇ ਪਾਸੇ ਤੋਂ।

ਹੁਣ ਮੂਹਰੇ ਠਾਣਾ ਹੈ। ਹੇਠਾਂ ਵੱਲ ਛੋਟੇ ਸ਼ਿਮਲੇ ਦਾ ਬਾਜ਼ਾਰ ਤੇ ਬਾਜ਼ਾਰ ਤੋਂ ਹੁੰਦੀ ਦੂਜੀ ਸੜਕ ਹੇਠਾਂ ਕੁਸਮਪਟੀ - ਪਰਾਂ ਪਰੀ ਮਹਿਲ ਵੱਲ ਲੰਘ ਜਾਂਦੀ ਹੈ – ਠਾਣੇ ਤੋਂ ਅੱਗੇ ਛੋਟੇ ਸ਼ਿਮਲੇ ਦਾ ਗੁਰਦੁਆਰਾ – ਗੁਰਦੁਆਰੇ ਦੇ ਸਾਹਮਣਿਓਂ ਹੇਠਾਂ ਸੜਕ ਜਾਂਦੀ ਹੈ ਸਾਡੇ ਕੁਆਟਰਾਂ ਵੱਲ – ਸਾਡਾ ਘਰ ਥੋੜਾ ਅੱਗੇ ਜਾ ਕੇ ਹੈ –

"ਤੁਸੀਂ ਆਓ ਹੌਲੀ ਹੌਲੀ ਮੈਂ ਕੁਲੀ ਨਾਲ ਅੱਗੇ ਜਾ ਸਾਮਾਨ ਰਖਾਉਂਦਾ ਹਾਂ।" – ਆਖ ਭਾਪਾ ਜੀ ਕਾਹਲੇ ਕਦਮੀਂ ਕੁਲੀ ਨਾਲ ਉਤਰਾਈ ਉਤਰ ਘਰ ਚਲੇ ਜਾਂਦੇ ਹਨ।

ਘਰ ਪੁੱਜਦੇ ਹਾਂ ਅਸੀਂ, ਅੰਤਾਂ ਦੇ ਥੱਕੇ ਥਕਾਏ – ਇਹ ਕੀ – ਸਾਡੇ ਘਰ ਅੰਦਰੋਂ ਤਾਂ ਗਾਣੇ ਦੀ ਆਵਾਜ਼ ਆ ਰਹੀ ਹੈ – ਅਸੀਂ ਹੈਰਾਨ ਹੋਏ ਦੇਖਦੇ ਹਾਂ ਅੰਦਰ ਜਾ – ਨਵਾਂ ਵਾਜਾ ਵੱਜ ਰਿਹਾ ਹੈ – 'ਹਿਜ਼ ਮਾਸਟਰ ਵੋਆਈਸ' ਦਾ ਗ੍ਰਾਮਾਫੋਨ – ਜੋ ਸਾਨੂੰ ਗਾ ਗਾ ਸੁਣਾ ਰਿਹਾ ਹੈ।

"ਪੇਕੇ ਟੁਰ ਜਾਉਂਗੀ, ਪੇਕੇ ਟੁਰ ਜਾਉਂਗੀ – ਓ ਬਾਂਕੀ ਨਨਾਣ ਦਿਆ ਵੀਰਾ।"

ਸਾਡੀ ਖੁਸ਼ੀ ਦਾ ਤਾਂ ਅੰਤ ਹੀ ਨਹੀਂ ਰਹਿੰਦਾ ਹੈ – ਥਕਾਵਟ ਪਤਾ ਨਹੀਂ ਕਿੱਥੇ ਛਾਂਈ–ਮਾਂਈ ਹੋ ਜਾਂਦੀ ਹੈ। ਸਾਰੀ ਦੀਨ ਦੁਨੀਆਂ ਭੁੱਲ ਅਸੀਂ ਤਾਂ ਗ੍ਰਾਮਾਫੋਨ ਦੁਆਲੇ ਜੁੜ ਜਾਂਦੇ ਹਾਂ – ਤੇ ਹੁਣ ਤਵੇ ਦੇ ਦੂਜੇ ਪਾਸੇ ਗੀਤ ਵੱਜਦਾ ਹੈ –

"ਡੋਲੀ ਵਿਚੋਂ ਨਿਕਲੀ ਇਕ ਮੁਟਿਆਰ।"

ਇਸ ਤੋਂ ਬਿਨਾਂ ਵੀ ਫਿਲਮੀ ਗੀਤਾਂ ਦੇ ਹੋਰ ਵੀ ਬਹੁਤ ਸਾਰੇ 'ਤਵੇ' ਹਨ – ਹੁਣ ਸਾਨੂੰ ਸੁਣਨ ਸੁਣਾਉਣ ਨੂੰ।

ਸਾਡੇ ਘਰ ਹੁਣ ਤੱਕ ਮਨੋਰੰਜਨ ਦੀ ਇਹ ਪਹਿਲੀ ਕੋਈ ਚੀਜ਼ ਆਈ ਹੈ – ਫੇਰ ਬਹੁਤ ਦੇਰ ਤੱਕ ਰਹਿੰਦਾ ਹੈ ਸਾਡੇ ਕੋਲ – ਇਹ ਗ੍ਰਾਮਾਫੋਨ – ਚਾਬੀ ਵਾਲ ਵਾਜਾ, ਉਦੋਂ ਵੀ ਜਦੋਂ ਸੰਨ ਤਰਵੰਜਾ ਵਿਚ ਅਸੀਂ ਹੇਠਾਂ, ਚੰਡੀਗੜ੍ਹ ਆ ਜਾਂਦੇ ਹਾਂ।

ਚੰਡੀਗੜ੍ਹ ਸਾਡੇ ਆਂਢ–ਗੁਆਂਢ ਹੁਣ ਆਮ ਘਰਾਂ ਵਿਚ ਰੇਡੀਓ ਆ ਗਏ ਹਨ – ਬਿਜਲੀ ਜੁ ਹੈ ਇੱਥੇ – ਸ਼ਿਮਲੇ ਤਾਂ ਸਾਡੇ ਘਰ ਬਿਜਲੀ ਹੀ ਨਹੀਂ ਸੀ ਹੁੰਦੀ।

ਚੰਡੀਗੜ੍ਹ ਆਉਣ ਮਗਰੋਂ ਹੁਣ ਅਸੀਂ ਸਾਰੇ ਭੈਣ ਭਰਾ ਜ਼ਿੱਦ ਕਰਦੇ ਹਾਂ, ਰੇਡੀਓ ਲੈਣ ਲਈ – ਪਰ ਬੀਜੀ ਕਹਿੰਦੇ ਹਨ – "ਨਹੀਂ, ਪਹਿਲਾਂ ਮੈਸ ਲੈਣੀ ਹੈ – ਦੁੱਧ ਬਾਧ ਬਿਨਾਂ ਨਹੀਂ ਸਰਦਾ।"

ਅਸੀਂ ਆਪਣੀ ਥਾਂ ਜ਼ਿੱਦ ਕਰੀ ਜਾਂਦੇ ਹਾਂ ਤੇ ਬੀਜੀ ਆਪਣੀ ਥਾਂ ਅੜੇ ਹੋਏ ਹਨ – ਆਖ਼ਰ ਨੂੰ ਸਾਡੇ ਘਰ ਮੈਸ ਹੀ ਆਉਂਦੀ ਹੈ – ਰੇਡੀਓ ਨਹੀਂ।

ਰੇਡੀਓ ਦਾ ਮੂੰਹ ਤਾਂ ਅਸੀਂ ਬਹੁਤ ਬਾਅਦ ਵਿਚ ਜਾ ਕੇ ਕੇ ਦੇਖਦੇ ਹਾਂ ਕਿਤੇ – ਕਦੋਂ – ਹੁਣ ਚੰਗੀ ਤਰਾਂ ਯਾਦ ਵੀ ਨਹੀਂ ਹੈ – ਤੇ ਦੱਸ ਵੀ ਨਹੀਂ ਸਕਦੀ ਹਾਂ।

*(ਬਾਕੀ ਅਗਲੇ ਹਫ਼ਤੇ)*

## ਲਾਸ ਵੇਗਸ ’ਚ ਸੰਗੀਤ ਸਮਾਰੋਹ ’ਤੇ ਗੋਲੀਬਾਰੀ ਨਾਲ 59 ਮੌਤਾਂ; 500 ਤੋਂ ਵੱਧ ਲੋਕ ਜ਼ਖ਼ਮੀ

ਹਮਲਾਵਰ ਮ੍ਰਿਤਕ ਪਾਇਆ ਗਿਆ। ਨੇਵਾਡਾ ਦੇ ਇਸ ਜੂਏਬਾਜ਼ੀ ਦੇ ਆਲਮੀ ਪੱਧਰ ਦੇ ਮਸ਼ਹੂਰ ਟਿਕਾਣੇ ਲਾਸ ਵੇਗਸ ਦੇ ਸ਼ੈਰਿਫ਼ ਜੋਸਫ ਲੌਂਬਾਰਡੋ ਨੇ ਇਕ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ, “ਸਾਡਾ ਖ਼ਿਆਲ ਹੈ ਕਿ ਹਮਲਾਵਰ ਨੇ ਸਾਡੇ ਪੁੱਜਣ ਤੋਂ ਪਹਿਲਾਂ ਹੀ ਆਪਣੇ ਆਪ ਨੂੰ ਮਾਰ ਲਿਆ ਸੀ।” ਉਸ ਵੱਲੋਂ ਕਿਰਾਏ ਉਤੇ ਲਏ ਹੋਏ ਹੋਟਲ ਕਮਰੇ ਵਿੱਚੋਂ ਘੱਟੋ-ਘੱਟ ਅੱਠ ਰਾਇਫਲਾਂ ਬਰਾਮਦ ਹੋਈਆਂ ਹਨ। ਉਸ ਦੀ ਮਹਿਲਾ ਸਾਥਣ ਦੀ ਤਲਾਸ਼ ਕੀਤੀ ਜਾ ਰਹੀ ਹੈ।

ਇਹ ਘਟਨਾ ਮੁਕਾਮੀ ਸਮੇਂ ਮੁਤਾਬਕ ਰਾਤ 10:00 ਵਜੇ ਤੋਂ ਥੋੜ੍ਹਾ ਬਾਅਦ ਵਾਪਰੀ। ਮੌਕੇ ਦੀਆਂ ਮੋਬਾਈਲ ਫੋਨਾਂ ਉਤੇ ਬਣਾਈਆਂ ਗਈਆਂ ਵੀਡੀਓਜ਼ ਵਿੱਚ ਗੋਲੀਆਂ ਚੱਲਣ ਤੇ ਚੀਕਾਂ ਮਾਰਦੇ ਲੋਕ ਇੱਧਰ-ਉੱਧਰ ਭੱਜਦੇ ਦਿਖਾਈ ਦੇ ਰਹੇ ਹਨ। ਸ੍ਰੀ ਲੌਂਬਾਰਡੋ ਨੇ ਦੱਸਿਆ ਕਿ ਹਮਲੇ ਵਿੱਚ ‘ਘੱਟੋ-ਘੱਟ 59 ਜਣੇ’ ਮਾਰੇ ਗਏ ਹਨ।

ਪੁਲੀਸ ਨੇ ਦੱਸਿਆ ਕਿ ਲਾਸ ਵੇਗਸ ਤੋਂ ਕਰੀਬ 130 ਕਿਲੋਮੀਟਰ ਦੂਰ ਇਕ ਕਸਬੇ ਵਿੱਚ ਰਹਿਣ ਵਾਲੇ ਪੈਡੌਕ ਨੇ ਮਸ਼ਹੂਰ ਲਾਸ ਵੇਗਸ ਸਟ੍ਰਿਪ ਵਿੱਚ ਸਥਿਤ ਇਸ ਵਿਸ਼ਾਲ ਹੋਟਲ ਦੀ ਉੱਚੀ ਮੰਜ਼ਲ ਤੋਂ ਗੋਲੀਆਂ ਚਲਾਈਆਂ। ਹੋਟਲ ਨਜ਼ਦੀਕ ਹੋ ਰਹੇ ਸੰਗੀਤਕ ਸਮਾਗਮ ਵਿੱਚ ਹਜ਼ਾਰਾਂ ਲੋਕ ਸ਼ਾਮਲ ਸਨ, ਜੋ ਰੂਟ 91 ਵਜੋਂ ਜਾਣੇ ਜਾਂਦੇ ਮੁਲਕ ਦੇ ਤਿੰਨ-ਰੋਜ਼ਾ ਸੰਗੀਤਕ ਮੇਲੇ ਦਾ ਹਿੱਸਾ ਸੀ। ਹਮਲੇ ਸਮੇਂ ਦੇਸ਼ ਦਾ ਸਭ ਤੋਂ ਮਕਬੂਲ ਗਾਇਕ ਜੈਸਨ ਐਲਡੀਨ ਪ੍ਰੋਗਰਾਮ ਪੇਸ਼ ਕਰ ਰਿਹਾ ਸੀ, ਜਿਸ ਦਾ ਪ੍ਰੋਗਰਾਮ ਮੁੱਕਣ ਹੀ ਵਾਲਾ ਸੀ। ਗੋਲੀਆਂ ਦੀ ਪਹਿਲੀ ਬੁਛਾੜ ਦੀ ਆਵਾਜ਼ ’ਤੇ ਤਾਂ ਐਲਡੀਨ ਨੇ ਗਾਉਣਾ ਜਾਰੀ ਰੱਖਿਆ, ਪਰ ਜਦੋਂ ਉਸ ਨੂੰ ਅਹਿਸਾਸ ਹੋ ਗਿਆ ਕਿ ਇਹ ਭਿਆਨਕ ਫਾਇਰਿੰਗ ਸੀ, ਤਾਂ ਉਹ ਵੀ ਸਟੇਜ ਛੱਡ ਕੇ ਬਚਾਅ ਲਈ ਭੱਜਣ ਵਾਸਤੇ ਮਜਬੂਰ ਹੋ ਗਿਆ। ਬਾਅਦ ਵਿੱਚ ਐਲਡੀਨ ਨੇ ਇੰਸਟਾਗ੍ਰਾਮ ਰਾਹੀਂ ਆਪਣੇ ਚਹੇਤਿਆਂ ਨੂੰ ਦੱਸਿਆ ਕਿ ਉਹ ਤੇ ਉਸ ਦੀ ਟੀਮ ਦੇ ਮੈਂਬਰ ਸੁਰੱਖਿਅਤ ਹਨ। ਉਸ ਨੇ ਘਟਨਾ ਦੇ ਸ਼ਿਕਾਰ ਲੋਕਾਂ ਨਾਲ ਹਮਦਰਦੀ ਜ਼ਾਹਰ ਕੀਤੀ ਹੈ।

ਇਕ ਚਸ਼ਮਦੀਦ ਮੌਨੀਕ ਡੈਕਰਫ਼ ਨੇ ਦੱਸਿਆ, “ਪਹਿਲਾਂ ਸਾਨੂੰ ਸ਼ੀਸ਼ਾ ਟੁੱਟਣ ਵਰਗੀ ਆਵਾਜ਼ ਆਈ ਤੇ ਅਸੀਂ ਆਲੇ-ਦੁਆਲੇ ਦੇਖਣ ਲੱਗੇ ਕਿ ਕੀ ਹੋ ਰਿਹਾ ਹੈ, ਫਿਰ ਸਾਨੂੰ ਤੜਾਕ-ਤੜਾਕ ਸੁਣਾਈ ਦਿੱਤਾ।”

ਇਸ ਤੋਂ ਪਹਿਲਾਂ ਫਾਇਰਿੰਗ ਦੀ ਵਾਪਰੀ ਅਜਿਹੀ ਭਿਆਨਕ ਘਟਨਾ ਦੌਰਾਨ ਜੂਨ 2016 ਵਿੱਚ ਫਲੋਰਿਡਾ ਸਥਿਤ ਓਰਲੈਂਡੋ ਦੇ ਪਲਸ ਨਾਈਟ ਕਲੱਬ ਵਿੱਚ 49 ਲੋਕ ਮਾਰੇ ਗਏ ਸਨ। ਇਸੇ ਦੌਰਾਨ ਬੀਤੇ ਮਈ ਮਹੀਨੇ ਵਿੱਚ ਮਾਨਚੈਸਟਰ ਵਿੱਚ ਇਕ ਸੰਗੀਤਕ ਸਮਾਗਮ ਉਤੇ ਹੋਏ ਹਮਲੇ ਵਿੱਚ ਉਦੋਂ 22 ਜਣੇ ਮਾਰੇ ਗਏ ਸਨ, ਜਦੋਂ ਇਕ ਖ਼ੁਦਕੁਸ਼ ਹਮਲਾਵਰ ਨੇ ਆਪਣੇ ਆਪ ਨੂੰ ਉਡਾ ਦਿੱਤਾ ਸੀ। ਪੈਰਿਸ (ਫਰਾਂਸ) ਵਿੱਚ ਨਵੰਬਰ 2015 ਵਿਚ ਇਕ ਅਮਰੀਕੀ ਗਰੁੱਪ ਦੇ ਸੰਗੀਤਕ ਸਮਾਗਮ ਵਿੱਚ ਹਮਲੇ ਵਿਚ 90 ਜਾਨਾਂ ਜਾਂਦੀਆਂ ਰਹੀਆਂ ਸਨ। ਘਟਨਾ ਉਤੇ ਅਮਰੀਕੀ ਉਪ ਰਾਸ਼ਟਰਪਤੀ ਮਾਈਕ ਪੈਂਸ ਨੇ ਵੀ ਦੁੱਖ ਜ਼ਾਹਰ ਕੀਤਾ ਹੈ। ਪੋਪ ਫਰਾਂਸਿਸ ਨੇ ਕਿਹਾ ਕਿ ਉਹ ਇਸ ਘਟਨਾ ਤੋਂ ‘ਬਹੁਤ ਦੁਖੀ’ ਹੋਏ ਹਨ। ਬਰਤਾਨੀਆ ਦੀ ਪ੍ਰਧਾਨ ਮੰਤਰੀ ਟਰੇਜ਼ਾ ਮੇਅ ਨੇ ਇਸ ਨੂੰ ‘ਭਿਆਨਕ ਹਮਲਾ’ ਕਰਾਰ ਦਿੱਤਾ ਹੈ।

### ਆਈਐਸ ਨੇ ਲਈ ਜ਼ਿੰਮੇਵਾਰੀ, ਐਫ.ਬੀ.ਆਈ ਨੇ ਕੀਤਾ ਇਨਕਾਰ :

ਅਮਰੀਕੀ ਜਾਂਚ ਏਜੰਸੀ ਐਫ.ਬੀ.ਆਈ. ਨੇ ਕਿਹਾ ਹੈ ਕਿ ਲਾਸ ਵੇਗਾਸ ਹਮਲੇ ਦੇ ਸ਼ੂਟਰ ਦਾ ਅੰਤਰਰਾਸ਼ਟਰੀ ਅੱਤਵਾਦੀ ਗਰੁੱਪ ਨਾਲ ਕੋਈ ਸੰਬੰਧ ਨਹੀਂ ਹੈ। ਇਸ ਤੋਂ ਕੁੱਝ ਸਮਾਂ ਪਹਿਲਾਂ ਆਈ.ਐੱਸ.ਆਈ.ਐੱਸ.ਨੇ ਇਸ ਹਮਲੇ ਪਿੱਛੇ ਆਪਣਾ ਹੱਥ ਦੱਸਿਆ ਸੀ।

### ਟਰੰਪ ਨੇ ਕਿਹਾ – ਹਮਲਾ ਸ਼ੈਤਾਨੀ ਕਾਰਾ:

ਵਾਸ਼ਿੰਗਟਨ: ਅਮੀਰੀਕੀ ਸਦਰ ਡੋਨਲਡ ਟਰੰਪ ਨੇ ਕੌਮ ਦੇ ਨਾਂ ਆਪਣੇ ਸੰਬੋਧਨ ਵਿੱਚ ਇਸ ਘਟਨਾ ਨੂੰ ਸ਼ੈਤਾਨੀ ਕਾਰਾ ਕਰਾਰ ਦਿੰਦਿਆਂ ਦੇਸ਼ ਵਾਸੀਆਂ ਨੂੰ ਏਕਤਾ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ, “ਬੀਤੀ ਰਾਤ ਇਕ ਗੰਨਮੈਨ ਨੇ ਸੰਗੀਤਕ ਸਮਾਗਮ ਵਿੱਚ ਗੋਲੀਆਂ ਚਲਾ ਕੇ 58 ਲੋਕਾਂ ਨੂੰ ਮਾਰ ਦਿੱਤਾ। ਇਹ ਸ਼ੈਤਾਨੀ ਕਾਰਾ ਸੀ।” ਇਸ ਤੋਂ ਪਹਿਲਾਂ ਉਨ੍ਹਾਂ ਆਪਣੀ ਟਵੀਟ ਰਾਹੀਂ ਪੀੜਤਾਂ ਨਾਲ ‘ਹਮਦਰਦੀ’ ਜ਼ਾਹਰ ਕੀਤੀ। ਉਨ੍ਹਾਂ ਕਿਹਾ, “ਮੈਂ ਭਿਆਨਕ ਲਾਸ ਵੇਗਸ ਫਾਇਰਿੰਗ ਦੇ ਸ਼ਿਕਾਰ ਲੋਕਾਂ ਤੇ ਪਰਿਵਾਰਾਂ ਨਾਲ ਡੂੰਘਾ ਦੁੱਖ ਤੇ ਹਮਦਰਦੀ ਜ਼ਾਹਰ ਕਰਦਾ ਹਾਂ।”

### ਹਮਲਾਵਰ ਪੈਡੌਕ ਸੀ ਰਿਟਾਇਰਡ ਅਕਾਊਂਟੈਂਟ

ਨਾਲ ਜੁੜਨ ’ਤੇ ਉਸ ਦਾ ਪਰਿਵਾਰ ਹੈਰਾਨ ਰਹਿ ਗਿਆ।

ਜ਼ਿਕਰਯੋਗ ਹੈ ਕਿ ਕਾਤਲ ਦੇ ਕਮਰੇ ਵਿਚੋਂ 10 ਆਟੋਮੈਟਿੱਕ ਹਥਿਆਰ ਬਰਾਮਦ ਹੋਏ ਹਨ। ਉਸ ਦੀ ਲਾਸ਼ ਹੋਟਲ ਦੇ ਕਮਰੇ ’ਚੋਂ ਬਰਾਮਦ ਹੋਈ ਹੈ। ਲਾਸ ਵੇਗਸ ਪੁਲੀਸ ਤੇ ਰਾਹਤ ਕਰਮੀਆਂ ਨੇ ਵਰ੍ਹਦੀਆਂ ਗੋਲੀਆਂ ਵਿਚੋਂ ਫੈਨਸ ਤੋੜ ਤੋੜ ਕੇ ਸਟਰੈਚਰ ਬਣਾ ਬਣਾ ਕੇ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਇਆ । ਨਾਲ ਹੀ ਅਮਰੀਕਨ ਗੰਨ ਪਾਲਿਸੀ ’ਤੇ ਸਵਾਲੀਆ ਚਿੰਨ੍ਹ ਵੀ ਲਗਦਾ ਹੈ ਕਿ ਬਿਨਾਂ ਕਿਸੇ ਪੜਚੋਲ ਦੇ ਐਡੇ ਖ਼ਤਰਨਾਕ ਹਥਿਆਰ ਤੇ ਐਡੀ ਵੱਡੀ ਗਿਣਤੀ ਵਿੱਚ ਕਰਿਮਨਲ ਲੋਕਾਂ ਦੇ ਹੱਥਾਂ ਵਿੱਚ ਦੇਣਾ ਕਿੱਥੋਂ ਦੀ ਸਿਆਣਪ ਹੈ। ਬਹੁਤ ਵਾਰੀ ਸਿਰਫਿਰੇ ਲੋਕਾਂ ਵੱਲੋਂ ਅਮਰੀਕਾ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਜਾ ਚੁੱਕਾ ਹੈ ਅਤੇ ਹੁਣ ਸਰਕਾਰ ਨੂੰ ਗੰਨ ਪਾਲਿਸੀ ’ਤੇ ਦੁਬਾਰਾ ਸੋਚਣ ਦੀ ਲੋੜ ਹੈ।

## ‘ਪਾਪਾ ਦੀ ਪਰੀ’ ਨੂੰ ਆਖ਼ਰ ਪੁਲੀਸ ਨੇ ਕੀਤਾ ‘ਕੈਦ’

ਸੜਕ ਤੋਂ ਮੁਕੇਸ਼ ਕੁਮਾਰ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਹਿਰਾਸਤ ਵਿੱਚ ਲਿਆ। ਉਸ ਤੋਂ ਹਿੰਸਾ ਦੀਆਂ ਘਟਨਾਵਾਂ ਬਾਰੇ ਪੁੱਛ-ਪੜਤਾਲ ਕੀਤੀ ਜਾਵੇਗੀ।”

ਹਨੀਪ੍ਰੀਤ ਨੂੰ ਪੰਚਕੂਲਾ ਦੀ ਅਦਾਲਤ ਵਿੱਚ ਪੇਸ਼ ਕਰਕੇ ਪੁਲੀਸ ਰਿਮਾਂਡ ਲਿਆ ਜਾਵੇਗਾ। ਪੁਲੀਸ ਕਮਿਸ਼ਨਰ ਨੇ ਕਿਹਾ ਕਿ ਹਿੰਸਾ ਵਿੱਚ ਉਸ ਦੀ ਭੂਮਿਕਾ ਦੀ ਵੀ ਜਾਂਚ ਹੋਵੇਗੀ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰੀ ਵੇਲੇ ਹਨੀਪ੍ਰੀਤ ਨਾਲ ਇਨੋਵਾ ਕਾਰ ਵਿੱਚ ਇਕ ਹੋਰ ਔਰਤ ਵੀ ਸੀ। ਇਸ ਗ੍ਰਿਫ਼ਤਾਰੀ ਬਾਰੇ ਪੰਜਾਬ ਪੁਲੀਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਜਦੋਂ ਪੁੱਛਿਆ ਗਿਆ ਕਿ ਕੀ ਹਰਿਆਣਾ ਪੁਲੀਸ ਨੂੰ ਮੁਲਜ਼ਮ ਦੀਆਂ ਗਤੀਵਿਧੀਆਂ ਬਾਰੇ ਪੰਜਾਬ ਪੁਲੀਸ ਤੋਂ ਸੂਚਨਾ ਮਿਲੀ ਤਾਂ ਸ੍ਰੀ ਚਾਵਲਾ ਨੇ ਕਿਹਾ ਕਿ ਇਸ ਮੌਕੇ ਉਹ ਇਹ ਗੱਲ ਨਹੀਂ ਦੱਸ ਸਕਦੇ ਕਿ ਜਾਣਕਾਰੀ ਕਿੱਥੋਂ ਮਿਲੀ।

ਗ੍ਰਿਫ਼ਤਾਰੀ ਤੋਂ ਪਹਿਲਾਂ ਹਨੀਪ੍ਰੀਤ ਦੇ ਪੰਜਾਬ ਪੁਲੀਸ ਦੀ ਹਿਰਾਸਤ ਵਿੱਚ ਹੋਣ ਦੀਆਂ ਰਿਪੋਰਟਾਂ ਬਾਰੇ ਉਨ੍ਹਾਂ ਕੋਈ ਸਿੱਧਾ ਜਵਾਬ ਨਹੀਂ ਦਿੱਤਾ। ਫਿਰ ਵੀ ਮੁਹਾਲੀ ਦੇ ਐਸਐਸਪੀ ਕੁਲਦੀਪ ਚਾਹਲ ਨੇ ਇਨ੍ਹਾਂ ਰਿਪੋਰਟਾਂ ਨੂੰ ਗੁਮਰਾਹਕੁਨ ਦੱਸਿਆ। ਮੁਲਜ਼ਮ ਨੂੰ ਕਿਸ ਥਾਣੇ ਵਿੱਚ ਰੱਖਣ ਬਾਰੇ ਸਵਾਲ ਉਤੇ ਸ੍ਰੀ ਚਾਵਲਾ ਨੇ ਕਿਹਾ ਕਿ ਇਹ ਕਾਰਵਾਈ ਦਾ ਵੇਰਵਾ ਹੈ, ਜੋ ਉਹ ਸਾਂਝੀ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਹਿੰਸਾ ਸਬੰਧੀ ਹਨੀਪ੍ਰੀਤ ਤੋਂ ਪੁੱਛ-ਪੜਤਾਲ ਤਰਜੀਹ ਹੋਵੇਗੀ। ਇਸ ਤੋਂ ਇਲਾਵਾ ਆਪਣੀ ਫਰਾਰੀ ਦੌਰਾਨ ਉਹ ਕਿੱਥੇ ਲੁਕੀ ਅਤੇ ਕਿਸ ਨੇ ਸ਼ਰਨ ਦਿੱਤੀ, ਬਾਰੇ ਵੀ ਸਵਾਲ ਪੁੱਛੇ ਜਾਣਗੇ। ਪੁਲੀਸ ਕਮਿਸ਼ਨਰ ਨੇ ਕਿਹਾ ਕਿ ਰਾਮ ਰਹੀਮ ਦੇ ਕਰੀਬੀ ਸਿਆਸਤਦਾਨ ਰਿਸ਼ਤੇਦਾਰ ਦੀ ਭੂਮਿਕਾ ਵੀ ਜਾਂਚ ਦੇ ਘੇਰੇ ਵਿੱਚ ਆਏਗੀ।

ਇਸ ਦੌਰਾਨ ਪਤਾ ਚੱਲਿਆ ਕਿ ਹਨੀਪ੍ਰੀਤ ਨੂੰ ਪੰਚਕੂਲਾ ਦੇ ਸੈਕਟਰ 28 ਘੱਗਰ ਪਾਰ ਥਾਣੇ ਲੈ ਜਾਇਆ ਗਿਆ। ਪੁਲੀਸ ਕਮਿਸ਼ਨਰ ਏ.ਐਸ. ਚਾਵਲਾ, ਡੀਸੀਪੀ ਮਨਦੀਪ ਸਿੰਘ ਤੇ ਮਹਿਲਾ ਪੁਲੀਸ ਅਫ਼ਸਰਾਂ ਦੀ ਟੀਮ ਉਸ ਕੋਲੋਂ ਫਰਾਰੀ ਤੋਂ ਹੁਣ ਤੱਕ ਦੇ ਸਮੇਂ ਬਾਰੇ ਪੁੱਛ-ਪੜਤਾਲ ਕਰ ਰਹੀ ਹੈ। ਉਸ ਨਾਲ ਫੜੀ ਔਰਤ ਤੋਂ ਵੀ ਪੜਤਾਲ ਹੋ ਰਹੀ ਹੈ।

ਜ਼ਿਕਰਯੋਗ ਹੈ ਕਿ ਹਰਿਆਣਾ ਪੁਲੀਸ ਨੇ ਪਹਿਲੀ ਸਤੰਬਰ ਨੂੰ ਹਨੀਪ੍ਰੀਤ ਇੰਸਾ ਅਤੇ ਅਦਿੱਤਿਆ ਇੰਸਾ ਖ਼ਿਲਾਫ਼ ਲੁੱਕਆਊਟ ਨੋਟਿਸ ਜਾਰੀ ਕੀਤਾ ਸੀ। ਰਿਪੋਰਟਾਂ ਸਨ ਕਿ ਉਹ ਵਿਦੇਸ਼ ਭੱਜਣ ਦੀ ਕੋਸ਼ਿਸ਼ ਕਰ ਸਕਦੇ ਹਨ। ਹਨਪ੍ਰੀਤ ਤੇ ਡੇਰੇ ਦੇ ਮੁੱਖ ਅਹੁਦੇਦਾਰਾਂ ਅਦਿੱਤਿਆ ਇੰਸਾ ਤੇ ਪਵਨ ਇੰਸਾ ਖ਼ਿਲਾਫ਼ ਪੰਚਕੂਲਾ ਅਦਾਲਤ ਨੇ ਗ੍ਰਿਫ਼ਤਾਰੀ ਵਾਰੰਟ ਵੀ ਜਾਰੀ ਕੀਤੇ ਸਨ। ਪੁਲੀਸ ਨੇ ਉਸ ਦੀ ਭਾਲ ਵਿੱਚ ਕਈ ਥਾਈਂ ਟੀਮਾਂ ਭੇਜੀਆਂ, ਜਿਨ੍ਹਾਂ ਵਿੱਚ ਭਾਰਤ-ਨੇਪਾਲ ਸਰਹੱਦ ਵੀ ਸ਼ਾਮਲ ਹੈ। 26 ਸਤੰਬਰ ਨੂੰ ਦਿੱਲੀ ਹਾਈ ਕੋਰਟ ਨੇ ਹਨੀਪ੍ਰੀਤ ਦੀ ਟਰਾਂਜਿਟ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕੀਤੀ ਸੀ।

### ਪੰਜਾਬ ਸਰਕਾਰ ਨੇ ਹਨੀਪ੍ਰੀਤ ਦੀ ਮਦਦ ਦੇ ਦੋਸ਼ ਨਕਾਰੇ :

ਚੰਡੀਗੜ੍ਹ: ਪੰਜਾਬ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਡੇਰਾ ਸਿਰਸਾ ਮੁਖੀ ਦੀ ‘ਗੋਦ ਲਈ ਧੀ’ ਹਨੀਪ੍ਰੀਤ ਨੂੰ ਨਾ ਤਾਂ ਪੰਜਾਬ ਪੁਲੀਸ ਨੇ ਹਿਰਾਸਤ ਵਿੱਚ ਲਿਆ ਅਤੇ ਨਾ ਉਸ ਦੀ ਕੋਈ ਮਦਦ ਕੀਤੀ। ਪੰਜਾਬ ਪੁਲੀਸ ਤੇ ਇੰਟੈਲੀਜੈਂਸ ਵੱਲੋਂ ਸਬੰਧਤ ਹੋਰ ਖ਼ੁਫੀਆ ਜਾਣਕਾਰੀ ਗੁਆਂਢੀ ਸੂਬਿਆਂ ਦੀ ਪੁਲੀਸ ਨਾਲ ਸਾਂਝੀ ਕੀਤੀ ਜਾਂਦੀ ਰਹੀ ਹੈ ਅਤੇ ਕਿਸੇ ਅਪਰਾਧੀ ਦੀ ਮਦਦ ਕਰਨ ਜਾਂ ਸ਼ਹਿ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

### ਜ਼ੀਰਕਪੁਰ ਤੋਂ ਫੜਨ ਦੇ ਦਾਅਵੇ ਦੀ ਖੁੱਲ੍ਹੀ ਪੋਲ :

ਜ਼ੀਰਕਪੁਰ : ਪੰਚਕੂਲਾ ਪੁਲੀਸ ਨੇ ਡੇਰਾ ਸਿਰਸਾ ਮੁਖੀ ਦੀ ਮੂੰਹ ਬੋਲੀ ਧੀ ਹਨੀਪ੍ਰੀਤ ਨੂੰ ਜ਼ੀਰਕਪੁਰ-ਪਟਿਆਲਾ ਸੜਕ ਤੋਂ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ। ਪੁਲੀਸ ਸੂਤਰ ਦਾਅਵਾ ਕਰ ਰਹੇ ਹਨ ਕਿ ਹਨੀਪ੍ਰੀਤ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਸਮਰਪਣ ਕਰਨ ਜਾ ਰਹੀ ਸੀ, ਜਿਸ ਦੌਰਾਨ ਪੁਲੀਸ ਨੇ ਉਸ ਨੂੰ ਰਾਹ ਵਿੱਚ ਜ਼ੀਰਕਪੁਰ ਤੋਂ ਗ੍ਰਿਫ਼ਤਾਰ ਕੀਤਾ ਪਰ ਇਹ ਦਾਅਵਾ ਜ਼ਮੀਨੀ ਹਕੀਕਤ ਨਾਲ ਮੇਲ ਨਹੀਂ ਖਾ ਰਿਹਾ। ਪੁਲੀਸ ਵੱਲੋਂ ਜਿਹੜੀ ਥਾਂ ਤੋਂ ਗ੍ਰਿਫ਼ਤਾਰੀ ਦਾ ਦਾਅਵਾ ਕੀਤਾ ਜਾ ਰਿਹਾ ਹੈ, ਉਥੇ ਮੌਜੂਦ ਲੋਕ ਦੁਪਹਿਰ ਤਿੰਨ ਵਜੇ ਪੁਲੀਸ ਦੀ ਕੋਈ ਹਰਕਤ ਨਾ ਹੋਣ ਦਾ ਦਾਅਵਾ ਕਰ ਰਹੇ ਹਨ।

ਮੁਹਾਲੀ ਦੇ ਐਸਐਸਪੀ ਕੁਲਦੀਪ ਸਿੰਘ ਚਾਹਲ ਨੇ ਦੱਸਿਆ ਕਿ ਪੰਚਕੂਲਾ ਪੁਲੀਸ ਨੇ ਸਵਾ ਤਿੰਨ ਵਜੇ ਲਿਖਤੀ ਸੂਚਨਾ ਦਿੱਤੀ ਕਿ ਉਨ੍ਹਾਂ ਗੁਰਦੁਆਰਾ ਨਾਭਾ ਸਾਹਿਬ ਨੇੜੇ ਤੋਂ ਹਨੀਪ੍ਰੀਤ ਅਤੇ ਤਕਰੀਬਨ 40 ਸਾਲਾ ਸੁਖਪ੍ਰੀਤ ਕੌਰ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਦੋਵੇਂ ਇਕ ਇਨੋਵਾ ਗੱਡੀ ਵਿੱਚ ਸਵਾਰ ਸਨ। ਪੰਚਕੂਲਾ ਪੁਲੀਸ ਦੀ ਸੂਚਨਾ ’ਤੇ ਜ਼ੀਰਕਪੁਰ ਥਾਣੇ ਵਿੱਚ ਡੀਡੀਆਰ ਦਰਜ ਕਰ ਲਈ ਹੈ। ਸ੍ਰੀ ਚਾਹਲ ਨੇ ਕਿਹਾ ਕਿ ਹਨੀਪ੍ਰੀਤ ਨੂੰ ਗ੍ਰਿਫ਼ਤਾਰ ਕਰਨ ਬਾਰੇ ਉਨ੍ਹਾਂ ਕੋਲ ਅਗਾਊਂ ਕੋਈ ਜਾਣਕਾਰੀ ਨਹੀਂ ਸੀ, ਸਗੋਂ ਪੰਚਕੂਲਾ ਪੁਲੀਸ ਵੱਲੋਂ ਗ੍ਰਿਫ਼ਤਾਰ ਕਰਨ ਮਗਰੋਂ ਇਸ ਦੀ ਜਾਣਕਾਰੀ ਦਿੱਤੀ ਗਈ। ਸਥਾਨਕ ਲੋਕਾਂ ਨੂੰ ਕੋਈ ਸੂਚਨਾ ਨਾ ਹੋਣ ਬਾਰੇ ਉਨ੍ਹਾਂ ਕਿਹਾ ਕਿ ਇਹ ਪੰਚਕੂਲਾ ਪੁਲੀਸ ਦੀ ਗੁਪਤ ਕਾਰਵਾਈ ਸੀ, ਜਿਸ ਬਾਰੇ ਉਹ ਕੁਝ ਨਹੀਂ ਕਹਿ ਸਕਦੇ।

### ਹਨੀਪ੍ਰੀਤ ਦੇ ਜ਼ੀਰਕਪੁਰ ਵਿੱਚ ਲੁਕੇ ਹੋਣ ਦੀ ਚਰਚਾ:

ਇਲਾਕੇ ਵਿੱਚ ਇਹ ਚਰਚਾ ਹੁੰਦੀ ਰਹੀ ਕਿ ਹਨੀਪ੍ਰੀਤ ਜ਼ੀਰਕਪੁਰ ਵਿੱਚ ਲੁਕੀ ਹੋਈ ਸੀ। ਕਿਹਾ ਜਾ ਰਿਹਾ ਹੈ ਕਿ ਹਨੀਪ੍ਰੀਤ ਨੇ ਪ੍ਰਾਈਵੇਟ ਟੈਲੀਵਿਜ਼ਨ ਚੈਨਲ ਨੂੰ ਇੰਟਰਵਿਊ ਵੀ ਜ਼ੀਰਕਪੁਰ ਦੇ ਨੇੜੇ-ਤੇੜੇ ਹੀ ਦਿੱਤਾ ਹੈ। ਚੈਨਲ ’ਤੇ ਇੰਟਰਵਿਊ ਨਸ਼ਰ ਹੋਣ ਮਗਰੋਂ ਪੰਚਕੂਲਾ ਪੁਲੀਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ।

### ਖੱਟਾ ਸਿੰਘ ਨੂੰ ਹਲਫ਼ਨਾਮਾ ਦਾਇਰ ਕਰਨ ਲਈ ਕਿਹਾ

ਚੰਡੀਗੜ੍ਹ: ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਡੇਰਾ ਸਿਰਸਾ ਮੁਖੀ ਦੇ ਸਾਬਕਾ ਡਰਾਈਵਰ ਖੱਟਾ ਸਿੰਘ ਨੂੰ ਕਿਹਾ ਹੈ ਕਿ ਉਹ ਰਣਜੀਤ ਸਿੰਘ ਦੇ ਕਤਲ ਸਬੰਧੀ ਜੋ ਕੁੱਝ ਵੀ ਕਹਿਣਾ ਚਾਹੁੰਦਾ ਹੈ, ਉਸ ਬਾਰੇ ਹਲਫ਼ਨਾਮਾ ਦਾਇਰ ਕਰ ਕੇ ਦੱਸੇ। ਅਦਾਲਤ ਦੇ ਇਕ ਮੈਂਬਰੀ ਬੈਂਚ ਨੇ ਇਸ ਮਾਮਲੇ ਦੀ ਸੁਣਵਾਈ 6 ਅਕਤੂਬਰ ਉਤੇ ਪਾਈ। ਖੱਟਾ ਸਿੰਘ ਦੇ ਵਕੀਲ ਨਵਕਿਰਨ ਸਿੰਘ ਨੇ ਕਿਹਾ ਕਿ ਜਸਟਿਸ ਸੁਰਿੰਦਰ ਗੁਪਤਾ ਨੇ ਉਸ ਦੇ ਮੁਵੱਕਿਲ ਨੂੰ ਹਲਫ਼ਨਾਮਾ ਦਾਇਰ ਕਰਨ ਲਈ ਕਿਹਾ ਕਿਉਂਕਿ ਅਦਾਲਤ ਚਾਹੁੰਦੀ ਹੈ ਕਿ ਉਹ ਦੁਬਾਰਾ ਆਪਣੇ ਬਿਆਨ ਤੋਂ ਨਾ ਮੁੱਕਰੇ।

## ਬਨਾਰਸ ’ਵਰਸਿਟੀ ਦੀਆਂ ਕੁੜੀਆਂ ਦੀ ਪੁਕਾਰ- ਮੋਦੀ ਜੀ ਸਾਡੇ ‘ਮਨ ਕੀ ਬਾਤ’ ਵੀ ਸੁਣੋ

ਕੇ ਲੜਕੀਆਂ ਨੂੰ ਕਮਜ਼ੋਰ ਕਰ ਦਿੱਤਾ ਗਿਆ। ਜਿਸ ਬਨਾਰਸ ਨੂੰ ਕਿਉਟੋ ਬਣਾਉਣ ਚੱਲੇ ਸੀ, ਉਸ ਬਨਾਰਸ ਦੀਆਂ ਟੇਢੀ-ਮੇਢੀ ਗਲੀਆਂ ’ਚ ਕਦੇ ਆ ਕੇ ਤਾਂ ਵੇਖੋ। ਸ਼ਾਇਦ ਚੋਣ ਜਿੱਤਣ ਤੋਂ ਬਾਅਦ ਤੁਸੀਂ ਸਿਰਫ ਉਦਘਾਟਨਾਂ ਦੇ ਫਿੱਤੇ ਕੱਟਣ ਲਈ ਹੀ ਇੱਥੇ ਆਏ, ਕਦੇ ਬਨਾਰਸ ਦੀ ਜਨਤਾ ਦਾ ਦਰਦ ਸੁਣਨ ਦਾ ਸਮਾਂ ਨਹੀਂ ਮਿਲਿਆ, ਆਖਿਰ ਕਿਉਂ ?

ਸਾਡੀ ਸੁਰੱਖਿਆ ਦੀ ਜ਼ਿੰਮੇਵਾਰੀ ਘਰ ਤੋਂ ਬਾਹਰ ਕਿਸ ਦੀ ਹੈ ? ਤੁਹਾਡੇ ਤੋਂ ਬਸ ਇੰਨੀ ਹੀ ਅਪੀਲ ਹੈ ਕਿ ਬਨਾਰਸ ਹੀ ਨਹੀਂ, ਸਗੋਂ ਪੂਰੇ ਭਾਰਤ ਨੂੰ ਜੁਮਲਾ ਦੇਣਾ ਬੰਦ ਕਰੋ। ਸਾਨੂੰ ਆਪਣਾ ਦੇਸ਼ ਇਮਾਨਦਾਰ, ਸੁਰੱਖਿਅਤ ਅਤੇ ਸਾਰੀਆਂ ਵਿਚਾਰਧਾਰਾਵਾਂ ਨੂੰ ਮੰਨਣਾ ਵਾਲਾ ਚਾਹੀਦਾ ਹੈ।

**ਏਕਤਾ ਸਿੰਘ, ਲਾਅ ਵਿਦਿਆਰਥਣ**

ਬਚਪਨ ਤੋਂ ਹੀ ਬੀਐਚਯੂ ’ਚ ਪੜ੍ਹਨ ਦਾ ਸੁਪਨਾ ਜਦੋਂ ਸਾਲ 2015 ’ਚ ਪੂਰਾ ਹੋਇਆ ਤਾਂ ਮੈਂ ਬਹੁਤ ਖ਼ੁਸ਼ ਸੀ। ਰੈਂਕ ਚੰਗਾ ਹੋਣ ਕਾਰਨ ਮੈਨੂੰ ਹੋਸਟਲ ਵੀ ਮਿਲ ਗਿਆ। ਮੈਂ ਵਕੀਲ ਬਣਨ ਜਾ ਰਹੀ ਸੀ। ਸਾਰਿਆਂ ਦੇ ਹੱਕ ਲਈ ਲੜਨ ਦੀ ਪ੍ਰੇਰਣਾ ਮੇਰੇ ਅੰਦਰ ਭਰੀ ਹੋਈ ਸੀ, ਪਰ ਹੌਲੀ-ਹੌਲੀ ਚੀਜ਼ਾਂ ਬਦਲਦੀਆਂ ਗਈਆਂ। ਕੁਝ ਬਹੁਤ ਗਲਤ ਹੋ ਰਿਹਾ ਸੀ। ਯੂਨੀਵਰਸਿਟੀ ਦੀਆਂ ਬੇਟੀਆਂ ਅਸੁਰੱਖਿਅਤ ਸਨ। ਕੁਝ ਹੀ ਦਿਨਾਂ ’ਚ ਲੜਾਈ, ਝਗੜਾ, ਛੇੜਛਾੜ ਸਭ ਕੁਝ ਵੇਖਣ ਨੂੰ ਮਿਲ ਗਿਆ। ਇਹ ਸਭ ਕਰਨ ਵਾਲਿਆਂ ਨੂੰ ਪਛਾਣ ਕੇ ਮੈਂ ਤੁਰੰਤ ਸੇਰਲਾਕ ਹੋਲਮਸ ਦੀ ਤਰ੍ਹਾਂ ਮਾਣ ਨਾਲ ਸੁਰੱਖਿਆ ਕਰਮੀਆਂ ਕੋਲ ਲੈ ਜਾਂਦੀ, ਮੈਂ ਦੱਸ ਸਕਦੀ ਹਾਂ ਇਹ ਸਭ ਕਿਸ ਨੇ ਕੀਤਾ, ਇਹ ਵੇਖੋ ਤੁਹਾਡੇ ਸਾਹਮਣਿਓਂ ਲੰਘ ਰਿਹਾ ਹੈ, ਫੜੋ ਇਸ ਨੂੰ।

ਪਰ ਜਵਾਬ ਮਿਲਦਾ ਹੈ, “ਤੁਸੀਂ ਹੋਸਟਲ ’ਚ ਜਾਓ, ਬਾਹਰ ਕਿਉਂ ਘੁੰਮ ਰਹੇ ਹੋ ?” ਅਤੇ ਉਹ ਉਨ੍ਹਾਂ ਦੇ ਸਾਹਮਣੇ ਹੀ ‘ਚੱਚਾ ਪਾਏਂਲਾਗੂ’ ਕਹਿ ਕੇ ਨਿਕਲ ਜਾਂਦਾ ਹੈ। ਮੇਰੀ ਆਤਮਾ ਦੇ ਹੰਝੂ ਨਿਕਲ ਆਉਂਦੇ ਅਤੇ ਮੇਰਾ ਹਿੰਮਤੀ ਹੋਣਾ ਬੇਕਾਰ ਹੋ ਜਾਂਦਾ।”

ਹੋਸਟਲ ’ਚ ਕਿਹਾ ਜਾਂਦਾ ਕਿ ਲੰਕਾ ’ਚ ਕਮਰਾ ਲੈ ਲਓ, ਜੇ ਇੰਨੀਆਂ ਸਮੱਸਿਆਵਾਂ ਹਨ। ਮੇਰੇ ਰਿਪਬਲਿਕ ਡੇਅ ਭਾਸ਼ਣ ’ਚ ਇਨ੍ਹਾਂ ਸਾਰੀਆਂ ਗੱਲਾਂ ਨੂੰ ਬੋਲਣ ਬਾਰੇ ਦਬਾਅ ਬਣਾਇਆ ਜਾਂਦਾ। ਲੜਕੇ ਕਿਸੇ ਵੀ ਸਮੇਂ ਬਾਹਰ ਜਾਂਦੇ ਅਤੇ ਅਸੀਂ ਸਰਦੀਆਂ ’ਚ ਸ਼ਾਮ 6:30 ਵਜੇ ਅਤੇ ਗਰਮੀਆਂ ’ਚ 7 ਵਜੇ ਜੇਲ੍ਹ ’ਚ ਬੰਦ ਕਰ ਦਿੱਤੀਆਂ ਜਾਂਦੀਆਂ। ਇਥੇ ਸਿਰਫ ਲੜਕਿਆਂ ਲਈ ਹੀ ਲਾਇਬ੍ਰੇਰੀ ਬਣਾਈ ਗਈ ਹੈ। ਮੈਸ ’ਚ ਖਾਓ ਜਾਂ ਨਾ ਖਾਓ, ਪੈਸੇ ਓਨੇ ਹੀ ਦੇਣੇ ਹੁੰਦੇ ਹਨ। 8 ਸਤੰਬਰ 2016 ਅਤੇ 4 ਮਾਰਚ 2017 ਨੂੰ ਮੰਗ ਪੱਤਰ ਵੀ ਦਿੱਤਾ, ਪਰ ਇਨ੍ਹਾਂ ਦੇ ਕੰਨਾਂ ’ਤੇ ਜੂੰ ਵੀ ਨਾ ਰੇਂਗੀ। 21 ਸਤੰਬਰ ਦੀ ਸ਼ਾਮ ਵੀ ਅਜਿਹਾ ਹੀ ਹੋਇਆ। ਪਾਣੀ ਸਿਰ ਤੋਂ ਉੱਪਰ ਜਾ ਚੁੱਕਾ ਸੀ। ਪਹਿਲੀ ਵਾਰ ਇੰਨੀ ਵੱਡੀ ਗਿਣਤੀ ’ਚ ਕੁੜੀਆਂ ਲੰਕਾ ਤੋਂ ਆਪਣੇ ਹੱਕ ਲਈ ਜਿੱਤ ’ਤੇ ਅੜ ਗਈਆਂ ਸਨ, ਪਰ ਉਨ੍ਹਾਂ ਨੂੰ ਹੱਕ ਦੀ ਥਾਂ ਡੰਡੇ ਮਿਲੇ।

ਬੀ.ਬੀ.ਸੀ. ਤੋਂ ਧੰਨਵਾਦ ਸਹਿਤ

## ਸੰਭਵ ਨਹੀਂ ਇਨ੍ਹਾਂ ਵਿਦਿਆਰਥੀਆਂ ਨੂੰ ਦਬਾਉਣਾ

ਵਿਰੋਧ ਦੀ ਕਿਸੇ ਵੀ ਆਵਾਜ਼ ਨੂੰ ਦਬਾਉਣ ਲਈ ਸਰੀਰਕ ਤਸੀਹਿਆਂ ਦਾ ਸਮੇਂ-ਸਮੇਂ ਕੀਤਾ ਜਾਣ ਵਾਲਾ ਰਣਨੀਤਕ ਇਸਤੇਮਾਲ, ਇਸੇ ਰਣਨੀਤੀ ਦਾ ਹਿੱਸਾ ਹੀ ਹੁੰਦਾ ਹੈ। ਦਰਅਸਲ, ਇਹ ਸਭ ਕੁਝ, ਉੱਚ ਸਿੱਖਿਆ ਦੇ ਨਿਜੀਕਰਨ ਅਤੇ ਸਿੱਖਿਆ ਵਿੱਚ ਪਹਿਲਾਂ ਹੀ ਵਿਆਪਤ ਨਾਬਰਾਬਰੀਆਂ ਉਪਰ ਜ਼ੋਰ ਦੇਣ ਦੇ ਸੰਦਰਭ ਵਿੱਚ ਕੀਤਾ ਜਾ ਰਿਹਾ ਹੈ।

ਵਿਦਿਆਰਥੀ ਉਪਰੋਕਤ ਗੱਲਾਂ ਦੇ ਖ਼ਿਲਾਫ਼ ਹੀ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ। ਉਹ ਉੱਚ ਸਿੱਖਿਆ ਦੀ ਉਪਰੋਕਤ ਨਵੀਂ ਵਿਵਸਥਾ ਅਤੇ ਇਨ੍ਹਾਂ ਸੰਸਥਾਵਾਂ ਦੇ ਅਨੁਸ਼ਾਸਨ ਤਰੀਕਿਆਂ ਦਾ ਵਿਰੋਧ ਕਰ ਰਹੇ ਹਨ। ਉਹ ਇਸ ਉੱਚ ਸਿੱਖਿਆ ਦੇ ਅਫਸਰਸ਼ਾਹਾਂ ਅਤੇ ਅਧਿਕਾਰਵਾਦੀ ਪ੍ਰਬੰਧਕਾਂ ਖ਼ਿਲਾਫ਼ ਬਗਾਵਤ ਵਜੋਂ ਮੈਦਾਨ ‘ਚ ਨਿੱਤਰ ਰਹੇ ਹਨ। ਵਿਦਿਆਰਥੀ ਆਪਣੇ ਉਪਰ ਠੋਸੀ ਜਾ ਰਹੀ ਨਵੀਂ ਵਿਚਾਰਧਾਰਾ ਨੂੰ ਪ੍ਰਵਾਨਣ ਲਈ ਹਰਗਿਜ਼ ਤਿਆਰ ਨਹੀਂ। ਉਹ ਇਹ ਪ੍ਰਵਾਨਣ ਨੂੰ ਤਿਆਰ ਨਹੀਂ ਕਿ ਕੋਈ ਉਨ੍ਹਾਂ ਦੀ ਆਵਾਜ਼ ਨੂੰ ਖਾਮੋਸ਼ ਕਰੇ। ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਨਾਲ ਕੀ ਹਾਸਲ ਹੋਵੇਗਾ, ਇਸ ਬਾਰੇ ਕਿਸੇ ਅੰਤਿਮ ਨਿਰਣੇ ਉਪਰ ਪਹੁੰਚਣਾ ਫਿਲਹਾਲ ਜਲਦਬਾਜ਼ੀ ਹੋਵੇਗਾ। ਇਸ ਪੱਖੋਂ ਸਾਨੂੰ ਬਹੁਤ ਸਮਝਦਾਰ ਹੋਣ ਦੇ ਲਾਲਚ ਤੋਂ ਵੀ ਬਚਣਾ ਹੋਵੇਗਾ। ਪ੍ਰੰਤੂ ਇਕ ਗੱਲ ਬਹੁਤ ਸਪਸ਼ਟ ਹੈ: ਸਰਕਾਰ ਹੁਣ ਤੱਕ ਨੌਜਵਾਨਾਂ ਨੂੰ ਦਬਾਉਣ ਵਿੱਚ ਨਾਕਾਮ ਰਹੀ ਹੈ। ਜੇਐਨਯੂ, ਦਿੱਲੀ ਯੂਨੀਵਰਸਿਟੀ, ਗੁਹਾਟੀ ਯੂਨੀਵਰਸਿਟੀ, ਪੰਜਾਬ ਯੂਨੀਵਰਸਿਟੀ ਅਤੇ ਹੈਦਰਾਬਾਦ ਯੂਨੀਵਰਸਿਟੀ ਵਿੱਚ ਇਸ ਸਾਲ ਹੋਈਆਂ ਵਿਦਿਆਰਥੀ ਯੂਨੀਅਨਾਂ ਦੀਆਂ ਚੋਣਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ। ਵੱਖ-ਵੱਖ ਯੂਨੀਵਰਸਿਟੀਆਂ ਦੇ ਜੇਤੂ ਵੱਖ-ਵੱਖ ਸੰਗਠਨਾਂ ਨਾਲ ਸਬੰਧਤ ਹਨ। ਇਹ ਸੱਚ ਹੈ ਕਿ ਸਰਕਾਰ ਸਮਰਥਕ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏਬੀਵੀਪੀ) ਨੂੰ ਹਰੇਕ ਜਗ੍ਹਾ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਇਹ ਸੰਯੋਗ ਨਹੀਂ ਕਿ ਜ਼ਿਆਦਾਤਰ ਵਿਰੋਧ ਪ੍ਰਦਰਸ਼ਨਾਂ ਦੀ ਅਗਵਾਈ ਵਿਦਿਆਰਥਣਾਂ ਅਤੇ ਘੱਟਗਿਣਤੀ ਸਮਾਜਿਕ ਭਾਈਚਾਰਿਆਂ ਦੇ ਵਿਦਿਆਰਥੀਆਂ ਨੇ ਕੀਤੀ ਹੈ। ਇਸ ਤਰ੍ਹਾਂ ਉੱਚ ਸਿੱਖਿਆ ਸੰਸਥਾਵਾਂ ਵਿਰੋਧ ਪ੍ਰਦਰਸ਼ਨਾਂ ਦੇ ਮੁੱਖ ਸਥਾਨ ਬਣੀਆਂ ਜਾ ਰਹੀਆਂ ਹਨ।

ਕੀ ਇਹ ਵਿਰੋਧ ਦੇਸ਼ ਦੀ ਭਵਿੱਖੀ ਰਾਜਨੀਤੀ ਨੂੰ ਨਵਾਂ ਰੂਪ ਦੇ ਸਕਣਗੇ ? ਇਸ ਸਵਾਲ ਦਾ ਉੱਤਰ ਇਸ ਗੱਲ ਉਪਰ ਨਿਰਭਰ ਕਰਦਾ ਹੈ ਕਿ ਇਸ ਵਿਰੋਧ ਦੀ ਦਿਸ਼ਾ ਕਿਸ ਤਰ੍ਹਾਂ ਦੀ ਰਹਿੰਦੀ ਹੈ। ਸੰਗਠਨਾਤਮਿਕ ਤੌਰ ’ਤੇ ਕੀ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਵਿੱਚ ਤਾਲਮੇਲ ਸੰਭਵ ਹੋਵੇਗਾ ? ਰਾਜਨੀਤਕ ਤੌਰ ’ਤੇ ਕੈਂਪਸ ਅੰਦਰ ਹੋਣ ਵਾਲੇ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਨੂੰ ਕੀ ਸਿੱਖਿਆ ਵਿੱਚ ਨਾਬਾਰਾਬਰੀ ਅਤੇ ਰੁਜ਼ਗਾਰ ਦੇ ਮੌਕੇ ਪ੍ਰਾਪਤ ਨਾ ਹੋਣ ਵਰਗੇ ਮੁੱਦਿਆਂ ਨੂੰ ਲੈ ਕੇ, ਕੈਂਪਸ ਦੇ ਬਾਹਰ ਨੌਜਵਾਨਾਂ ਵਿੱਚ ਵਧ ਰਹੇ ਅਸੰਤੋਸ਼ ਨਾਲ ਜੋੜਿਆ ਜਾ ਸਕੇਗਾ ? ਇਹ ਵੱਡੇ ਸਵਾਲ ਹਨ। ਇਸ ਤਰ੍ਹਾਂ ਦੇ ਸਵਾਲ ਹੀ ਭਗਤ ਸਿੰਘ ਨੇ ਸਾਨੂੰ ਪੁੱਛਣੇ ਸਿਖਾਏ ਹਨ। ਜੇ ਭਗਤ ਸਿੰਘ ਅੱਜ ਸਾਡੇ ਵਿੱਚ ਜਿਊਂਦੇ ਹੁੰਦੇ ਤਾਂ ਨਿਸ਼ਚਿਤ ਰੂਪ ਵਿੱਚ ਉਹ ਵੀ ਇਹ ਸਵਾਲ ਪੁੱਛਦੇ ਅਤੇ ਬੀਐਚਯੂ ਦੀਆਂ ਵਿਦਿਆਰਥਣਾਂ ਵੱਲੋ ਕੀਤੇ ਜਾ ਰਹੇ ਵਿਰੋਧ ਉਪਰ ਮਾਣ ਮਹਿਸੂਸ ਕਰਦੇ।

## GIRL WANTED

Jatt sikh parents seeking suitable match for their handsome son residing in India, 26 years, 6' 3" tall. Degrees in Bachelors of Business and MBA. Political family background. Farming, Property and Commission Agents Business(Aahartiya) in Ludhiana district. Parents have PR in USA. Preferred well-qualified tall beautiful girl from USA. Email - navneetbhandal@gmail.com Phone - 916-992-4538

## ਨੈਨੀ/ਬੇਬੀ ਸਿਟਰ ਦੀ ਜ਼ਰੂਰਤ

ਦੋ ਛੋਟੇ ਬੱਚਿਆਂ ਦੀ ਸਾਂਭ ਸੰਭਾਲ ਵਾਸਤੇ ਇੱਕ ਔਰਤ ਦੀ ਜ਼ਰੂਰਤ ਹੈ। ਰਿਹਾਇਸ਼ ਤੇ ਖਾਣਾ ਪੀਣਾ ਮੁਫਤ ਹੋਏਗਾ। ਲੋੜਵੰਦ ਸੱਜਣ ਇਸ ਫੋਨ ਨੰਬਰ ਤੇ ਸੰਪਰਕ ਕਰ ਸਕਦੇ ਹਨ। +1 (612) 849-5258

## Seeking a Nanny/Babysitter

Wanted a Nanny for two small kids. Job included free accomodation and meals. Those interested can Call : 1 (612) 849-5258

## Office for Lease in Union City, CA



Nice clean office

1200 to 1500 Sq feet in the business area of Union City. Best for Trucking company if extra warehouse needed.

Call at:

510-875-3279

For Classified Contact

510.240.5949


# ਲਾਸ ਵੇਗਸ ਗੋਲੀਬਾਰੀ ਘਟਨਾ ਮਗਰੋਂ ਗੰਨ-ਕੰਟਰੋਲ ਮਸਲੇ 'ਤੇ ਫਿਰ ਭਖੀ ਬਹਿਸ

### *ਔਸਤਨ ਰੋਜ਼ਾਨਾ 90 ਅਮਰੀਕੀ ਮਰਦੇ ਨੇ ਗੋਲੀਬਾਰੀ ਦੀਆਂ ਘਟਨਾਵਾਂ 'ਚ*

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕੀ ਸ਼ਹਿਰ ਲਾਸ ਵੇਗਸ ਵਿੱਚ ਵਾਪਰੀ ਅੰਨ੍ਹੇਵਾਹ ਗੋਲੀਬਾਰੀ ਦੀ ਭਿਆਨਕ ਘਟਨਾ ਪਿਛੋਂ ਮੁਲਕ ਵਿੱਚ ਬੰਦੂਕਾਂ ਉਤੇ ਕੰਟਰੋਲ (ਗੰਨ-ਕੰਟਰੋਲ) ਸਬੰਧੀ ਵਿਵਾਦਗ੍ਰਸਤ ਕਾਨੂੰਨ 'ਤੇ ਮੁੜ ਬਹਿਸ ਛਿੜ ਪਈ ਹੈ। ਮੁਲਕ ਵਿੱਚ ਹਥਿਆਰ ਰੱਖਣ ਉਤੇ ਬੰਦਸ਼ਾਂ ਆਇਦ ਕੀਤੇ ਜਾਣ ਦੀ ਮੰਗ ਜ਼ੋਰ ਫੜ ਗਈ ਹੈ, ਪਰ ਉਥੇ ਅਜਿਹੀ ਲਾਬੀ ਵੀ ਹੈ, ਜੋ ਕਿਸੇ ਤਰ੍ਹਾਂ ਦੇ ਗੰਨ-ਕੰਟਰੋਲ ਦਾ ਵਿਰੋਧ ਕਰਦੀ ਹੈ। ਇਸ ਦੌਰਾਨ ਆਸਟਰੇਲੀਆ ਨੇ ਅਮਰੀਕਾ ਨੂੰ ਗੰਨ-ਕੰਟਰੋਲ ਕਾਨੂੰਨ ਬਣਾਉਣ ਵਿੱਚ ਮੱਦਦ ਦੀ ਪੇਸ਼ਕਸ਼ ਕੀਤੀ ਹੈ।



ਗੋਲੀਬਾਰੀ ਦੀਆਂ ਘਟਨਾਵਾਂ ਦਾ ਲੇਖਾ-ਜੋਖਾ ਰੱਖਣ ਵਾਲੀ ਸੰਸਥਾ 'ਗੰਨ ਵਾਇਲੈਂਸ ਆਰਕਾਈਵ' ਮੁਤਾਬਕ ਅਮਰੀਕਾ ਵਿੱਚ ਇਕੱਲੇ 2017 ਦੌਰਾਨ ਹੀ ਅੰਨ੍ਹੇਵਾਹ ਗੋਲੀਬਾਰੀ ਦੀਆਂ 273 ਘਟਨਾਵਾਂ ਵਿੱਚ ਕਰੀਬ 12 ਹਜ਼ਾਰ ਜਾਨਾਂ ਜਾ ਚੁੱਕੀਆਂ ਹਨ। ਔਸਤਨ 90 ਅਮਰੀਕੀ ਰੋਜ਼ਾਨਾ ਫਾਇਰਿੰਗ ਕਾਰਨ ਮਰਦੇ ਹਨ। ਲਾਸ ਵੇਗਸ ਵਿੱਚ ਸੰਗੀਤਕ ਸਮਾਗਮ ਵਿੱਚ ਇਕੱਤਰ ਲੋਕਾਂ ਉਤੇ ਇਕ ਜਨੂੰਨੀ ਵੱਲੋਂ ਹੋਟਲ ਦੀ 32ਵੀਂ ਮੰਜ਼ਲ ਤੋਂ ਕੀਤੀ ਗਈ ਅੰਨ੍ਹੇਵਾਹ ਗੋਲੀਬਾਰੀ ਕਾਰਨ ਕਰੀਬ 60 ਜਣੇ ਮਾਰੇ ਗਏ ਤੇ 500 ਤੋਂ ਵੱਧ ਜ਼ਖ਼ਮੀ ਹੋਏ ਹਨ, ਪਰ ਉਸ ਨੇ ਅਜਿਹਾ ਕਿਉਂ ਕੀਤਾ, ਇਹ ਪਤਾ ਲਾਉਣ ਲਈ ਅੱਜ ਵੀ ਤਫ਼ਤੀਸ਼ਕਾਰ ਸਿਰਖਪਾਈ ਕਰਦੇ ਰਹੇ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਵੇਂ ਇਸ ਘਟਨਾ ਨੂੰ 'ਸ਼ੈਤਾਨੀ ਕਾਰਾ' ਕਰਾਰ ਦਿੱਤਾ ਹੈ, ਪਰ ਉਹ ਬਾਵਜੂਦ ਗੰਨ-ਕੰਟਰੋਲ ਦੇ ਹੱਕ ਵਿੱਚ ਇਕ ਹਰਫ਼ ਵੀ ਨਹੀਂ ਬੋਲੇ, ਕਿਉਂਕਿ ਉਹ ਵੀ ਮੁਲਕ ਵਿੱਚ ਗੰਨ-ਕੰਟਰੋਲ ਦਾ ਵਿਰੋਧ ਕਰਨ ਵਾਲਿਆਂ ਵਿੱਚ ਮੋਹਰੀ ਹਨ। ਦੂਜੇ ਪਾਸੇ ਸੀਨੀਅਰ ਡੈਮੋਕ੍ਰੈਟਿਕ ਆਗੂ ਤੇ ਪ੍ਰਤੀਨਿਧ ਸਭਾ ਦੀ ਮੈਂਬਰ ਨੈਂਸੀ ਪੈਲੋਸੀ ਨੇ ਸਭਾ ਦੇ ਸਪੀਕਰ ਨੂੰ ਪੱਤਰ ਲਿਖ ਕੇ ਅਜਿਹੀ ਹਿੰਸਾ ਦੇ ਖ਼ਾਤਮੇ ਉਤੇ ਵਿਚਾਰ ਕਰਨ ਲਈ ਕਾਂਗਰਸ ਦੀ ਇਕ ਸਥਾਈ ਕਮੇਟੀ ਬਣਾਏ ਜਾਣ 'ਤੇ ਜ਼ੋਰ ਦਿੱਤਾ ਹੈ। ਭਾਰਤੀ ਅਮਰੀਕੀ ਕਾਂਗਰਸ ਮੈਂਬਰ ਪ੍ਰਮਿਲਾ ਜਯਾਪਾਲ ਨੇ ਵੀ ਬੀਤੇ ਦਿਨ ਪ੍ਰਤੀਨਿਧ ਸਭਾ ਨੂੰ ਸੰਬੋਧਨ ਕਰਦਿਆਂ ਆਪਣੀ ਜਜ਼ਬਾਤੀ ਤਕਰੀਰ ਵਿੱਚ ਹਥਿਆਰਾਂ ਉਤੇ ਪਾਬੰਦੀ ਲਾਏ ਜਾਣ 'ਤੇ ਜ਼ੋਰ ਦਿੱਤਾ।

ਇਸ ਦੌਰਾਨ ਦੌਰਾਨ ਪੁਲੀਸ ਨੂੰ ਲਾਸ ਵੇਗਸ ਗੋਲੀਬਾਰੀ ਦੀ ਘਟਨਾ ਦੇ ਮੁਲਜ਼ਮ ਸਟੀਫਨ ਪੈਡੌਕ ਦੇ ਮੈਸਟੀਕ ਸਥਿਤ ਘਰ ਤੋਂ ਹਥਿਆਰਾਂ ਦਾ 'ਭਾਰੀ ਜ਼ਖ਼ੀਰਾ' ਬਰਾਮਦ ਹੋਇਆ ਹੈ। ਇਸ ਤੋਂ ਪਹਿਲਾਂ ਉਸ ਦੇ ਹੋਟਲ ਦੇ ਕਮਰੇ ਤੋਂ ਵੀ ਘੱਟੋ-ਘੱਟ 17 ਹਥਿਆਰ ਮਿਲੇ ਹਨ, ਜਦੋਂਕਿ ਸ਼ੁਰੂਆਤੀ ਰਿਪੋਰਟਾਂ ਵਿੱਚ ਇਹ ਗਿਣਤੀ ਅੱਠ ਦੱਸੀ ਗਈ ਸੀ।

**ਆਈਐਸ ਦੇ ਦਾਅਵੇ ਵਿੱਚ ਦਮ ਨਹੀਂ**

ਕਾਹਿਰਾ: ਲਾਸ ਵੇਗਸ ਗੋਲੀਬਾਰੀ ਦੀ ਬਿਨਾਂ ਕਿਸੇ ਸਬੂਤ ਤੋਂ ਜ਼ਿੰਮੇਵਾਰ ਲੈ ਕੇ ਅਤਿਵਾਦੀ ਟੋਲੇ ਆਈਐਸ ਨੇ ਆਪਣੀ ਸਥਿਤੀ ਹਾਸੋਹੀਣੀ ਬਣਾ ਲਈ ਹੈ। ਹਮਲੇ ਤੋਂ ਕੁਝ ਘੰਟੇ ਬਾਅਦ ਇਸ ਦੇ ਪ੍ਰਚਾਰ ਵਿੰਗ ਨੇ ਬੀਤੇ ਦਿਨ ਜਾਰੀ ਦੋ ਬਿਆਨ ਵਿੱਚ ਦਾਅਵਾ ਕੀਤਾ ਸੀ ਕਿ ਇਹ ਹਮਲਾ ਉਸ ਦੇ ਇਕ 'ਸਿਪਾਹੀ' ਨੇ ਕੀਤਾ ਸੀ। ਜਾਣਕਾਰਾਂ ਮੁਤਾਬਕ ਆਈਐਸ ਦਾ ਇਹ ਦਾਅਵਾ ਸੱਚਾ ਨਹੀਂ ਜਾਪਦਾ ਤੇ ਇਸ ਦਾ ਝੂਠੇ ਦਾਅਵੇ ਕਾਰਨ ਪੁਰਾਣਾ ਇਤਿਹਾਸ ਰਿਹਾ ਹੈ। ਗਰੁੱਪ ਨੇ ਬਾਅਦ ਵਿੱਚ ਇਕ ਹੋਰ ਬਿਆਨ ਜਾਰੀ ਕਰ ਕੇ ਹਮਲਵਾਰ ਦਾ ਨਾਂ 'ਅਬੂ ਅਬਦ ਅਲ-ਬਾਰ ਅਲ-ਅਮਰੀਕੀ' ਕਰਾਰ ਦਿੱਤਾ।

# ਟੀਮ ਇੰਡੀਆ ਨੇ ਆਸਟਰੇਲੀਆ ਨੂੰ 4-1 ਨਾਲ ਹਰਾ ਕੇ ਲੜੀ 'ਤੇ ਕੀਤਾ ਕਬਜ਼ਾ

**ਨਾਗਪੁਰ/ਬਿਊਰੋ ਨਿਊਜ਼ :** ਭਾਰਤ ਤੇ ਆਸਟ੍ਰੇਲੀਆ ਵਿਚਾਲੇ ਪੰਜ ਇਕ ਦਿਨਾ ਅੰਤਰਰਾਸ਼ਟਰੀ ਮੈਚਾਂ ਦੀ ਲੜੀ ਦਾ ਪੰਜਵਾਂ ਤੇ ਆਖ਼ਰੀ ਮੈਚ ਨਾਗਪੁਰ ਦੇ ਸਟੇਡੀਅਮ ਵਿਚ ਖੇਡਿਆ ਗਿਆ। ਇਸ ਆਖ਼ਰੀ ਮੈਚ ਵਿਚ ਭਾਰਤ ਨੇ ਆਸਟ੍ਰੇਲੀਆ ਨੂੰ 7 ਵਿਕਟਾਂ ਨਾਲ ਹਰਾ ਕੇ ਲੜੀ 'ਤੇ 4-1 ਨਾਲ ਕਬਜ਼ਾ ਕਰ ਲਿਆ। ਭਾਰਤ ਵਲੋਂ ਰੋਹਿਤ ਸ਼ਰਮਾ ਨੇ 109 ਗੇਂਦਾਂ ਵਿਚ 125 ਦੌੜਾਂ ਬਣਾਈਆਂ ਜਿਸ 'ਤੇ ਉਸ ਨੂੰ 'ਮੈਨ ਆਫ਼ ਦਾ ਮੈਚ' ਐਲਾਨਿਆ ਗਿਆ। ਇਸ ਤੋਂ ਪਹਿਲਾਂ ਲੜੀ ਗਵਾ ਚੁੱਕੀ ਆਸਟ੍ਰੇਲੀਆ ਦੀ ਟੀਮ ਪਿਛਲੇ ਮੈਚ ਵਿਚ ਲੈਅ ਵਿਚ ਤਾਂ ਆ ਗਈ ਸੀ ਪਰ ਇਸ ਆਖ਼ਰੀ ਮੈਚ ਵਿਚ ਆਸਟ੍ਰੇਲੀਆ ਦੀ ਬੱਲੇਬਾਜ਼ੀ ਠੀਕ ਹੀ ਰਹੀ। ਆਸਟ੍ਰੇਲੀਆ ਦੇ ਸਲਾਮੀ ਬੱਲੇਬਾਜ਼ ਡੇਵਿਡ ਵਾਰਨਰ ਨੇ ਇਸ ਮੈਚ ਵਿਚ ਵੀ ਚੰਗੀ ਬੱਲੇਬਾਜ਼ੀ ਕਰਦਿਆਂ 62 ਗੇਂਦਾਂ ਵਿਚ 53 ਦੌੜਾਂ ਦੀ ਅਰਧ ਸੈਂਕੜੇ ਵਾਲੀ ਪਾਰੀ ਖੇਡੀ ਜਿਸ ਵਿਚ ਉਸ ਦੇ 5 ਚੌਕੇ ਸ਼ਾਮਲ ਹਨ। ਡੇਵਿਡ ਨੇ ਹੀ ਆਸਟ੍ਰੇਲੀਆ ਵਲੋਂ ਸਭ ਤੋਂ ਵੱਧ ਦੌੜਾਂ ਬਣਾਈਆਂ। ਡੇਵਿਡ ਦਾ ਸਾਥ ਦਿੰਦਿਆਂ ਐਰਨ ਫਿੰਚ ਨੇ 36 ਗੇਂਦਾਂ ਦਾ ਸਾਹਮਣਾ ਕਰਦੇ ਹੋਏ 32 ਦੌੜਾਂ ਦਾ ਯੋਗਦਾਨ ਪਾਇਆ ਜਿਸ ਵਿਚ ਉਸ ਦੇ 6 ਚੌਕੇ ਸ਼ਾਮਲ ਹਨ। ਆਸਟ੍ਰੇਲੀਆ ਦੀ ਪਹਿਲੀ ਵਿਕਟ ਫਿੰਚ ਦੇ ਰੂਪ ਵਿਚ ਕੁੱਲ 66 ਦੌੜਾਂ 'ਤੇ ਡਿਗੀ, ਉਹ ਜਸਪ੍ਰੀਤ ਬੁਮਰਾਹ ਦੀ ਗੇਂਦ 'ਤੇ ਹਾਰਦਿਕ ਪਾਂਡਿਆ ਨੂੰ ਕੈਚ ਦੇ ਬੈਠਾ। 100 ਦੌੜਾਂ 'ਤੇ ਆਸਟ੍ਰੇਲੀਆਈ ਕਪਤਾਨ ਸਟੀਵ ਸਮਿਥ (16) ਨੂੰ ਕੇਦਾਰ ਯਾਦਵ ਨੇ ਐੱਲ. ਬੀ. ਡਬਲਿਊ. ਆਊਟ ਕਰ ਦਿੱਤਾ। ਆਸਟ੍ਰੇਲੀਆ ਦੀ ਤੀਜੀ ਵਿਕਟ ਡੇਵਿਡ ਦੇ ਰੂਪ ਵਿਚ 112 ਦੌੜਾਂ 'ਤੇ ਡਿਗੀ ਜੋ ਅਕਸ਼ਰ ਪਟੇਲ ਦੀ ਗੇਂਦ 'ਤੇ ਮਨੀਸ਼ ਪਾਂਡੇ ਹੱਥੋਂ ਕੈਚ ਆਊਟ ਹੋ ਗਿਆ। ਜਦਕਿ ਚੌਥੀ ਵਿਕਟ 'ਤੇ ਖੇਡ ਰਿਹਾ ਪੀਟਰ ਹੈਂਡਸਕੌਂਬ (13) ਵੀ ਸਸਤੇ ਹੀ ਵਿਚ ਆਊਟ ਹੋ ਗਿਆ। ਇਸ ਤੋਂ ਬਾਅਦ ਟ੍ਰੈਵਿਸ ਹੈੱਡ (42) ਤੇ ਮਰਕਸ ਸਟੋਏਨਿਸ (46) ਨੇ ਵਿਕਟ ਨੂੰ ਸੰਭਾਲਿਆ। ਕੁੱਲ 205 ਦੌੜਾਂ 'ਤੇ ਪੰਜਵੀ ਵਿਕਟ ਹੈੱਡ ਦੀ ਵੀ ਡਿਗ ਗਈ ਤੇ ਉਸ ਦੇ ਪੈਵੇਲੀਅਨ ਪਰਤਦੇ ਹੀ ਮਰਕਸ ਵੀ 210 ਦੌੜਾਂ 'ਤੇ ਆਊਟ ਹੋ ਗਿਆ। ਇਸ ਤੋਂ ਇਲਾਵਾ ਮੈਥਿਊ ਵੇਡ ਨੇ 20, ਜੇਮਜ਼ ਫਾਲਕਨਰ ਨੇ 12, ਪੈਟ ਕਿਊਮਿੰਸ ਨਾਬਾਦ (2) ਰਿਹਾ ਜਦਕਿ ਨਾਥਨ ਕੋਈ ਦੌੜ ਨਹੀਂ ਬਣਾ ਸਕਿਆ। ਇਸ ਤਰ੍ਹਾਂ ਆਸਟ੍ਰੇਲੀਆ ਨੇ ਨਿਰਧਾਰਤ 50 ਓਵਰਾਂ ਵਿਚ 9 ਵਿਕਟਾਂ ਗਵਾ ਕੇ 242 ਦੌੜਾਂ ਬਣਾਈਆਂ। ਭਾਰਤ ਵਲੋਂ ਸਭ ਤੋਂ ਵੱਧ ਵਿਕਟਾਂ ਅਕਸ਼ਰ ਪਟੇਲ (3) ਨੇ ਹਾਸਲ ਕੀਤੀਆਂ ਜਦਕਿ ਬੁਮਰਾਹ ਨੇ 2 ਅਤੇ ਭੁਵਨੇਸ਼ਵਰ, ਹਾਰਦਿਕ ਤੇ ਕੇਦਾਰ ਜਾਧਵ ਨੇ 1-1 ਵਿਕਟ ਪ੍ਰਾਪਤ ਕੀਤੀ।

## ਅਮਰੀਕਾ ਦੇ ਟਰੱਕ ਚਾਲਕਾਂ ਵਲੋਂ ਰੋਸ ਮੁਜ਼ਾਹਰੇ ਸ਼ੁਰੂ

ਬਣਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ 14 ਘੰਟੇ ਲਾਗ ਬੁੱਕ ਕਾਨੂੰਨ ਮੁਤਾਬਕ ਇਲੈਕਟ੍ਰੌਨਿਕ ਲਾਗ ਬੁੱਕ 'ਤੇ ਚੱਲਣਾ ਬਹੁਤ ਮੁਸ਼ਕਲ ਹੈ ਕਿਉਂਕਿ ਸ਼ਿੱਪਰ ਤੇ ਰਸੀਵਰ 7-7 ਘੰਟੇ ਟਰੱਕ ਨਹੀਂ ਲੱਦਦੇ। ਨਾ ਕੋਈ ਵੇਟਿੰਗ ਟਾਈਮ ਪੇਅ ਕਰਦਾ ਹੈ। ਉਨ੍ਹਾਂ ਕਿਹਾ, 'ਜੇਕਰ ਅਸੀਂ ਮਿਲਣ ਦੇ ਮਿੱਥੇ ਸਮੇਂ ਤੋਂ ਲੇਟ ਹੁੰਦੇ ਹਾਂ ਫਿਰ ਅੱਗੋਂ 48-48 ਘੰਟੇ ਮਿਲਣ ਦਾ ਸਮਾਂ ਨਹੀਂ ਮਿਲਦਾ ਫੇਰ ਇਲੈਕਟ੍ਰੌਨਿਕ ਲਾਗ ਬੁੱਕ ਨੂੰ ਮੰਨ ਕੇ ਅਸੀਂ ਘਰ ਕਿਵੇਂ ਤੋਰਾਂਗੇ..!' ਉਨ੍ਹਾਂ ਕਿਹਾ ਕਿ ਮੈਕਸੀਕੋ ਬਾਰਡਰ ਵਾਲੇ ਸ਼ਹਿਰਾਂ ਵਿੱਚ ਕਈ ਵਾਰੀ ਲੋਡ ਚੱਲਣ ਨੂੰ ਦਿਹਾੜੀ-ਦਿਹਾੜੀ ਪਾਰ ਹੋ ਜਾਂਦੀ ਹੈ। ਬਰੋਕਰ ਸੌ ਦੋ ਸੌ ਡਾਲਰ ਦੇ ਕੇ ਪੱਲ੍ਹਾ ਝਾੜ ਜਾਂਦਾ ਹੈ। ਡਰਾਈਵਰ ਟਰੱਕਾਂ ਦੇ ਭਾੜੇ ਵਧਾਉਣ ਦੇ ਨਾਲ-ਨਾਲ ਲੇਅਓਵਰ ਵੀ ਵਧਾਉਣ ਦੀ ਮੰਗ ਕਰ ਰਹੇ ਹਨ। ਉਨ੍ਹਾਂ ਨੇ ਇਹ ਵੀ ਮੰਗ ਕੀਤੀ ਕਿ ਬਹੁਤ ਸਾਰੀਆਂ ਥਾਂਵਾਂ 'ਤੇ ਉਨ੍ਹਾਂ ਨਾਲ ਮਾੜਾ ਵਿਹਾਰ ਕੀਤਾ ਜਾਂਦਾ ਹੈ। ਇਨ੍ਹਾਂ ਸਾਰੇ ਮਸਲਿਆਂ ਦੇ ਹੱਲ ਲਈ ਆਪਣੀ ਆਵਾਜ਼ ਸਰਕਾਰ ਦੇ ਕੰਨਾਂ ਤੱਕ ਪਹੁੰਚਾਉਣ ਲਈ ਡਰਾਈਵਰ ਕੰਮ ਕਾਰ ਛੱਡ ਕੇ ਇਹ ਰੋਸ ਮੁਜ਼ਾਹਰੇ ਕਰ ਰਹੇ ਹਨ।

**ਬੇਕਰਸਫੀਲਡ ਦੇ ਟਰੱਕਰ ਭਰਾਵਾਂ ਵੱਲੋਂ ਵੀ ਰੋਸ ਮੁਜ਼ਾਹਰਾ :**

ਈ.ਐਲ.ਡੀ. ਮੈਂਡਿਟ ਨੂੰ ਲੈ ਕੇ ਲੰਘੇ ਸੋਮਵਾਰ ਸਥਾਨਕ ਪੰਜਾਬੀ ਟਰੱਕ ਚਾਲਕ ਵੀਰਾਂ ਦੀ ਅਹਿਮ ਮੀਟਿੰਗ ਸਟੋਨ ਕਰੀਕ ਪਾਰਕ ਵਿੱਚ ਹੋਈ। ਜਿੱਥੇ ਸਮੂਹ ਟਰੱਕ ਕੰਪਨੀਆਂ ਦੇ ਮਾਲਕ, ਓਨਰ ਅਪਰੇਟਰ ਤੇ ਡਰਾਈਵਰ ਵੀਰਾਂ ਵਲੋਂ ਅਪ੍ਰੇਸ਼ਨ ਬਲਿਊ ਐਂਡ ਬਲੈਕ ਦੌਰਾਨ ਬੇਕਰਸਫੀਲਡ ਡਾਊਨ ਟਾਊਨ ਵਿੱਚ ਸਵੇਰੇ 10.00 ਤੋਂ ਦੁਪਹਿਰ 1.00 ਵਜੇ ਤਕ 1415 Truxtun ave Bakersfield,CA ਵਿਖੇ ਰੋਸ ਮੁਜ਼ਾਹਰਾ ਕੀਤ ਗਿਆ।

## ਗਿਆਨੀ ਗੁਰਮੁਖ ਸਿੰਘ ਦੇ ਭਰਾ ਨੇ ਸ਼੍ਰੋਮਣੀ ਕਮੇਟੀ ਦੀ ਨੌਕਰੀ ਤੋਂ ਦਿੱਤਾ ਅਸਤੀਫ਼ਾ

ਹੋਵੇਗਾ ਅਤੇ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ ਕਰਨ ਸਬੰਧੀ ਮਾਮਲੇ ਦੀਆਂ ਪਰਤਾਂ ਕਮਿਸ਼ਨ ਕੋਲ ਜੱਗ-ਜ਼ਾਹਰ ਕਰੇਗਾ। ਇਸ ਸਬੰਧੀ ਉਸ ਕੋਲ ਕਈ ਪੁਖ਼ਤਾ ਸਬੂਤ ਵੀ ਹਨ।

ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਨੇ ਭਾਈ ਹਿੰਮਤ ਸਿੰਘ ਦੇ ਅਸਤੀਫ਼ੇ ਸਬੰਧੀ ਅਗਿਆਨਤਾ ਪ੍ਰਗਟ ਕਰਦਿਆਂ ਆਖਿਆ ਕਿ ਦਫਤਰੀ ਸਮੇਂ ਤੱਕ ਉਸ ਦਾ ਅਸਤੀਫ਼ਾ ਨਹੀਂ ਪੁੱਜਿਆ ਸੀ। ਉਨ੍ਹਾਂ ਸਾਰੇ ਦੋਸ਼ਾਂ ਤੋਂ ਵੀ ਅਗਿਆਨਤਾ ਪ੍ਰਗਟਾਈ ਹੈ।

ਦੱਸਣਯੋਗ ਹੈ ਕਿ ਡੇਰਾ ਸਿਰਸਾ ਮੁਖੀ ਨੂੰ ਮੁਆਫ ਕਰਨ ਦੇ ਮਾਮਲੇ ਵਿੱਚ ਕਈ ਭੇਤ ਉਜਾਗਰ ਕੀਤੇ ਜਾਣ ਮਗਰੋਂ ਸ਼੍ਰੋਮਣੀ ਕਮੇਟੀ ਵੱਲੋਂ ਗਿਆਨੀ ਗੁਰਮੁਖ ਸਿੰਘ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਦੇ ਅਹੁਦੇ ਤੋਂ ਹਟਾ ਕੇ ਹਰਿਆਣਾ ਦੇ ਗੁਰਦੁਆਰਾ ਧਮਤਾਨ ਸਾਹਿਬ ਵਿਖੇ ਬਤੌਰ ਮੁੱਖ ਗ੍ਰੰਥੀ ਤਬਾਦਲਾ ਕਰ ਦਿੱਤਾ ਗਿਆ ਸੀ। ਇਸ ਦੌਰਾਨ ਉਨ੍ਹਾਂ ਦਾ ਕੁਆਰਟਰ ਖਾਲੀ ਕਰਾਉਣ ਲਈ ਬੱਤੀ-ਪਾਣੀ ਦਾ ਕੁਨੈਕਸ਼ਨ ਕੱਟ ਦਿੱਤਾ ਗਿਆ ਸੀ। ਉਸ ਤੋਂ ਬਾਅਦ ਉਸ ਦੇ ਭਰਾ ਹਿੰਮਤ ਸਿੰਘ ਦਾ ਤਬਾਦਲਾ ਵੀ ਅੰਮ੍ਰਿਤਸਰ ਤੋਂ ਹਰਿਆਣਾ ਵਿੱਚ ਕਰ ਦਿੱਤਾ ਗਿਆ ਸੀ।

## ਪਾਕਿਸਤਾਨੀ ਕੁਬੋਲਾਂ ਦਾ ਜਵਾਬ ਕੁਬੋਲਾਂ ਰਾਹੀਂ ਕਿਉਂ ?

ਅਮਰੀਕਾ ਪੁੱਜ ਰਿਹਾ ਹੈ। ਚੀਨ ਵਿੱਚ 609 ਅਰਬਪਤੀ ਹਨ, ਜਦ ਕਿ ਅਮਰੀਕਾ ਵਿੱਚ ਅਰਬਪਤੀਆਂ ਦੀ ਗਿਣਤੀ 552 ਹੈ। ਭਾਰਤ ਨੇ ਸਾਫਟਵੇਅਰ ਦੀਆਂ ਵੱਡੀਆਂ ਕੰਪਨੀਆਂ ਪੈਦਾ ਕੀਤੀਆਂ ਹਨ, ਜੋ ਵਿਦੇਸ਼ੀ ਬਾਜ਼ਾਰਾਂ 'ਤੇ ਨਿਰਭਰ ਹਨ, ਪਰ ਉਹ ਮੁਕੰਮਲ ਬ੍ਰਾਂਡ ਬਣਨ ਦੇ ਅਯੋਗ ਰਹੀਆਂ ਹਨ, ਪਰ ਚੀਨੀ ਉੱਦਮੀ ਨਵੇਂ ਕਾਰੋਬਾਰਾਂ ਨੂੰ ਸਫ਼ਲਤਾਪੂਰਬਕ ਚਲਾਉਣ ਲਈ ਚੀਨੀ ਬਾਜ਼ਾਰ ਨੂੰ ਵਰਤਣ ਦੇ ਯੋਗ ਰਹੇ ਹਨ ਅਤੇ ਉਹ ਵਿਦੇਸ਼ੀ ਬਾਜ਼ਾਰਾਂ ਵੱਲ ਵਧ ਰਹੇ ਹਨ।

ਤਿੰਨ ਸਾਲ ਪੁਰਾਣੀ ਕੰਪਨੀ ਨੀਓ ਦੇ ਬਾਨੀ ਨੇ ਬਿਨਾਂ ਡਰਾਇਵਰਾਂ ਦੇ ਚੱਲਣ ਵਾਲੀਆਂ ਕਾਰਾਂ ਤਿਆਰ ਕਰਨ ਲਈ ਕਲਾਊਡ ਕੰਪਿਊਟਿੰਗ, ਬਨਾਵਟੀ ਸੂਝਬੂਝ ਅਤੇ ਸੈਂਸਰਾਂ ਵਾਲੀਆਂ ਤਕਨਾਲੋਜੀਆਂ ਦਾ ਸੁਮੇਲ ਕੀਤਾ ਸੀ, ਪਰ ਭਾਰਤ ਹਾਲੇ ਵੀ ਵਾਹਨ ਚਲਾਉਣ ਦੇ ਵਾਜਬ ਹੁਨਰਾਂ ਤੇ ਸੜਕ 'ਤੇ ਸਹੀ ਢੰਗ ਨਾਲ ਚੱਲਣ ਦਾ ਮਾਦਾ ਯਕੀਨੀ ਬਣਾਉਣ ਲਈ ਡਰਾਈਵਿੰਗ ਟੈਸਟ ਲੈ ਰਿਹਾ ਹੈ। ਚੀਨ ਦੀ ਇੱਕ ਹੋਰ ਨਵੀਂ ਕੰਪਨੀ 'ਦੀਦੀ' ਕਾਰਾਂ ਮਿੰਨੀ ਬੱਸਾਂ/ਬੱਸਾਂ ਅਤੇ ਲਗਜ਼ਰੀ ਕਾਰਾਂ ਤਿਆਰ ਕਰਦੀ ਹੈ। 'ਦੀਦੀ' ਨੇ ਭਾਰਤ ਵਿਚ ਓਲਾ ਵਿੱਚ ਆਪਣਾ ਸਰਮਾਇਆ ਲਾਇਆ ਹੈ, ਦੱਖਣ-ਪੂਰਬੀ ਏਸ਼ੀਆ ਵਿੱਚ 'ਗਰੈਬ' (ਕੰਪਨੀ) ਨੂੰ ਆਪਣੇ ਮਾਇਕ ਅਧਿਕਾਰ ਹੇਠ ਲੈ ਲਿਆ।

ਦੂਜੇ ਪਾਸੇ ਭਾਰਤ ਨਿਰਮਾਣ ਤੇ ਰੋਜ਼ਗਾਰ ਪੈਦਾ ਕਰਨ ਦੇ ਮਾਮਲੇ ਵਿੱਚ ਪ੍ਰਧਾਨ ਮੰਤਰੀ ਵੱਲੋਂ ਲਾਏ ਗਏ ਨਾਅਰਿਆਂ ਨੂੰ ਅਮਲੀ ਰੂਪ ਦੇਣ ਤੋਂ ਅਯੋਗ ਰਿਹਾ ਹੈ। ਦੇਸ਼ ਨੂੰ ਚੀਨ ਤੇ ਗੁਆਂਢ ਦੀਆਂ ਸਾਰੀਆਂ ਨੀਤੀਆਂ 'ਤੇ ਖੋਜੀ ਕੂਟਨੀਤੀ ਨਾਲ ਮੁੜ ਵਿਚਾਰ ਕਰਨ ਦੀ ਲੋੜ ਹੈ। ਰੋਹਿੰਗੀਆ ਵਰਗੇ ਇਨਸਾਨੀਅਤ ਵਾਲੇ ਮੁੱਦੇ ਨੂੰ ਵੀ ਫਿਰਕੂ ਤੇ ਸੁਰੱਖਿਆ ਦੇ ਦ੍ਰਿਸ਼ਟੀਕੋਣ ਨਾਲ ਅਤੇ ਦਹਿਸ਼ਗਰਦੀ ਦੇ ਟਾਕਰੇ ਵਜੋਂ ਵੇਖਣਾ ਇੱਕ ਤਰ੍ਹਾਂ ਇਸਲਾਮ ਤੋਂ ਡਰਨ ਵਾਲੀ ਗੱਲ ਹੈ। ਅੱਠ ਸਾਰਕ ਦੇਸ਼ਾਂ ਵਿੱਚੋਂ ਚਾਰ ਵਿੱਚ ਮੁਸਲਿਮ ਬਹੁ-ਗਿਣਤੀ ਹੈ, ਕੀ ਅਜਿਹੇ ਦ੍ਰਿਸ਼ਟੀਕੋਣ ਨਾਲ ਆਂਢ-ਗੁਆਂਢ ਨੂੰ ਲੰਮਾ ਸਮਾਂ ਸਹੀ ਤਰੀਕੇ ਨਜਿੱਠਣ ਵਿੱਚ ਸਫ਼ਲਤਾ ਮਿਲ ਸਕੇਗੀ ? ਪਰ ਈਏਸੀ ਨੂੰ ਨਵਾਂ ਰੂਪ ਦੇਣ ਜਾਂ ਕੈਬਨਿਟ ਵਿੱਚ ਫੇਰ-ਬਦਲ ਨਾਲ ਕੋਈ ਗੱਲ ਬਣਦੀ ਹੈ ਤਾਂ ਮੋਦੀ ਨੂੰ ਤਬਦੀਲੀ ਉਦੋਂ ਤੱਕ ਪਸੰਦ ਹੈ, ਜਦੋਂ ਤਕ ਉਸ ਤਬਦੀਲੀ ਨੂੰ ਪਸੰਦ ਕੀਤਾ ਜਾਂਦਾ ਹੋਵੇ।


GLOBAL CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889